
ਵਰਿਆਮ

੩੯ਵਾਂ ਸਾਲ

ਮਈ ੨੦੧੧



ਸ. ਗੁਰਬਖਸ਼ ਸਿੰਘ ਮਠਾੜੂ ਦੀ ਪਾਕਿਸਤਾਨ ਯਾਤਰਾ ਬਾਰੇ ਲੇਖ ਸਫਾ ੨੯ 'ਤੇ



"ਬੇਨਿਆਜ਼ ਹਸਤੀ ਉਸਤਾਦ ਦਾਮਨ" ਪੁਸਤਕ ਦੀ ਘੁੰਡ ਚੁਕਾਈ ਸਮਾਗਮ ਲਾਹੌਰ ਸਮੇਂ ਪ੍ਰਧਾਨਗੀ ਮੰਡਲ ਵਿਚ ਬੈਠੇ ਵਖਾਈ ਦੇ ਰਹੇ ਹਨ, ਮਹੀਨੇਵਾਰ ਲਹਿਰਾਂ ਦੇ ਸੰਪਾਦਕ ਡਾ. ਸੱਯਦ ਅੱਖਤਰ ਹੁਸੈਨ ਅੱਖਤਰ, ਸ. ਜੈਤੇਗ ਸਿੰਘ ਅਨੰਤ, ਜਨਾਬ ਸ਼ਫਕਤ ਤਨਵੀਰ ਮਿਰਜ਼ਾ ਤੇ ਜਨਾਬ ਅਹਿਸਾਨ ਬਾਜਵਾ।



ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦੇ ਪਲੇਠੇ ਕਾਵਿ-ਸੰਗ੍ਰਹਿ 'ਹਰਫ਼ ਯਾਦਾਂ ਦੇ' ਦੇ ਲੋਕ ਅਰਪਣ ਹੋਣ ਸਮੇਂ- ਖੱਬਿਉਂ ਸੱਜੇ- ਪ੍ਰਿੰਸੀਪਲ ਅਮਰਜੀਤ ਕੌਰ ਨਾਜ਼, ਪੁਸਤਕ ਦੀ ਲੇਖਕਾ ਗੁਰਦੀਸ਼ ਕੌਰ ਗਰੇਵਾਲ, ਸਰਦਾਰ ਪੰਛੀ, ਪ੍ਰੋ. ਗੁਰਭਜਨ ਗਿੱਲ, ਪ੍ਰੋ. ਰਵਿੰਦਰ ਭੱਠਲ, ਸ. ਗੁਰਦਿੱਤ ਸਿੰਘ ਕੰਗ, ਸ੍ਰੀਮਤੀ ਮਮਤਾ ਆਸ਼ੂ ਕੌਂਸਲਰ।

ਵਿਛੜੀ ਜੀਵ ਆਤਮਾ



ਸ. ਇਕਬਾਲ ਸਿੰਘ ਝੱਬਰ

ਕਰੀਵਾਲਾ ਹਰਿਆਣਾ

ਵਰਿਆਮ

ਮਈ -੨੦੧੧

ਜਿਲਦ-੩੬

ਅੰਕ- ੭

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

email: wariammonthly@gmail.com

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸ. ਹੰਸਪਾਲ

ਸਰਦਾਰ ਹਰਵਿੰਦਰ ਸਿੰਘ ਹੰਸਪਾਲ ਦੇ ਨਾਂਅ ਦੇ ਸੰਬੰਧ ਵਿਚ ਖਬਰਾਂ ਵਿਚ ਬਹੁਤ ਚਰਚਾ ਰਹੀ ਹੈ। ਉਹਨਾਂ ਦੇ ਖਿਲਾਫ ਮਜ਼ਾਹਰੇ-ਵਖਾਵੇ ਵੀ ਹੋਏ ਹਨ ਅਤੇ ਉਹਨਾਂ ਦੇ ਪੁਤਲੇ ਵੀ ਸਾੜੇ ਗਏ ਹਨ।

ਹੰਸਪਾਲ ਜੀ ਪੰਜਾਬ ਸੂਬਾ ਕਾਂਗਰਸ ਦੇ ਪ੍ਰਧਾਨ ਵੀ ਰਹੇ ਹਨ ਅਤੇ ਪਾਰਲੀਮੈਂਟ (ਰਾਜ ਸਭਾ) ਦੇ ਲਗਾਤਾਰ ਦੋ ਵਾਰ (੧੨ ਸਾਲ) ਮੈਂਬਰ ਵੀ ਰਹੇ ਹਨ। ਉਹਨਾਂ ਦਾ ਜਨਮ ਹੁਣ ਵਾਲੇ ਪਾਕਿਸਤਾਨ ਦੇ ਜ਼ਿਲ੍ਹਾ ਸਿਆਲ ਕੋਟ-ਨਾਰੋਵਾਲ ਦੇ ਪਿੰਡ ਬਾਠਾਂ ਵਾਲੇ ਵਿਚ ਹੋਇਆ। ਉਹਨਾਂ ਦਾ ਪਰਿਵਾਰ ਇਕ ਪ੍ਰਸਿਧ ਇੰਜੀਨਅਰ ਪਰਿਵਾਰ ਸੀ। ਪਿਤਾ ਜੀ, ਤਾਇਆ ਜੀ ਖੰਡ ਦੀਆਂ ਮਿਲਾਂ ਵਿਚ ਚੀਫ ਇੰਜੀਨਅਰ ਰਹੇ। ਗੁਰੂ ਘਰ ਨਾਲ ਜੁੜੇ ਹੋਏ ਨਾਮ ਬਾਣੀ ਦੇ ਰਸੀਏ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਨੇੜਲੇ ਸਿੱਖ ਸੇਵਕਾਂ ਵਿਚੋਂ ਸਨ। ਇਹ ਪਰਿਵਾਰ ਭਾਰਤ ਵਿਚ ਯੂ.ਪੀ. ਦੀਆਂ ਵੱਖ-ਵੱਖ ਖੰਡ ਦੀਆਂ ਮਿਲਾਂ ਵਿਚ ਬਤੌਰ ਇੰਜੀਨਅਰ ਕੰਮ ਕਰਦਾ ਸੀ ਅਤੇ ਇਹਨਾਂ ਸਦਕਾ ਸੈਂਕੜੇ ਹੋਰ ਭਾਈਚਾਰੇ ਦੇ ਲੋਕ ਇਹਨਾਂ ਥਾਵਾਂ ਤੇ ਕਾਰਜਸ਼ੀਲ ਰਹੇ। ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲਿਆ। ਸ. ਹਰਵਿੰਦਰ ਸਿੰਘ ਹੰਸਪਾਲ ਬਿਜਨੌਰ ਯੂ.ਪੀ. ਵਿਚ ਰਹੇ ਅਤੇ ਅਲੀਗੜ੍ਹ ਯੂਨੀਵਰਸਟੀ ਵਿਚੋਂ ਬੀ. ਐਸ. ਸੀ. ਪਾਸ ਕਰ ਕੇ ਸਮੇਂ ਅਨੁਸਾਰ ਬਿਜਨੌਰ ਤੋਂ ਦਿੱਲੀ ਪਰਿਵਾਰ ਨਾਲ ਆ ਗਏ। ਕਈ ਥਾਵਾਂ ਤੇ ਇੰਨਜੀਅਨਰਿੰਗ ਨਾਲ ਸਬੰਧਤ ਕਾਰੋਬਾਰ ਵਿਚ ਰਹੇ। ਨਾਮਧਾਰੀ ਸਤਿਗੁਰੂ ਸਾਹਿਬਾਨ ਨਾਲ ਪੁਰਾਣਾ ਸੰਪਰਕ ਮੌਜੂਦਾ ਸਮੇਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਬਹੁਤ ਨਿਕਟ ਸੰਬੰਧਾਂ ਵਿਚ ਪ੍ਰਫੁਲਤ ਹੋਇਆ। ਹੰਸਪਾਲ ਦੀ ਮਿਠੀ ਬੋਲ ਬਾਣੀ ਹਰ ਇਕ ਨਾਲ ਸਨੇਹ ਪੂਰਵਕ ਮਿਲਣੀ ਅਤੇ ਸਤਿਗੁਰੂ ਜੀ ਦੀ ਵਿਸ਼ਵਾਸ ਪਾਤਰਤਾ ਕਾਰਨ ਉਹਨਾਂ ਦਾ ਜੀਵਨ ਲੋਕ ਹਤੈਸ਼ੀ ਕਾਰਜਾਂ ਲਈ ਹੀ ਅਰਪਨ ਹੋ ਗਿਆ। ਜੇ ਅਸੀਂ ਬਹੁਤੇ ਵਿਸਥਾਰ ਵਿਚ ਨਾ ਜਾਈਏ ਤਾਂ ਨਾਮਧਾਰੀ ਵਿਦਿਅਕ ਜਥੇ ਵਿਚ ਉਹਨਾਂ ਦਾ ਸਰਗਰਮ ਯੋਗ ਦਾਨ, ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਰਾਜਾ ਸਭਾ ਦੀ ਮੈਂਬਰੀ, ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਪ੍ਰਧਾਨਗੀ, ਬੈਂਕੋਕ ਅਤੇ ਮਿਲਵਾਇਕੀ ਕਾਨਫਰੰਸਾਂ ਦੀ ਸਫਲਤਾ ਅਤੇ ਪੰਜਾਬੀ ਦੇ ਲੇਖਕਾਂ ਪਤਰਕਾਰਾਂ ਨਾਲ ਉਹਨਾਂ ਦੀ ਹਰਮਨਪਿਆਰਤਾ ਪਿਛੇ ਵੀ ਉਹਨਾਂ ਦਾ ਸੱਚਾ-ਸੁਚਾ ਅਤੇ ਧਾਰਮਕ ਜੀਵਨ ਹੈ। ਇਹ ਸਿਲਸਲਾ ਉਹਨਾਂ ਵੱਲੋਂ ਬੈਂਕਾਂ ਅਤੇ ਵਿਦਿਅਕ ਅਦਾਰਿਆਂ ਦੀਆਂ ਚੇਅਰਮੈਨੀਆਂ ਸਤਿਜੁਗ ਅਖਬਾਰ ਦੇ ਮੈਨੇਜਿੰਗ ਸੰਪਾਦਕ, ਲਿਖਾਰੀ ਪਬਲਿਸ਼ਰ ਅਤੇ ਬੁਲਾਰੇ ਤਕ ਸਹਿਜੇ ਹੀ ਚਲਦਾ ਦਿਸ ਪੈਂਦਾ ਹੈ। ਉਹਨਾਂ ਦਾ ਮਿਲਵਰਤਨ ਵਾਲਾ ਅਤੇ ਹਰ ਇਕ ਦੇ ਕੰਮ ਆਉਣਾ ਵਾਲਾ ਸੁਭਾਅ ਵਿਰੋਧੀ ਧਿਰਾਂ ਵਿਚ ਵੀ ਉਹਨਾਂ ਨੂੰ ਮਕਬੂਲ ਬਣਾਉਂਦਾ ਸੀ। ਗੱਲਾਂ ਹੋਰ ਵੀ ਬਹੁਤ ਸਾਰੀਆਂ ਹੋ ਸਕਦੀਆਂ ਹਨ ਜੋ ਇਹ ਸਿੱਧ ਕਰਦੀਆਂ ਹਨ ਕਿ ਉਹ ਆਮ ਪ੍ਰਚਲਤ ਲੀਡਰਾਂ ਦੀ ਸ਼੍ਰੇਣੀ ਵਿਚੋਂ ਨਹੀਂ ਹਨ ਜੋ ਸਿਆਸੀ ਦਲਾਲੀ ਵਿਚੋਂ ਰੋਟੀ ਰੋਜ਼ੀ ਕਮਾ ਰਹੇ ਹਨ। ਅੱਜ ਉਹਨਾਂ ਵਿਰੁਧ ਮੁਜ਼ਾਹਰੇ ਕਰਨ ਵਾਲਿਆਂ ਵਿਚੋਂ ਬਹੁਤੀਆਂ ਸੂਰਤਾਂ ਪਹਿਚਾਣੀਆਂ ਜਾ ਸਕਦੀਆਂ ਹਨ ਜੋ ਕਿਸੇ ਨਾ ਕਿਸੇ ਸਮੇਂ ਉਹਨਾਂ ਦੇ ਸੰਪਰਕਾਂ ਤੋਂ ਫਾਇਦਾ ਲੈਂਦੇ ਰਹੇ ਹਨ ਪਰ ਅਸੀਂ ਇਸ ਗੱਲ ਦੇ ਵਿਸਥਾਰ ਵਿਚ ਨਹੀਂ ਜਾਣਾ।

ਤਾਜ਼ਾ ਗੱਲ ਹੈ ਕਿ ੧੪ ਅਪ੍ਰੈਲ ੨੦੧੧ ਨੂੰ "ਹੈਡਲਾਈਨਜ਼ ਟੂ. ਡੇ ਨਾਮ ਦੇ ਇਕ ਪ੍ਰਾਈਵੇਟ ਟੀ.ਵੀ. ਚੈਨਲ ਨੇ ਇਕ ਸਨਸਨੀ ਖੇਜ਼ ਪ੍ਰੋਗਰਾਮ ਟੈਲੀਕਾਸਟ ਕੀਤਾ ਜਿਸ ਵਿਚ ਚੈਨਲ ਵੱਲੋਂ ਇਹ ਆਖਿਆ ਗਿਆ ਕਿ ਸ. ਹੰਸਪਾਲ ਨੇ ੧੯੮੪ ਦੇ ਦਿੱਲੀ ਸਿੱਖ ਦੰਗਿਆਂ ਦੇ ਦੋਸ਼ੀ ਸਾਬਕਾ ਕਾਂਗਰਸੀ ਐਮ. ਪੀ. ਸਜਨ ਕੁਮਾਰ ਦੇ ਹੱਕ ਵਿੱਚ ਮੁਖ ਗਵਾਹ ਬੀਬੀ ਨਿਰਪ੍ਰੀਤ ਕੌਰ ਤੇ ਦਬਾਅ ਪਾਇਆ ਅਤੇ ਗਵਾਹ ਬੀਬੀ ਨੂੰ ਤਿੰਨ ਕਰੋੜ ਰੁਪਏ ਰਿਸ਼ਵਤ ਦੇਣ ਦੀ ਪ੍ਰੇਸ਼ਕਸ਼ ਕੀਤੀ ਸਜਨ ਕੁਮਾਰ ਦੇ ਹੱਕ ਵਿਚ ਭੁਗਤਣ ਲਈ। ਇਸ ਖ਼ਬਰ ਨੂੰ ਅਖ਼ਬਾਰਾਂ ਨੇ ਚੱਕ ਲਿਆ ਅਤੇ ਅਕਾਲੀ ਦਲ ਬਾਦਲ ਦੇ ਯੂਥ ਵਿੰਗ ਨੇ ਥਾਂ-ਥਾਂ ਮੁਜ਼ਾਹਰੇ ਕਰ ਕੇ ਗੁਰਸਿਖ ਹੰਸਪਾਲ ਦੇ ਪੁਤਲੇ ਫੂਕੇ, ਅਖ਼ਬਾਰਾਂ ਨੇ ਤਸਵੀਰਾਂ ਖਿਚੀਆਂ ਛਾਪੀਆਂ ਅਤੇ ਲੋਕਲ ਟੀ.ਵੀ. ਚੈਨਲਾਂ ਨੇ ਵੀ ਪ੍ਰਦਰਸ਼ਤ ਕੀਤਾ। ਲਾ ਲਾ ਲਾਲਾ ਹੋ ਗਈ ਤਿੰਨ ਕੋਰੜ, ਤਿੰਨ ਕੋਰੜ ਦੀ....

ਸਿਧੀ ਗੱਲ ਹੈ ਕਿ ਜੇ ਕਿਸੇ ਗਵਾਹ ਤੇ ਦਬਾਅ ਪਾਇਆ ਜਾਂਦਾ ਹੈ ਤਾਂ ਉਹ ਸਿੱਧਾ ਅਦਾਲਤ ਨੂੰ ਕਹਿ ਸਕਦਾ ਹੈ। ਜੇ ਕੇਸ ਅਦਾਲਤ ਦੇ ਸਾਹਮਣੇ ਹੈ ਉਹ ਉਸ ਨੇ ਫੈਸਲਾ ਦੇਣਾ ਹੈ ਪਰ ਅਸਲ ਗੱਲ ਇਸ ਤੋਂ ਉਲਟ ਹੈ। ਇਹ ਸਾਰਾ ਕੁਝ ਤਾਂ ਅਦਾਲਤ ਤੇ ਦਬਾਅ ਪਾਉਣ ਲਈ ਹੋ ਰਿਹਾ ਜਾਪਦਾ ਹੈ।

ਅਸੀਂ ਮੰਨਦੇ ਹਾਂ ਕਿ ਕਈ ਗੱਲਾਂ ਐਸੀਆਂ ਬਰਦਾਸ਼ਤ ਤੋਂ ਬਾਹਰ ਹੁੰਦੀਆਂ ਹਨ ਕਿ ਬੰਦਾ ਆਪਣੇ ਆਪ ਤੇ ਕਾਬੂ ਨਹੀਂ ਰੱਖ ਸਕਦਾ ਅਤੇ ਗਵਾਹ ਤੇ ਦਬਾਅ ਵਾਲੀ ਗੱਲ ਵੀ ਐਸੀ ਹੀ ਸੀ। ਪਰ ਅਸਲ ਵਿਚ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਗੱਲ ਦਾ ਪਤਾ ਬੀਬੀ ਨੂੰ ੨੦ ਮਈ ੨੦੧੦ ਦਾ ਹੈ ਜਿਸ ਦਿਨ ਖੁਫੀਆ ਕੈਮਰੇ ਨਾਲ ਪਹਿਲਾ ਸਟਿੰਗ ਅਪਰੇਸ਼ਨ ਹੋਇਆ ਸੀ। ਪਰ ਰੌਲਾ ਪਾਇਆ ਇਕ ਸਾਲ ਬਾਦ। ਇਹ ਉਵੇਂ ਹੈ ਕਿ ਬੰਦਾ ਅਜ ਮਰਿਆ ਹੈ ਇਸ ਨੂੰ ਰੋਵਾਂਗੇ ਸਾਲ ਬਾਦ ਜਦੋਂ ਵਿਹਲ ਹੋਇਆ। ਹੋਰ ਜ਼ਰੂਰੀ ਗੱਲ ਕਿ ਦੂਸਰਾ ਸਟਿੰਗ ਅਪ੍ਰੇਸ਼ਨ ਮਾਰਚ ੨੦੧੧ ਵਿਚ ਹੋਇਆ ਅਤੇ ਚੈਨਲ ਦੇ ਦੋਹਾਂ ਨੂੰ ਮਿਕਸ ਕਰ ਕੇ ੧੪ ਅਪ੍ਰੈਲ ੨੦੧੧ ਨੂੰ ਚਲਾਇਆ। ਸਭ ਤੋਂ ਵਧ ਅਨਹੋਣੀ ਗੱਲ ਇਹ ਕਿ ਟੀ.ਵੀ. ਉਤੇ ਨਾ ਤਾ ਦਿਖਾਇਆ ਕਿ ਤਿੰਨ ਕਰੋੜ ਦੀ ਕੋਈ ਗੱਲ ਹੋਈ ਹੈ ਅਤੇ ਨਾ ਹੀ ਕਿਤੇ ਸਜਨ ਕੁਮਾਰ ਦਾ ਨਾਂ ਆਇਆ ਹੈ। ਇਹ ਗੱਲਾਂ ਟੀ.ਵੀ. ਚੈਨਲ ਪ੍ਰਤੱਖ ਦਿਖਾ ਨਹੀਂ ਸਕਿਆ ਅਤੇ ਕਾਹਦਾ ਸਬੂਤ ਤੇ ਕਾਹਦਾ ਸਟਿੰਗ ਅਪ੍ਰੇਸ਼ਨ ? ਤਿੰਨ ਕਰੋੜ ਦੀ ਗੱਲ ਬੀਬੀ ਦੇ ਕਹਿਣ ਤੇ ਨਸ਼ਰ ਕੀਤੀ ਗਈ ਹੈ। ਜ਼ਰੂਰੀ ਨੁਕਤਾ ਇਹ ਵੀ ਹੈ ਕਿ ਸ. ਹੰਸਪਾਲ ਬੀਬੀ ਕੋਲ ਨਹੀਂ ਗਏ। ਉਹ ਆਪ ਹੰਸਪਾਲ ਦੇ ਦਫਤਰ ਜਾਂਦੀ ਰਹੀ ਹੈ। ਕੀਹ ਗੱਲ ਸੀ ਅਤੇ ਕਿਉਂ ? ਤੁਸੀਂ ਹੁਕਮਰਾਨ ਪਾਰਟੀ ਦੇ ਲੀਡਰ ਕੋਲ ਕੀ ਕਰਨ ਜਾਂਦੇ ਹੋ ?

ਦੋ ਵਾਰ ਖੁਫੀਆ ਕੈਮਰੇ ਤੇ ਗੱਲ ਬਾਤ ਰਿਕਾਰਡ ਕੀਤੀ ਗਈ ਅਤੇ ਇਹਦੇ ਵਿਚਕਾਰ ਹੀ ੬ ਜਨਵਰੀ ਤੋਂ ੨ ਫਰਵਰੀ ਤੱਕ ੨੦੧੧ ਤੱਕ ਅਦਾਲਤ ਵਿਚ ਬੀਬੀ ਨਿਰਪ੍ਰੀਤ ਕੌਰ ਦੀ ਗਵਾਹੀ ਵੀ ਹੋ ਗਈ। ਹੁਣ ਸਿਆਣੇ ਬੰਦੇ ਸੁਹਿਰਦ ਪਾਠਕ ਸੋਚਣ ਕਿ ਇਹ ਕੀਹ ਤਮਾਸ਼ਾ ਕੀਤਾ ਗਿਆ ਹੈ। ਇਸ ਦਾ ਮੰਤਵ ਇਕੋ ਇਕ ਹੈ ਸਿਆਸੀ ਖੇਡ ਖੇਡਣਾ।

ਹਰ ਇਲੈਕਸ਼ਨ ਤੋਂ ਪਹਿਲਾ ਸਜਨ ਕੁਮਾਰ ਟਾਈਟਲਰ ਵਾਲਾ ਇਹ ਸ਼ੋਸ਼ਾ ਛੱਡਿਆ ਜਾਂਦਾ ਹੈ। ਫਿਰ ਚੁੱਪ। ਸਤਾਈਵਾਂ ਸਾਲ ਚਲ ਰਿਹਾ ਹੈ। ਸਰਕਾਰਾਂ ਕਾਂਗਰਸ ਦੀਆਂ ਵੀ ਆਈਆਂ ਗਈਆਂ ਹਨ, ਅਕਾਲੀਆਂ ਭਾਰਤੀ ਜਨਤਾ ਪਾਰਟੀਆਂ ਦੀਆਂ ਕੇਂਦਰ ਵਿਚ ਵੀ ਤੇ ਪੰਜਾਬ ਵਿਚ ਵੀ। ਅਦਾਲਤਾਂ 'ਚ ਕੇਸ ਵਿਚ ਲਟਕਦੇ ਆ ਰਹੇ ਹਨ। ਇਹਨਾਂ ਦਾ ਕੀ ਬਣਨਾ ਹੈ ? ਗੁਰੂ ਭਲੀ ਕਰੇ ਪਰ ਦੰਗਾਂ ਪੀੜਤਾਂ ਦੀ ਨਵੀਂ ਪੀੜ੍ਹੀ, ਆ ਗਈ ਹੈ ਉਹਨਾਂ ਬਾਰੇ ਹਿਤੈਸ਼ੀਆਂ ਨੂੰ ਸੋਚਣਾ ਚਾਹੀਦਾ ਹੈ। ਸਿਆਸੀ ਭੇੜ, ਫਾਇਦੇ ਨੁਕਸਤਾਨ ਤਾਂ ਚਲਦੇ ਰਹਿਣੇ ਹਨ ਸਦਾ ਪਾਤਸ਼ਾਹੀ ਤਾਂ ਕਿਸੇ ਦੀ ਨਹੀਂ ਰਹੀ। ਹੰਸਪਾਲ ਸਾਹਿਬ ਸੰਨ ੧੯੮੪ ਦੇ ਦੰਗਿਆਂ ਵਿਚ ਆਪ ਦੀ ਬੁਰੀ ਤਰ੍ਹਾਂ ਫਸ ਗਏ ਸਨ। ਮਸਾਂ ਬਚੇ ਸਨ। ਉਹਨਾਂ ਦੀ ਮਾਨਸਿਕਤਾ ਦਾ ਸਭ ਨੂੰ ਤਾਂ ਪਤਾ ਹੈ ਪਰ ਨਿਤ ਵਿਖਾਵੇ ਕਰਨ ਵਾਲੇ ਐਕਸਪਰਟ ਬੰਦਿਆ ਦਾ ਕੀ ਕੀਤਾ ਜਾਵੇ ? ਅਤੇ ਕੱਚ ਘਰੜ ਸਟਿੰਗ ਅਪ੍ਰੇਸ਼ਨ ਕਰਨ ਵਾਲਿਆਂ ਨੂੰ ਕੌਣ ਸਿਝੇਗਾ ? ਹੰਸਪਾਲ ਸਿਆਣੇ ਬੰਦੇ ਹਨ (ਪਰ ਪਰੇਸ਼ਾਨ) ਉਹਨਾਂ ਦੇ ਸਾਥੀ ਵੀ ਸਿਆਣੇ ਹਨ। ਉਹ ਸੋਚ ਸਮਝ ਕੇ ਕੁਝ ਕਰਨ ਗੇ ਪਰ ਇਹਨਾਂ ਵਾਂਗ ਨਹੀਂ। ਉਹਨਾਂ ਦੀ ਪਾਰਟੀ ਕੀਹ ਕਰਦੀ ਹੈ ?.... ਸ਼ਾਇਦ ਸਾਰੀਆਂ ਧਿਰਾਂ ਚੋਣਾਂ ਦੇ ਸਿਟੇ ਉਡੀਕਣਗੀਆਂ। ਮਾਮਲਾ ਅਦਾਲਤ ਵਿਚ ਹੈ ਅਦਾਲਤ ਦਾ ਸਤਿਕਾਰ ਕਰਦਿਆਂ ਅਜਿਹੇ ਫੈਸਲੇ ਉਸ ਤੋਂ ਛਡਣੇ ਚਾਹੀਦੇ ਹਨ।

ਬਹੁਤ ਸਾਰੇ ਬੰਦਿਆਂ ਨੇ ਇਸ ਕਾਂਡ ਦੇ ਬਹਾਨੇ ਅਖ਼ਬਾਰਾਂ ਵਿਚ ਤਸਵੀਰਾਂ ਲਵਾ ਲਈਆਂ ਹਨ। ਕੁਝ ਨਾ ਮਾਲੂਮ ਬੰਦਿਆਂ ਨੇ 'ਨਾਮਧਾਰੀ ਭਾਈਚਾਰੇ' ਵੱਲੋਂ ਹੰਸਪਾਲ ਦੇ ਅਸਤੀਫੇ ਦੇ ਬਿਆਨ ਵੀ ਦਾਗ ਦਿੱਤੇ ਹਨ। ਇਧਰੋਂ ਉਧਰੋਂ ਪੁੱਛ ਗਿਛ ਕੇ ਇਕ ਅਖਬਾਰ ਨੇ ਉਹਨਾਂ ਦੀ ਨਾਮਧਾਰੀ ਦਰਬਾਰ ਤੋਂ ਅਸਤੀਫੇ ਦੀ ਨਿਰਮੂਲ ਖ਼ਬਰ ਵੀ ਛਾਪ ਦਿੱਤੀ ਹੈ। ਸਰਕਾਰੀ ਬੰਦਿਆਂ ਕੋਲ ਤਾਂ ਪੂਰੇ ਮਹਿਕਮੇ ਹਨ ਅਜਿਹੀਆਂ ਖ਼ਬਰਾਂ ਦੇ ਖੰਡਨ ਮੰਡਨ ਵਾਸਤੇ। ਇਸ ਜੁੱਗ ਵਿਚ ਅਜਿਹੀ ਗੱਲਾਂ ਦਾ ਸਾਹਮਣਾ ਤਾਂ ਕਰਨਾ ਪੈਣਾ ਹੈ। ਨਾਮਧਾਰੀ ਸਮਾਜ ਪਿਛਲੇ ਡੇਢ ਸੌ ਸਾਲ ਤੋਂ ਇਹਨਾਂ ਊਜਾਂ, ਖਬਰਾਂ ਰਿਪੋਰਟਾਂ ਇਲਜ਼ਾਮਾਂ ਭੰਡੀ ਪਰਚਾਰ ਦਾ ਸਾਹਮਣਾ ਕਰਦਾ ਆਇਅਆ ਹੈ। ਇਹ ਕੋਈ ਨਵੀਂ ਗੱਲ ਨਹੀਂ ਅਗੇ ਵੀ ਗੁਰੂ ਕਿਰਪਾ ਨਾਲ ਸਾਬਤ ਕਦਮ ਰਿਹੇ ਹੈ। ਹੁਣ ਵੀ ਦੂਣ ਸਵਾਇਆ ਹੀ ਰਹੇਗਾ।

ਸ. ਅਵਤਾਰ ਸਿੰਘ ਨਾਮਧਾਰੀ ਦਾ ਕਤਲ

ਹੰਸਪਾਲ ਖ਼ਬਰਾਂ ਦੇ ਦਿਨਾਂ ਵਿਚ ਭਾਵ ਵਿਸਾਖੀ ਦੇ ਆਲੇ ਦੁਆਲੇ ਹੀ ਸੰਤ ਅਵਤਾਰ ਸਿੰਘ ਮੁਹਾਲੀ-ਅਮਰਾਸਰ ਦੇ ਕਤਲ ਦੀ ਖ਼ਬਰ ਵੀ ਚਰਚਾ ਵਿਚ ਰਹੀ ਹੈ। ਬਹੁਤ ਹੀ ਗੁਰਮੁਖ ਅਤੇ ਨਿਰਮਾਣ ਪੁਰਸ਼ ਸੰਤ ਪੂਰਨ ਸਿੰਘ ਦੇ ਪੁੱਤਰ ਅਵਤਾਰ ਸਿੰਘ ਬਾਰੇ ਉਹਨਾਂ ਦੇ ਵਿਰੋਧੀ ਵੀ ਮੰਨਦੇ ਹਨ ਕਿ ਉਹ ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਨੂੰ ਮੰਨਣ ਵਿਚ ਆਪਣੀ ਮਿਸਾਲ ਆਪ ਸਨ। ਸਤਿਗੁਰੂ ਸਾਹਿਬ ਜੀ ਦੀ ਸਿਹਤ ਬਾਰੇ ਚਰਚਾ ਕਰਦਿਆਂ ਕਿਸੇ ਅਨਸੁਖਾਵੀ ਕਿਆਸ ਆਰਾਈ, ਭਾਣੇ ਦੇ ਵਾਪਰਨ ਦੇ ਖਦਸ਼ੇ ਬਾਰੇ ਉਹਨਾਂ ਕਿਹਾ ਸੀ ਕਿ ਮੇਰੀ ਅਰਦਾਸ ਹੈ ਕਿ ਇਹੋ ਜਿਹਾ ਕੁਝ ਅਸੀਂ ਆਪਣੀ ਅਖੀਂ ਨਾ ਵੇਖੀਏ ਉਸ ਤੋਂ ਪਹਿਲਾਂ ਹੀ ਚਲੇ ਜਾਈਏ। ਇਹ ਯਾਦ ਆ ਰਿਹਾ ਹੈ।

ਉਹਨਾਂ ਦਾ ਕਤਲ ਬਹੁਤ ਅਣਸੁਖਾਵੀਂ ਘਟਨਾ ਹੈ। ਅਖ਼ਬਾਰ ਦੀ ਖ਼ਬਰ ਹੈ ਕਿ ਪੰਜਾਬ ਵਿਚ ਹਰ ਦੋ ਦਿਨਾਂ ਵਿਚ ਪੰਜ ਕਤਲ ਹੋ ਰਹੇ ਹਨ। ਇਸ ਕਥਨ ਦੀ ਗਵਾਹੀ ਵਿਚ ਅਖ਼ਬਾਰਾਂ ਦੇ ਵਰਕੇ ਭਰੇ ਪਏ ਹਨ। ਇਹ ਸਤਰਾਂ ਲਿਖਦਿਆਂ ਵੀ ਜਲੰਧਰ ਵਿਚ ਇਕ ਅਹਿਮ ਵਿਅਕਤੀ ਵਲੋਂ ਅਹਿਮ ਵਿਅਕਤੀ (ਦੋਸਤ) ਦੇ ਕਤਲ ਵਿਚ ਵੱਡੇ-ਵੱਡੇ ਸਿਆਸੀ ਲੋਕਾਂ ਦੇ ਨਾਂਅ ਹਨ। ਸਰਕਾਰ ਦੇ ਸਿਰੇ ਤੇ ਇਹ ਭਾਰੀ ਜ਼ਿਮੇਵਾਰੀ ਹੈ ਕਿ ਇਸ ਰੁਝਾਨ ਨੂੰ ਰੋਕਣ ਲਈ ਸਾਰਥਕ ਕਦਮ ਪੁੱਟੇ।

ਪੰਜਾਬ ਨੇ ਬੜੇ ਮਾੜੇ ਦਿਨ ਦੇਖੇ ਹਨ। ਸਰਕਾਰ, ਸਿਆਸੀ ਪਾਰਟੀਆਂ ਅਤੇ ਮੀਡੀਆਂ, ਅਖ਼ਬਾਰਾਂ ਟੀ.ਵੀ. ਤੇ ਹੋਰ ਪ੍ਰਸਾਰ ਪ੍ਰਚਾਰ ਸਾਧਨਾ ਦੀ ਵੀ ਭਾਰੀ ਜ਼ਿੰਮੇਵਾਰੀ ਬਣਦੀ ਹੈ। ਨਾਮਧਾਰੀ ਭਾਈਚਾਰੇ ਨੂੰ ਵੀ ਬੇਨਤੀ ਹੈ ਕਿ ਆਪਣੀ ਰਵਾਇਤੀ ਸਹਿਜ ਅਵਸਥਾ ਠਰੰਮੇ ਅਤੇ ਨਾਮ ਬਾਣੀ ਦੀ ਓਟ ਨਾਲ ਇਸ ਮੁਸ਼ਕਲ ਸਮੇਂ ਨੂੰ ਗੁਰੂ ਆਸਰੇ ਪਾਰ ਕਰਨ। ਸਾਡੀ ਅਤਵਤਾਰ ਸਿੰਘ ਜੀ ਦੇ ਪਰਿਵਾਰ ਅਤੇ ਮਿਤਰ ਮੰਡਲ ਨਾਲ ਡੂੰਘੀ ਹਮਦਰਦੀ ਹੈ।

ਜਲੰਧਰ ਵਿਚ ਪੁਸਤਕ ਮੇਲਾ

ਜਲੰਧਰ ਵਿਚ ੨ ਤੋਂ ੧੦ ਅਪ੍ਰੈਲ ਤਕ ਦੇਸ਼ ਭਗਤ ਯਾਦਗਾਰ ਪਰੀਸਰ ਵਿਚ ਨੈਸ਼ਨਲ ਬੁੱਕ ਟਰੱਸਟ ਵੱਲੋਂ ਪੁਸਤਕ ਮੇਲਾ ਲਾਇਆ ਗਿਆ। ਪੁਸਤਕ, ਕਿਤਾਬ, ਗ੍ਰੰਥ ਵੇਦ ਗਿਆਨ ਦਾ ਭੰਡਾਰ ਮੰਨੇ ਗਏ ਹਨ। ਜਿਵੇਂ ਭਾਂਡੇ ਵਿਚ ਪਹਿਲਾਂ ਸਮਗਰੀ ਪਾਈ ਜਾਂਦੀ ਹੈ ਸਾਮਾਨ ਪੈਸੇ ਜੋ ਕੁਝ ਵੀ ਹੋਵੇ ਅਤੇ ਲੋੜ ਪੈਣ ਤੇ ਉਸ ਵਿਚੋਂ ਉਹ ਸਾਮਾਨ ਵਾਪਸ ਪ੍ਰਾਪਤ ਹੋ ਜਾਂਦਾ ਹੈ। ਤਿਵੇਂ ਗਿਆਨ ਦੇ ਭੰਡਾਰਨ ਵਾਸਤੇ ਪੁਸਤਕ ਹੁੰਦੀ ਹੈ। ਜਦੋਂ ਗਿਆਨ-ਵਿਚਾਰ ਲਿਖਤ ਵਿਚ ਆ ਕੇ ਪੁਸਤਕ ਦਾ ਰੂਪ ਲੈਂਦਾ ਹੈ ਤਾਂ ਜਦੋਂ ਮਰਜ਼ੀ ਕਿਸੇ ਵੀ ਸਮੇਂ ਉਸ ਪੁਸਤਕ ਵਿਚੋਂ ਇਨਸਾਨ ਗਿਆਨ ਵਾਪਸ ਲੈ ਸਕਦਾ ਹੈ। ਇਸ ਤਰ੍ਹਾਂ ਸਦੀਆਂ ਦਾ ਗਿਆਨ ਜਮਾਂ ਹੋਇਆ ਮਨੁਖਤਾ ਦੇ ਕੰਮ ਆਉਂਦਾ ਹੈ। ਅੱਜ ਦੇ ਯੁਗ ਵਿਚ ਪੁਸਤਕਾਂ ਛੱਪ ਵੀ ਬਹੁਤ ਰਹੀਆਂ ਹਨ ਪਰ ਉਹਨਾਂ ਦੇ ਨਿਕਾਸ (ਵਿਕਰੀ) ਦੀ ਸਮਸਿਆਂ ਦਾ ਵੀ ਆਮ ਚਰਚਾ ਰਹਿੰਦਾ ਹੈ। ਖਾਸ ਕਰਕੇ ਪੰਜਾਬੀ ਪੁਸਤਕਾਂ ਨਾਲ ਤਾਂ ਇਹ ਗੱਲ ਹੈ। ਇਸ ਪੁਸਤਕ ਵੇਲੇ ਵਿਚ ਇਕ ਖਾਸ ਸਮਾਗਮ ਹੀ ਇਸ ਮਸਲੇ ਤੇ ਲਾਇਆ ਗਿਆ। ਟਰੱਸਟ ਵੱਲੋਂ ਲਾਏ ਗਏ ਪੁਸਤਕ ਮੇਲਿਆਂ ਵਿਚੋਂ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਈ ਕਿ ਬੰਗਾਲ ਬਿਹਾਰ ਵਰਗੇ ਖਿਤਿਆਂ ਵਿਚ ਲੋਕ ਭਾਰੀ ਗਿਣਤੀ ਵਿਚ ਅਜਿਹੇ ਮੇਲਿਆਂ ਵਿਚ ਟਿਕਟ ਖਰਚ ਕੇ ਵੀ ਸ਼ਾਮਲ ਹੁੰਦੇ ਹਨ।

ਪੰਜਾਬ ਵਿਚ ਬਠਿੰਡੇ ਵਿਚ ਲਾਏ ਮੇਲੇ ਵਿਚ ਪਛੜੇ ਸਮਝੇ ਜਾਂਦੇ ਮਾਲਵੇ ਖੇਤਰ ਦੇ ਲੋਕ ਹੁੰਮਾ ਹੁਮਾ ਕੇ ਆਏ। ਜਲੰਧਰ ਵਿਚ ਵੀ ਨਿਰਧਾਰਤ ਟੀਚੇ ਪੰਜਾਹ ਲੱਖ ਤੋਂ ਉਪਰ ਰੁਪਏ ਦੀਆਂ ਪੁਸਤਕਾਂ ਵਿਕ ਗਈਆਂ। ਗੱਲ ਸਪਸ਼ਟ ਹੋਈ ਕਿ ਪੁਸਤਕਾਂ ਨਾ ਖਰੀਦਣ ਦੀ ਪਾਠਕਾਂ ਦੀ ਰੁਚੀ ਨੂੰ ਪਾਠਕਾਂ ਨੂੰ ਪੁਸਤਕ ਆਸਾਨੀ ਨਾਲ ਉਪਲਬਦ ਕਰਾਉਣ ਨਾਲ ਰੋਕਿਆ ਜਾ ਸਕਦਾ ਹੈ। ਜਿੰਨੀ ਦੂਰ ਤਕ ਪੁਸਤਕ ਛਾਪਣ ਵਾਲੇ ਪਹੁੰਚ ਕਰਣਗੇ ਉਨੀ ਦੂਰ ਤਕ ਵਿਚ ਪੁਸਤਕ ਦੀ ਪਹੁੰਚ ਹੋਵੇਗੀ।

ਜਲੰਧਰ ਵਿਚ ਏਨੇ ਦਿਨ ਲੇਖਕਾਂ ਪਾਠਕਾਂ ਦਾ ਮੇਲਾ ਲਗਾ ਰਿਹਾ। ਹਰ ਰੋਜ਼ ਟਰੱਸਟ ਵੱਲੋਂ ਅਤੇ ਹੋਰ ਲੋਕਾਂ ਵੱਲੋਂ ਟਰੱਸਟ ਦੀ ਮਦਦ ਨਾਲ ਸਮਾਗਮ, ਗੋਸ਼ਟੀਆਂ, ਕਵੀ ਦਰਬਾਰ, ਗੀਤ ਸੰਗੀਤ ਅਤੇ ਮਿਲਣੀਆਂ ਦੇ ਪ੍ਰੋਗਰਾਮ ਚਲਦੇ ਰਹੇ। ਇਸ ਕਾਮਯਾਬ ਆਯੋਜਨ ਲਈ ਨੈਸ਼ਨਲ ਬੁਕ ਟਰੱਸਟ ਅਤੇ ਇਸ ਦੇ ਕਰਤਾ ਧਰਤਾ, ਸੰਪਾਦਕ ਅਤੇ ਸਹਿ ਡਾਇਰੈਕਟਰ ਨੌਜਵਾਨ ਸ. ਬਲਦੇਵ ਸਿੰਘ ਬਦਨ ਵਧਾਈ ਦੇ ਪਾਤਰ ਹਨ।

—ਜਗਦੀਸ਼ ਸਿੰਘ ਵਰਿਆਮ

ਨਾਮਧਾਰੀ ਸੰਗਤ- ਸਹਿਜ ਦੀ ਪਰੰਪਰਾ

ਤਰਲੋਚਨ ਸਿੰਘ
ਸਾਬਕਾ ਚੇਅਰਮੈਨ,
ਘੱਟ ਗਿਣਤੀ ਰਾਸ਼ਟਰੀ ਕਮਿਸ਼ਨ



ਇਟਲੀ ਦੇ ਇਤਿਹਾਸਕ ਤੇ ਧਾਰਮਕ ਸ਼ਹਿਰ ਆਸਿਸੀ ਵਿਚ ਮੈਨੂੰ ਜਾਣ ਦਾ ਅਵਸਰ ਮਿਲਿਆ। ਈਸਾਈਆਂ ਦੇ ਪੂਜਨੀਕ ਸੇਂਟ ਫਰਾਂਸਿਸ ਦਾ ਜਨਮ ਅਸਥਾਨ ਹੈ। ਸਦੀਆਂ ਪੁਰਾਣੇ ਘਰ, ਬਾਜ਼ਾਰ ਹੁਣ ਵੀ ਹਨ। ਕਮਾਲ ਵਿਚ ਹੈ ਕਿ ੨੦੦੦ ਸਾਲ ਪੁਰਾਣਾ ਫਰਾਂਸਿਸ ਜੀ ਦਾ ਘਰ ਤੇ ਪੂਜਾ ਕਰਨ ਵਾਲਾ ਚਰਚ ਉਵੇਂ ਦਾ ਹੀ ਬਰਕਰਾਰ ਹੈ। ਯੋਗੀ ਭਜਨ ਨੇ ੧੯੯੮ ਵਿਚ ਉਥੇ ਕੈਂਪ ਲਗਾਇਆ ਸੀ ਤੇ ਕਈ ਦਿਨ ਸੈਂਕੜੇ ਇਟਲੀ ਦੇ ਸ਼ਰਧਾਲੂ ਸਤਿਨਾਮ ਦਾ ਜਾਪ ਕਰਦੇ ਰਹੇ। ਮੇਰੇ ਨਾਲ ਹੋਟਲ ਵਿਚ ਨਾਮਧਾਰੀ ਸੰਪਰਦਾਏ ਦੇ ਥਾਈਲੈਂਡ ਤੋਂ ਆਏ ਸ. ਸੁਰਿੰਦਰ ਸਿੰਘ ਮਨਚੰਦਾ ਠਹਿਰੇ ਹੋਏ ਸੀ। ਉਹਨਾਂ ਦਾ ਖਾਣਾ ਪਕਾਉਣ ਲਈ ਇਕ ਨਾਮਧਾਰੀ ਲੰਡਨ ਤੋਂ ਉਚੇਚਾ ਉਥੇ ਨਾਲ ਸੀ। ਪਹਿਲੇ ਦਿਨ ਉਹ ਮੈਨੂੰ ਨਾਲ ਲੈ ਕੇ ਸ਼ਹਿਰੋਂ ਬਾਹਰ ਗਏ ਤੇ ਇਕ ਖੂਹ ਲੱਭਿਆ ਤੇ ਉਥੋਂ ਪਾਣੀ ਲਿਆ, ਜਿਸ ਨੂੰ ਲਾਂਗਰੀ ਸਿੰਘ ਨੇ ਵਰਤਿਆ। ਉਹਨਾਂ ਨੇ ਮੈਨੂੰ ਦੱਸਿਆ ਕਿ ਨਾਮਧਾਰੀ ਪਾਈਪ ਦੇ ਪਾਣੀ ਨੂੰ ਨਹੀਂ ਵਰਤਦੇ। ਉਹਨਾਂ ਨੇ ਹਮੇਸ਼ਾ ਪਾਣੀ ਖੂਹ, ਚਸ਼ਮਾ, ਚਲਦੀ ਨਦੀ ਜਾਂ ਝੀਲ ਦਾ ਹੀ ਵਰਤਣਾ ਹੈ। ਮਨਚੰਦਾ ਜੀ ਹਰ ਰੋਜ਼ ਕੇਸੀ ਇਸ਼ਨਾਨ ਕਰਕੇ ਹੀ ਕੁਝ ਖਾਣ ਪੀਣ ਕਰਦੇ ਹਨ। ਉਹਨਾਂ ਮੈਨੂੰ ਦੱਸਿਆ ਕਿ ਉਹਨਾਂ ਨੇ ਸੋਧ ਨੂੰ ਪਿਛਲੇ ੨੦ ਸਾਲ ਤੋਂ ਅਪਨਾ ਰੱਖਿਆ ਹੈ।

ਸੋਧ ਸਿੱਖ ਰਹਿਤ ਮਰਿਯਾਦਾ ਦਾ ਇਕ ਅੰਗ ਹੈ। ਭਾਵ ਆਪਣੇ ਆਪ ਨੂੰ ਸੋਧਨ ਤੇ ਸਵਾਰਨ ਦੀ ਇਹ ਜੁਗਤ ਹੈ। ਇਹ ਕਠਿਨ ਪਰਤਿੱਗਿਆ ਬੜੇ ਘੱਟ ਸਿੱਖ ਕਰਦੇ ਹਨ। ਹੁਣ ਕੇਵਲ ਨਾਮਧਾਰੀ ਸੰਗਤ ਹੀ ਇਸ ਨੂੰ ਅਪਣਾਉਂਦੀ ਹੈ। ਨਾਮਧਾਰੀ ਆਗੂ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸੇਵਕ ਸ. ਹਰਪਾਲ ਸਿੰਘ ਤੇ ਰਛਪਾਲ ਸਿੰਘ ਤੋਂ ਮੈਂ ਇਸ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਹੈ। ਉਹਨਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਮਹਾਰਾਜ ਦੇ ਸਮੇਂ ਤੋਂ ਰਹਿਤ ਮਰਯਾਦਾ ਬਾਰੇ ਸਾਰੇ ਤੱਥ ਪੜ੍ਹੇ ਅਤੇ ਇਕ ਸਿੰਘ ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ, ਨੰਦੇੜ ਭੇਜਿਆ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਸਥਾਨ ਤੇ ਚਲਾਈ ਤਨ ਦੀ ਸਵੱਛਤਾ ਦੀ ਮਰਯਾਦਾ ਉਥੋਂ ਸਿੱਖੀ। ਸਿੰਘ ਸਾਹਿਬ, ਜੋ ਉਥੇ ਮੁਖੀ ਹਨ, ਹੁਣ ਤਕ ਸੋਧ ਦੀ ਰੀਤੀ ਨੂੰ ਅਪਨਾ ਰਹੇ ਹਨ। ਇਸ ਨੂੰ ਪੂਰੀ ਤਰ੍ਹਾਂ ਸਤਿਗੁਰੂ ਰਾਮ ਸਿੰਘ ਨੇ ਆਪਣੇ ਆਪ ਤੇ ਲਾਗੂ ਕੀਤਾ ਤੇ ਇਸਦਾ ਪਰਚਾਰ ਕੀਤਾ। ਉਹਨਾਂ ਦੇ ਚਲਾਏ ਗਏ ਇਹਨਾਂ ਆਦੇਸ਼ਾਂ ਨੂੰ ਜੋ ਨਾਮਧਾਰੀ ਸਿੱਖ ਗ੍ਰਹਿਣ ਕਰਦੇ ਹਨ ਉਹ ਗਿਣਤੀ ਵਿਚ ਥੋੜ੍ਹੇ ਹਨ। ਇਸੇ ਸਮੇਂ ਜੋ ਇਸਨੂੰ ਜੀਵਨ ਦਾ ਅੰਗ ਸਮਝ ਕੇ ਆਪਣੀ ਬਿਰਤੀ ਬਿਬੇਕ ਕਰਨ ਦੀ ਪਰਤਿੱਗਿਆ ਲਵੇ, ਉਹ ਸਾਰੇ ਨਿਯਮ ਅਪਣਾਉਂਦਾ ਹੈ।

ਸੋਧ ਮਰਯਾਦਾ ਅਨੁਸਾਰ ਸਿੱਖ ਸੁੱਚੇ ਜਲ (ਖੂਹ, ਚਸ਼ਮਾ, ਨਦੀ) ਨਾਲ ਅੰਮ੍ਰਿਤ ਵੇਲੇ ਕੇਸੀ ਇਸ਼ਨਾਨ ਕਰਕੇ, ਸੁੱਚੇ ਬਸਤਰ ਪਹਿਨੇ, ਨਿਤਨੇਮ ਦਾ ਪਾਠ ਕਰੇ, ਫਿਰ ਪਰਸ਼ਾਦ ਛਕੇ। ਇਹ ਪਰਸ਼ਾਦ ਆਪ ਬਣਾਵੇ ਜਾਂ ਸੋਧ ਧਾਰਨ ਵਾਲੇ ਹੱਥੋਂ ਤਿਆਰ ਕੀਤਾ ਹੋਵੇ। ਕਿਸੇ ਹੋਰ ਦੇ ਹੱਥੋਂ ਲੰਗਰ ਨਾ ਛਕੇ। ਇਸ਼ਨਾਨ ਜਾਂ ਕੇਸੀ ਇਸ਼ਨਾਨ ਵਕਤ ਸਾਬਣ ਨਹੀਂ ਵਰਤਣਾ, ਆਉਲੇ, ਰੀਠੇ, ਛਿੱਕਾਕਾਈ ਜਾਂ ਦਹੀਂ ਆਦਿ ਹੀ ਵਰਤਣਾ। ਦਾਹੜੀ ਨਾ ਰੰਗਣੀ ਨਾ ਬੰਨ੍ਹਣੀ, ਮੀਟ ਸ਼ਰਾਬ ਅੰਡੇ ਦੀ ਵਰਤੋਂ ਨਹੀਂ ਕਰਨੀ। ਸਵੱਛ ਜਲ ਹੀ ਪੀਣਾ ਹੈ। ਰੋਮਾਂ ਦੀ ਬੇਅਦਬੀ ਨਹੀਂ ਕਰਨੀ। ਸ਼ਾਮ ਨੂੰ ਵੀ ਪਾਠ ਕਰਨ ਵੇਲੇ ਇਹੋ ਰੀਤ ਅਪਨਾਉਣੀ ਹੈ।

ਇਹ ਸੋਧ ਇਕ ਜੀਵਨ ਜਾਚ ਹੈ। ਇਸਨੂੰ ਮਨ ਦੀ ਸ਼ਾਂਤੀ ਦਾ ਸਾਧਨ ਸਮਝੋ ਜਾਂ ਚੰਗੀ ਸਿਹਤ ਲਈ ਇਕ ਸੁਚੱਜਾ ਸਾਧਨ ਪਰ ਅੱਜ ਦੇ ਵਾਤਾਵਰਣ ਵਿਚ ਇਹ ਰਹਿਤ ਮਰਯਾਦਾ ਹਜ਼ੂਰ ਸਾਹਿਬ, ਭੈਣੀ ਸਾਹਿਬ ਵਿਚ ਹਾਲੀਂ ਵੀ ਕਾਇਮ ਹੈ।

ਮੌਰੇਸ਼ੀਅਸ ਵਿਚ ਵਿਸਾਖੀ

ਮੈਂ ਤੇ ਮੇਰੀ ਪਤਨੀ ਉਤਮਜੀਤ ਕੌਰ ਇਕ ਹਫ਼ਤੇ ਲਈ ਹਿੰਦ ਮਹਾਂਸਾਗਰ ਦੇ ਟਾਪੂ ਮੌਰੇਸ਼ੀਅਸ ਵਿਚ ੧੦ ਅਪ੍ਰੈਲ ਨੂੰ ਦਿੱਲੀ ਤੋਂ ੭ ਘੰਟੇ ਦੀ ਸਿੱਧੀ ਉਡਾਨ ਲੈਕੇ ਪੁੱਜੇ। ੬੫ ਕਿਲੋਮੀਟਰ ਲੰਬਾ ਤੇ ੪੫ ਕਿਲੋਮੀਟਰ ਚੌੜਾ ਟਾਪੂ ਕੁਦਰਤੀ ਨਜ਼ਾਰਿਆਂ ਨਾਲ ਭਰਿਆ ਹੋਇਆ ਹੈ। ਕੁਲ ਆਬਾਦੀ ੧੨ ਲੱਖ ਹੈ ਤੇ ਉਹ ਵੀ ਠਹਿਰੀ ਹੋਈ ਕਿ ਵਾਧਾ ਨਹੀਂ ਹੈ। ੭੦ ਫੀਸਦੀ ਲੋਕ ਭਾਰਤੀ ਮੂਲ ਦੇ ਹਨ ਜੋ ੧੭੫ ਸਾਲ ਪਹਿਲਾਂ ਇਥੇ ਗੰਨੇ ਦੇ ਖੇਤਾਂ ਵਿਚ ਕੰਮ ਕਰਨ ਆਏ ਸੀ। ਅੱਜ ਇਹ ਅਫ਼ਰੀਕਾ ਵਿਚ ਸਭ ਤੋਂ ਵੱਧ ਪ੍ਰਤੀ ਜੀ ਆਮਦਨ ਪਾਉਣ ਵਾਲਾ ਦੇਸ਼ ਬਣ ਚੁੱਕਾ ਹੈ। ਮੈਂ ਆਪਣੇ ਦੋਸਤ ਕਰਨਾਲ ਵਾਲੇ ਸਰਦਾਰ ਪਰਿਤਪਾਲ ਸਿੰਘ ਪਨੂੰ ਤੋਂ ਜਾਣਕਾਰੀ ਲਈ ਕਿ ਕੋਈ ਸਰਦਾਰ ਇਥੇ ਰਹਿੰਦਾ ਹੋਵੇ। ਉਸਨੇ ਸ. ਟੀ.ਐਸ. ਵਾਲੀਆ ਦਾ ਫੋਲੀਫੂਨ ਨੰਬਰ ਦਿੱਤਾ। ਇਥੇ ਆਕੇ ਉਹਨਾਂ ਨਾਲ ਸੰਪਰਕ ਜੁੜਿਆ। ਉਹਨਾਂ ਦੱਸਿਆ ਕਿ ਗੁਰਦਵਾਰਾ ਸਿੰਘ ਸਭਾ ੧੫ ਸਾਲ ਤੋਂ ਚਲ ਰਿਹਾ ਹੈ ਭਾਵੇਂ ਸਿੱਖਾਂ ਦੀ ਗਿਣਤੀ ਕਰੀਬਨ ੧੫ ਪਰਿਵਾਰ ਹਨ। ਸਰਦਾਰ ਵਾਲੀਆ ਇਥੇ ੪੦ ਸਾਲ ਤੋਂ ਰਹਿ ਰਹੇ ਹਨ। ਉਹ ਇਥੋਂ ਦੇ ਸ਼ਹਿਰੀ ਹਨ। ਉਹਨਾਂ ਦਾ ਲੜਕਾ, ਨੂੰਹ, ਪੋਤਾ ਮਿਲੇ, ਲੜਕੀ ਤੇ ਜਵਾਈ ਵੀ ਇਥੇ ਹੀ ਕੰਮ ਕਰਦੇ ਹਨ। ਸਭ ਗੁਰੂ ਕੇ ਪੱਕੇ ਸਿੰਘ। ਵਾਲੀਆ ਨੇ ਸਰਕਾਰ ਤੋਂ ਸਮੁੰਦਰ ਕਿਨਾਰੇ ਰਾਇਲ ਰੋਡ, ਗਰੀਨ, ਨਾਰਥ ਵੈਸਟ ਵਿਚ ਡੇਢ ਏਕੜ ਥਾਂ ਮੁਫ਼ਤ ਲਈ। ਲੱਖਾਂ ਰੁਪਏ ਲਗਾ ਕੇ ਸਮੁੰਦਰੀ ਜ਼ਮੀਨ ਨੂੰ ਕੰਕਰੀਟ ਤੇ ਲੋਹੇ ਨਾਲ ਭਰਿਆ ਤੇ ਵਿਸ਼ਾਲ ਗੁਰਦੁਆਰਾ ਉਸਾਰਿਆ। ੧੩ ਅਪ੍ਰੈਲ ਸ਼ਾਮ ਨੂੰ ਵਿਸਾਖੀ ਦਾ ਤਿਓਹਾਰ ਵੀ ਸ਼ਾਨ ਨਾਲ ਮਨਾਇਆ। ਭਾਈ ਜੋਗਾ ਸਿੰਘ ਗ੍ਰੰਥੀ ਨੇ ਮਨੋਹਰ ਕੀਰਤਨ ਕੀਤਾ। ਉਸਦੇ ਨਾਲ ਤਬਲੇ ਦੀ ਸੇਵਾ ਕਿ ਮੌਰੇਸ਼ੀਅਥ ਨੇ ਕੀਤੀ, ਦਿੱਲੀ ਤੋਂ ਆਏ ਸ. ਜਸਬੀਰ ਸਿੰਘ ਨੇ ਸ਼ਬਦ ਪੜ੍ਹੇ। ਮੈਂ ਵਿਸਾਖੀ ਬਾਰੇ ਸੰਗਤਾਂ ਨਾਲ ਖਿਆਲ ਸਾਂਝੇ ਕੀਤੇ। ਕਰੀਬਨ ੧੦੦ ਤੋਂ ਵੱਧ ਲੋਕ ਜੁੜੇ। ਸਿੰਘ ਗਿਣਤੀ ਦੇ ਹੀ ਸਨ। ਪਰ ਪੰਜਾਬੀ ਬੜੇ ਆਏ। ਬੜਾ ਵਧੀਆ ਲੰਗਰ ਆਪ ਹੀ ਸਿੱਖਾਂ ਨੇ ਤਿਆਰ ਕੀਤਾ। ਜਨਮ ਦਿਨ ਦਾ ਵੱਡਾ ਕੇਕ ਕੱਟਿਆ। ਸਭ ਨੂੰ ਖੀਰ ਛਕਾਈ। ਸਿੱਖਾਂ ਦਾ ਉਤਸਾਹ ਵੇਖਕੇ ਖੁਸ਼ੀ ਹੋਈ ਕਿ ਹਜ਼ਾਰਾਂ ਮੀਲ ਦੂਰ ਤੇ ਬੜੀ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਸਿੱਖੀ ਸ਼ਰਧਾ ਢਲ ਢਲ ਕੇ ਪੈ ਰਹੀ ਹੈ। ਸ. ਕੁਲਦੀਪ ਸਿੰਘ ਟਰੈਵਲ ਏਜੰਸੀ ਦਾ ਕੰਮ ਕਰਕੇ ਸੇਵਾ ਕਰ ਰਹੇ ਹਨ। ਸ. ਇਕਬਾਲ ਸਿੰਘ ਸਕੱਤਰ ਤੇ ਸ. ਕੁਲਦੀਪ ਸਿੰਘ ਰੇਖੀ ਕਮੇਟੀ ਦੇ ਖਜ਼ਾਨਚੀ ਵਜੋਂ ਸੇਵਾ ਕਰ ਰਹੇ ਹਨ। ਫੋਰਟਿਸ ਹਸਪਤਾਲ ਦੇ ਮੁਖੀ ਡਾਕਟਰ ਸਿਮਰਦੀਪ ਸਿੰਘ ਗਿੱਲ ਅਤੇ ਅਪੋਲੋ ਹਸਪਤਾਲ ਦੇ ਬ੍ਰਗੇਡੀਅਰ ਪਰਮਜੀਤ ਸਿੰਘ ਧੂਤ ਵੀ ਉਥੇ ਮਿਲੇ। ਹੋਰ ਕਈ ਸਿੱਖ ਕਈ ਕੰਪਨੀਆਂ ਵਿਚ ਡਿਊਟੀ ਕਰਨ ਭਾਰਤ ਤੋਂ ਆਏ ਹੋਏ ਹਨ, ਉਹ ਵੀ ਪ੍ਰੋਗਰਾਮ ਵਿਚ ਸ਼ਾਮਲ ਸਨ। ਮੈਨੂੰ ਇਕ ਗੱਲ ਦਾ ਦੁੱਖ ਹੈ ਕਿ ਗੁਰਦੁਆਰਾ ਕਮੇਟੀ ਮਾਲੀ ਮਦਦ ਲੈਣ ਲਈ ਗੁਰਦੁਆਰਾ ਕਮੇਟੀ ਦਿੱਲੀ ਤੇ ਐਸ. ਜੀ. ਪੀ. ਸੀ. ਅੰਮ੍ਰਿਤਸਰ ਨੂੰ ਮਿਲੀ ਪਰ ਉਹਨਾਂ ਮਦਦ ਦੇਣ ਤੋਂ ਸਾਫ ਨਾਂਹ ਕਰ ਦਿੱਤੀ। ਸਾਡੇ ਉਦੇਸ਼ ਤਾਂ ਹੋਰ ਹੀ ਹਨ। ਸਾਨੂੰ ਕਿਥੇ ਵੇਹਲ ਕਿ ਸਿੱਖੀ ਦੇ ਫੁੱਟਦੇ ਚਸ਼ਮਿਆਂ ਵਿਚ ਕੋਈ ਹਿੱਸਾ ਪਾ ਸਕੀਏ। ਗੁਰਦਵਾਰੇ ਦਾ ਟੈਲੀਫੋਨ ਨੰਬਰ ੦੦੨੩੦-੨੧੦੪੨੯੫ ਹੈ।

(ਤਰਲੋਚਨ ਸਿੰਘ)
ਸਾਬਕਾ ਚੇਅਰਮੈਨ,
ਘੱਟ ਗਿਣਤੀ ਰਾਸ਼ਟਰੀ ਕਮਿਸ਼ਨ

ਸੰਤਾਂ ਅਤੇ ਅਸੰਤਾਂ ਦੀ ਕਰਨੀ ਅਜਿਹੀ ਹੈ ਜਿਵੇਂ ਕੁਹਾੜੀ ਅਤੇ ਚੰਦਨ ਦਾ ਆਚਰਨ ਹੁੰਦਾ ਹੈ। ਕੁਹਾੜੀ ਚੰਦਨ ਨੂੰ ਕੱਟਦੀ ਹੈ (ਕਿਉਂਕਿ ਉਸਦਾ ਸੁਭਾਅ ਹੀ ਦਰਖਤਾਂ ਨੂੰ ਕੱਟਣਾ ਹੈ) ਪਰੰਤੂ ਚੰਦਨ (ਆਪਣੇ ਸੁਭਾਅ ਕਾਰਨ) ਆਪਣੇ ਗੁਣ ਦੇ ਕੇ ਉਸਨੂੰ (ਕੱਟਣ ਵਾਲੀ ਕੁਹਾੜੀ ਨੂੰ) ਸੁਗੰਧੀਆਂ ਨਾਲ ਭਰ ਦਿੰਦਾ ਹੈ।

—ਤੁਲਸੀਦਾਸ
(ਰਾਮਚਰਿਤਮਾਨਸ)

ਸਿਰਲੱਥ ਸੂਰਮਾ—ਭਾਈ ਨਾਰਾਇਣ ਸਿੰਘ ਰੋਡੇ

—ਸੁਵਰਨ ਸਿੰਘ ਵਿਰਕ

ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਮੁੱਖ ਸੂਬਿਆਂ ਸਮੇਤ ਪੰਜਾਬ ਤੋਂ ਜਲਾਵਤਨੀ ਤੋਂ ਬਾਅਦ ਅੰਗਰੇਜ਼ ਸਰਕਾਰ ਨਿਸਚਿੰਤ ਨਹੀਂ ਸੀ ਹੋਈ। ਹੁਣ ਅਗਲੇ ਡੇਢ ਦਹਾਕੇ ਤੱਕ, ਉਸ ਦੀ ਵੱਡੀ ਫਿਕਰਮੰਦੀ, ਉਹ ਨਾਮਧਾਰੀ ਜਾਂ ਕੂਕੇ ਸਿੰਘ ਸਨ ਜੋ ਖਾਰੇ ਸਮੁੰਦਰਾਂ ਦੀਆਂ ਡੂੰਘਾਈਆਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਅਤੇ ਭਰੀਆਂ ਬੰਦੂਕਾਂ ਲਈ, ਘੁੰਮਦੇ ਸਿਪਾਹੀਆਂ ਦੀਆਂ ਘੋਖਵੀਆਂ ਨਜ਼ਰਾਂ ਤੋਂ ਬਚਦੇ ਬਚਾਉਂਦੇ, ਰੰਗੂਨ ਵਿਚ ਬਿਰਾਜੇ ਆਪਣੇ ਮਹਿਬੂਬ ਸਤਿਗੁਰੂ ਤੱਕ ਪੁੱਜਣ ਦੇ, ਹੀਲੇ ਵਸੀਲੇ ਬਣਾਉਂਦੇ ਰਹਿੰਦੇ ਸਨ; ਕਿਉਂਕਿ ਸਤਿਗੁਰੂ ਜੀ ਨੂੰ ਬ੍ਰਿਟਿਸ਼ ਭਾਰਤ ਵਿਚ ਅੰਗਰੇਜ਼ ਹਾਕਮ ਆਪਣੇ ਰਾਜ ਲਈ, ਸਭ ਤੋਂ ਖਤਰਨਾਕ ਵਿਅਕਤੀ, ਲਿਖ ਚੁੱਕੇ ਸਨ ਅਤੇ ਇਹੋ ਗੱਲ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਵੀ ਆ ਚੁੱਕੀ ਸੀ ਕਿ ਉਹਨਾਂ ਦੇ ਸਰੀਰ ਦਾ, ਫ਼ਰੰਗੀਆਂ ਨੂੰ ਕਾਲ ਵਰਗਾ ਭੈਅ ਹੈ, ਇਸ ਲਈ ਹੁਣ ਸਾਰਾ ਜ਼ੋਰ ਸਰਕਾਰ ਇਸ ਗੱਲ ਤੇ ਲਾ ਰਹੀ ਸੀ ਕਿ ਨਾਮਧਾਰੀ ਸਤਿਗੁਰੂ ਅਤੇ ਇਹਨਾਂ ਦੇ ਪੈਰੋਕਾਰਾਂ ਵਿਚਾਲੇ, ਖ਼ਤਾਂ ਪੱਤਰਾਂ ਦਾ ਸੰਪਰਕ ਸਥਾਪਿਤ ਨਾ ਹੋਣ ਦਿੱਤਾ ਜਾਵੇ। ਇਸ ਲਈ ਉਹਨਾਂ ਸਾਰੇ ਕੂਕਿਆਂ ਦੀ ਇਕ ਸੂਚੀ, ੩੧ ਦਿਸੰਬਰ ੧੮੮੦ ਨੂੰ ਸੈਂਟਰਲ ਪੁਲੀਸ ਆਫਿਸ, ਸਪੈਸ਼ਲ ਬਰਾਂਚ ਲਾਹੌਰ ਨੇ ਪ੍ਰਕਾਸ਼ਿਤ ਕਰ ਦਿੱਤੀ ਸੀ ਜਿਹਨਾਂ ਬਾਰੇ ਕਿਆਸਿਆ ਗਿਆ ਸੀ ਕਿ ਉਹ ਗੁਰੂ ਦਰਸ਼ਨਾਂ ਲਈ ਸੰਪਰਕ ਸਥਾਪਿਤ ਕਰ ਸਕਦੇ ਹਨ। ਪੰਜਾਬ ਦੇ ਹਰ ਜ਼ਿਲ੍ਹੇ ਦੇ ਪੁਲੀਸ ਕਪਤਾਨ ਨੂੰ (ਜਿੱਥੇ ਨਾਮਧਾਰੀ ਵੱਸੋਂ ਸੀ) ਇਸ ਦੀ ਇਕ ਕਾਪੀ ਭੇਜ ਕੇ ਕਿਹਾ ਗਿਆ ਸੀ ਕਿ 'ਰੀਮਾਰਕਸ' ਵਾਲੇ ਖਾਨੇ ਵਿਚ ਇਹਨਾਂ ਕੂਕਿਆਂ ਨਾਲ ਸਬੰਧਿਤ ਕੋਈ ਵੀ ਸਰਗਰਮੀ ਤੁਰੰਤ ਨੋਟ ਕੀਤੀ ਜਾਵੇ ਜਾਂ ਅਕਾਲ ਚਲਾਣਾ ਕਰਨ ਦੀ ਸੂਰਤ ਵਿਚ ਵੀ ਨੋਟ ਕਰ ਕੇ ਉਪਰਲਿਆਂ ਨੂੰ ਸੂਚਿਤ ਕੀਤਾ ਜਾਵੇ। ਕਲਕੱਤੇ ਦੇ ਪੁਲਿਸ ਕਮਿਸ਼ਨਰ ਅਤੇ ਬ੍ਰਿਟਿਸ਼ ਬਰਮਾ ਦੇ ਇੰਸਪੈਕਟਰ ਜਨਰਲ ਪੁਲਿਸ ਪਾਸ ਵੀ ਇਸ ਦੀ ਇਕ ਇਕ ਕਾਪੀ ਭੇਜੀ ਗਈ ਤਾਂ ਕਿ ਉਹ ਪੰਜਾਬ ਵਿਚੋਂ ਰੰਗੂਨ ਜਾਣ ਵਾਲੇ ਖ਼ਤਰਨਾਕ ਕੂਕਿਆਂ ਦੀ ਪਹਿਚਾਨ ਕਰ ਕੇ, ਉਹਨਾਂ ਨੂੰ ਅਧਵਾਟੇ ਹੀ ਰੋਕ ਸੱਕਣ। ਇਸ ਲਿਸਟ ਵਿਚ ਹੇਠਲੀਆਂ ਕਿਸਮਾਂ ਦੇ ਕੂਕਿਆਂ ਦੇ ਨਾਮ ਸ਼ਾਮਲ ਕੀਤੇ ਗਏ ਸਨ :-



ੳ) ਉਹ ਜਿਹਨਾਂ ਨੂੰ ਗਿਰਫਤਾਰ ਕੀਤਾ ਗਿਆ, ਮੁਕਦਮੇ ਚਲਾਏ ਗਏ, ਜ਼ਮਾਨਤ ਦੇਣ ਲਈ ਕਿਹਾ ਗਿਆ ਅਤੇ ਜ਼ਮਾਨਤ ਨਾ ਦੇ ਸੱਕਣ ਦੀ ਸੂਰਤ ਵਿਚ ਕੈਦ ਕੀਤੇ ਗਏ।

ਅ) ਜਿਹਨਾਂ ਨੇ ਆਪਣੀਆਂ ਜਾਇਦਾਦਾਂ (ਪੰਥਕ ਕਾਜ ਲਈ) ਵੇਚ ਦਿੱਤੀਆਂ,

ੲ) ਜਿਹੜੇ ਆਪਣੇ ਮਿਸ਼ਨ ਲਈ ਘਰ ਘਾਟ ਛੱਡ ਕੇ ਬਿਹੰਗਮ ਹੋ ਗਏ,

ਸ) ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਲਈ ਬ੍ਰਿਟਿਸ਼ ਬਰਮਾ ਦੀ ਯਾਤਰਾ ਕੀਤੀ।

ਹ) ਕੁਝ ਪ੍ਰਭਾਵਸ਼ਾਲੀ ਕੂਕੇ ਜਾਂ ਸੂਬੇ।"[1]

ਇਸ ਲਿਸਟ ਦੇ ਫੀਰੋਜ਼ਪੁਰ ਜ਼ਿਲ੍ਹੇ ਵਾਲੇ ਕਾਲਮ ਵਿਚ ਪਹਿਲੇ ਨੰਬਰ ਤੇ ਹੀ ਜਿਸ ਸੱਜਣ ਦਾ ਨਾਮ ਪੜ੍ਹਨ ਨੂੰ ਮਿਲਦਾ ਹੈ, ਉਹ ਭਾਈ ਨਰਾਇਣ ਸਿੰਘ ਇਸ ਦੌਰ ਦਾ ਇਕ ਮਹੱਤਵਪੂਰਨ ਕੂਕਾ ਆਗੂ ਸੀ, ਜੋ ਆਪਣੀਆਂ ਸਰਗਰਮੀਆਂ ਕਾਰਨ, ਗੁਰੂ ਹਰੀ ਸਿੰਘ ਦੁਆਰਾ ਡੇਰਾ ਭੈਣੀ ਸਾਹਿਬ ਦਾ ਮਹੰਤ ਵੀ ਥਾਪਿਆ ਗਿਆ ਅਤੇ ਪੰਜਾਬ ਸਰਕਾਰ ਦੀਆਂ ਖੁਫ਼ੀਆ ਰੀਪੋਰਟਾਂ ਉਸਨੂੰ ਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਮੁਤਾਬਿਕ, ਗੁਰੂ ਹਰੀ ਸਿੰਘ ਦੁਆਰਾ ਸੂਬਾ ਥਾਪਣ ਦੀ ਸੂਚਨਾ ਵੀ ਦਿੰਦੀਆਂ ਹਨ। ਆਪ ਜ਼ਿਮੀਦਾਰ ਪਰਿਵਾਰ ਨਾਲ ਸਬੰਧਿਤ ਸਨ। ਅੱਛੇ ਪੜ੍ਹੇ ਲਿਖੇ ਸਨ। ਕਿੱਤੇ ਵਾਲੇ ਖਾਨੇ ਵਿਚ ਆਪ ਦਾ ਕੰਮ "ਗੁਰੂ ਗਰੰਥ ਸਾਹਿਬ ਦੇ ਪਾਠ ਕਰਨਾ" ਲਿਖਿਆ ਹੈ। ਪਿਤਾ ਜੀ ਦਾ ਨਾਮ ਸ. ਦੇਵਾ ਸਿੰਘ ਅਤੇ ਪਿੰਡ, ਪੰਜਾਬ ਦਾ ਇਤਿਹਾਸਕ ਪਿੰਡ ਰੋਡੇ ਸੀ, ਜੋ ਥਾਣਾ ਬਾਘਾ ਪੁਰਾਣਾ ਵਿਚ ਪੈਂਦਾ ਸੀ। ਸਰੀਰਕ ਵੇਰਵੇ ਵਿਚ ਲਿਖਿਆ ਹੈ ਕਿ ਰੰਗ ਕਣਕਵੰਨਾ ਸੀ। ਚਿਹਰੇ ਤੇ ਮਾਤਾ ਦੇ ਮਾਮੂਲੀ ਦਾਗ਼ ਸਨ। ਸੱਜੇ ਨੇਤਰ ਹੇਠਾਂ ਮਹੁਕਾ ਸੀ। ਉਪਰਲੇ ਜਬਾੜੇ ਦੇ ਦੋ ਦੰਦ ਰਤਾ ਕੁ ਅਗਾਂਹ ਨੂੰ ਵਧੇ ਸਨ। ਕੱਦ ਪੌਣੇ ਛੇ ਫ਼ੁੱਟ, ਪਤਲਾ ਸਰੀਰ ਅਤੇ ਉਮਰ ਅੰਦਾਜ਼ਨ ੩੬ ਵਰ੍ਹੇ ਲਿਖੀ ਸੀ। ਆਦਤਾਂ ਅਤੇ ਚਾਲ ਚਲਣ ਵਾਲੇ ਖਾਨੇ ਵਿਚ ਬੜੀ ਵਿਸਤਰਿਤ

ਜਾਣਕਾਰੀ ਦਰਜ ਸੀ : "ਇਸ ਆਦਮੀ ਦਾ ਪਿਤਾ, ਦੇਵਾ ਸਿੰਘ ਰਿਆਸਤ ਨਾਭਾ ਦੇ ਪਿੰਡ ਦਬੜੀ ਖਾਨਾ ਦਾ ਵਸਨੀਕ ਸੀ ਜਿਸਦੇ ਤਿੰਨ ਪੁੱਤਰ ਸਨ–ਨਰਾਇਣ ਸਿੰਘ, ਜਵਾਹਰ ਸਿੰਘ ਅਤੇ ਅਤਰ ਸਿੰਘ। ਕੁਝ ਵਰ੍ਹੇ ਪਹਿਲਾਂ ਜਦੋਂ ਨਾਭੇ ਦੇ ਰਾਜੇ ਨੇ ਦਬੜੀ ਖਾਨੇ ਤੇ ਹਮਲਾ ਕਰ ਕੇ ਇਸਨੂੰ ਲੁੱਟ ਪੁੱਟ ਲਿਆ ਸੀ ਤਾਂ ਦੇਵਾ ਸਿੰਘ ਦੀ ਪਤਨੀ ਰੋਡੇ ਪਿੰਡ ਵਿਖੇ ਆ ਗਈ, ਫੀਰੋਜ਼ਪੁਰ ਜ਼ਿਲ੍ਹੇ ਵਿਚ, ਜਿੱਥੇ ਉਸਦੇ ਪਤੀ (ਦੇਵਾ ਸਿੰਘ) ਦੀ ਭੈਣ ਰਹਿੰਦੀ ਸੀ, ਇੱਥੇ ਹੀ ਉਹ ਆਪਣੇ ਤਿੰਨੇ ਪੁੱਤਰ ਨਾਲ ਲੈ ਆਈ। (ਸਾਰਿਆਂ ਤੋਂ ਛੋਟਾ) ਅਤਰ ਸਿੰਘ ਤਾਂ ਸਾਧ ਬਣ ਗਿਆ ਅਤੇ ਹੁਣ ਉਸਦੇ ਬਾਰੇ ਕੋਈ ਉਘ ਸੁੱਘ ਨਹੀਂ ਮਿਲ ਰਹੀ ਕਿ ਉਹ ਕਿੱਥੇ ਹੈ। ਜਵਾਹਰ ਸਿੰਘ ਦਬੜੀਖਾਨੇ ਵਾਪਸ ਮੁੜ ਗਿਆ ਅਤੇ ਉੱਥੇ ਹੀ ਰਹਿ ਰਿਹਾ ਹੈ। ਨਰਾਇਣ ਸਿੰਘ ਜੋ ਕਿ ਇਕ ਕੱਟੜ ਕੂਕਾ ਹੈ, ਆਪਣਾ ਸਮਾਂ ਤੁਰ ਫਿਰ ਕੇ ਅਤੇ ਧਾਰਮਿਕ ਸਮਾਗਮਾਂ ਵਿਚ ਮੱਦਦ ਕਰਕੇ ਬਿਤਾਉਂਦਾ ਹੈ। ਨਰਾਇਣ ਸਿੰਘ, ਆਪਣੇ ਹਮਨਾਮ ਮਹੰਤ ਨਰਾਇਣ ਸਿੰਘ ਰੋਡੇ ਵਾਲੇ ਨਾਲ ਬਹੁਤ ਘਿਓ ਖਿਚੜੀ ਹੈ ਅਤੇ ਆਮ ਤੌਰ ਤੇ ਉਸਦੇ ਘਰ ਹੀ ਠਹਿਰਦਾ ਹੈ। ਜੂਨ ੧੮੭੯ ਵਿਚ ਉਹਨੇ ਰੰਗੂਨ ਦੀ ਯਾਤਰਾ ਕੀਤੀ ਅਤੇ ਵਾਪਸੀ ਤੇ ੧੭ ਜੁਲਾਈ ਨੂੰ ਗਰਿਫਤਾਰ ਕੀਤਾ ਗਿਆ। ਗੁਰੂ ਰਾਮ ਸਿੰਘ ਜੀ ਦੇ ਹਸਤ ਲਿਖਤ ਕਈ ਪੱਤਰ ਉਸ ਪਾਸੋਂ ਪਕੜੇ ਗਏ ਸਨ (ਵੇਖੋ ਗੁਪਤ ਰਾਜਨੀਤਕ ਭਾਗ, ਜਿਲਦ ਪਹਿਲੀ, ਸਫਾ ੨੩੧ ਦਾ ਪੈਰ੍ਹਾ ੧੨) ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਆਦੇਸ਼ ਅਨੁਸਾਰ ਨਰਾਇਣ ਸਿੰਘ ਨੂੰ ਸੂਬਾ ਥਾਪਿਆ ਗਿਆ ਹੈ। (ਵੇਖੋ ਗੁਪਤ ਪੁਲੀਸ ਭਾਗ, ਜਿਲਦ ਦੋ, ਸਫਾ ੧੭੩ ਦਾ ਪੈਰ੍ਹਾ ੧੮)[2]

ਮਾਲੂਮ ਹੁੰਦਾ ਹੈ ਕਿ ਦਬੜੀਖਾਨਾ ਪਿੰਡ ਜਦੋਂ ਲੁੱਟਿਆ ਗਿਆ, ਭਾਈ ਦੇਵਾ ਸਿੰਘ ਗੁਜ਼ਰ ਚੁੱਕਾ ਸੀ ਇਸੇ ਲਈ ਉਸਦੀ ਸਿੰਘਣੀ ਚਿੜੀ ਦੇ ਬੋਟਾਂ ਜਿਉਂ ਆਪਣੇ ਯਤੀਮ ਬੱਚਿਆਂ ਨੂੰ ਹਿੱਕ ਨਾਲ ਲਾਈ ਆਪਣੀ ਨਨਾਣ ਦੇ ਪਿੰਡ ਰੋਡੇ ਆ ਗਈ ਸੀ ਤਾਂਕਿ ਅੰਗਰੇਜ਼ੀ ਰਾਜ ਵਿਚ ਰਿਆਸਤੀ ਆਤੰਕ ਤੋਂ ਕੁਝ ਰਾਹਤ ਮਿਲ ਸੱਕੇ। ਦਬੜੀਖਾਨਾ ਕਦੋਂ ਅਤੇ ਕਿਸ ਰਾਜੇ ਦੇ ਹੁਕਮ ਨਾਲ, ਕਿਉਂ ਲੁੱਟਿਆ ਗਿਆ ਇਸ ਲਈ ਇਤਿਹਾਸਕ ਵੇਰਵਿਆਂ ਦੀ ਤਫਸੀਲ ਵਿਚ ਜਾਣ ਦੀ ਲੋੜ ਹੈ ਜੋ ਮੈਨੂੰ ਉਪਲਬਧ ਨਹੀਂ ਹੋਇਆ। ਪਰ ਦਬੜੀਖਾਨੇ ਦੀ ਇਸ ਇਤਿਹਾਸਕ ਲੁੱਟ ਖਸੁੱਟ ਬਾਰੇ ਲੋਕ ਗੀਤਾਂ ਦੀਆਂ ਇਕ ਤੋਂ ਵੱਧ ਸ਼ਕਤੀਸ਼ਾਲੀ ਗਵਾਹੀਆਂ ਪ੍ਰਾਪਤ ਹਨ :-

"ਬੋਹਾ ਬੁਲਾਢਾ ਕੋਲੋ ਕੋਲੀ, ਜੋਗੇ ਕੋਲ ਭੁਲਾਣਾ।
ਫੱਤੇ ਕੋਲ ਖੁਨੀਰ ਸੁਣੀਂਦੀ, ਘੁੱਦੂ ਆਲੇ ਕੋਲ ਜਟਾਣਾ।
ਪੂਲ੍ਹਾ ਪੂਲ੍ਹੀ ਕੋਲ ਸੁਣੀਂਦੇ, ਮੁਕਸਰ ਕੋਲ ਰੁਪਾਣਾ।
ਚੰਦ ਭਾਨ ਦੇ ਭੌਂਕਣ ਕੁੱਤੇ, ਲੁੱਟਿਆ ਦਬੜੀਖਾਨਾ।
ਦੋ ਕੰਮ ਦੁਨੀਆਂ ਤੇ, ਜੰਮਣਾ ਤੇ ਮਰ ਜਾਣਾ...।'[3]

....

"ਪੂਲ੍ਹਾ ਪੂਲ੍ਹੀ ਕੋਲੋ ਕੋਲੀ, ਪੂਲ੍ਹੇ ਕੋਲ ਨਥਾਣਾ
ਚੰਦ ਭਾਨ ਦੇ ਕੁੱਤੇ ਭੌਂਕਦੇ, ਲੁੱਟਿਆ ਦਬੜੀਖਾਨਾ
ਅਕਲੀਏ ਦੇ ਮੰਜੇ ਮੰਗਾ ਲੈ, ਜੈਤੋਂ ਆਲਾ ਠਾਣਾ
ਲਛਮਣ* ਮਹਿਮਾ ਪਾ ਦੇ ਬੋਲੀਆਂ,ਰੋਜ ਬਣਾਉਨੈ ਗਾਣਾ
ਏਸ ਪਟੋਲੇ ਨੇ, ਡਾਕ ਗੱਡੀ ਚੜ੍ਹ ਜਾਣਾ...।[4]

ਰਾਜ ਦੇ ਦਮਨਕਾਰੀ ਸਰੂਪ ਦਾ, ਬਾਲ ਅਵਸਥਾ ਵਿਚੋਂ ਯੁਵਾ ਕਾਲ ਵੱਲ ਵਧ ਰਹੇ, ਭਾਈ ਨਰਾਇਣ ਸਿੰਘ ਤੇ ਅਜੇਹਾ ਮਾਰੂ ਪ੍ਰਭਾਵ ਪਿਆ ਕਿ ਆਪਣੀ ਬਾਕੀ ਦੀ ਸਾਰੀ ਉਮਰ, ਉਹ ਰਿਆਸਤਾਂ ਅਤੇ ਉਹਨਾਂ ਦੇ ਪ੍ਰਤੀਪਾਲਕ ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਰਣ ਤੱਤੇ ਵਿਚ ਜੂਝਣ ਦੇ ਸਮਰਪਣ ਕਰ ਬੈਠਾ ਸੀ। ਇਸੇ ਪਿੱਠਭੂਮੀ ਵਿਚ ਹੀ ਪੰਜਾਬ ਦੀ ਅੰਗਰੇਜ਼ ਬਸਤੀਵਾਦ ਵਿਰੁੱਧ ਉਭਰੀ ਪਹਿਲੀ ਮਜ਼ਬੂਤ ਲੋਕ ਲਹਿਰ, ਕੂਕਾ-ਅੰਦੋਲਨ ਵਿਚ ਭਾਈ ਨਰਾਇਣ ਸਿੰਘ ਰੋਡੇ ਦੀ ਭੂਮਿਕਾ ਨੂੰ, ਬੜੀ ਗੰਭੀਰਤਾ ਨਾਲ ਵਾਚਿਆ ਜਾ ਸਕਦਾ ਹੈ।

ਇਕ ਤੋਂ ਵੱਧ ਵਾਰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾਂ ਮਰਗੋਈ ਜਾ ਕੇ ਦਰਸ਼ਨ ਕਰਨ ਵਾਲਿਆਂ ਗੁਰੂ ਪਿਆਰਿਆਂ ਵਿਚ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਦਾ ਨਾਂ ਬੋਲਦਾ ਸੀ– "ਫੇਰ ਹੋਰ ਸਿੰਘ ਚਲੇ। ਨਰੈਣ ਸਿੰਘ ਰੋਡਿਆਂ ਕਾ, ਲਾਲ ਸਿੰਘ ਗੁਮਟੀ ਵਾਲਾ ਅਤੇ ਇਸਦੀ ਸਿੰਘਨੀ ਪਰਤਾਪ ਕੌਰ। ਏਹ ਤਿੰਨੇ ਈ ਰਾਮਦਾਸਪੁਰੇ ਗੁਰੂ ਮਹਾਰਾਜ ਜੀ (ਗੁਰੂ ਹਰੀ ਸਿੰਘ) ਕਾ ਦਰਸ਼ਨ ਕਰ ਕੇ ਗਏ। ਕਲਕਤੇ ਸੇ ਜਹਾਜ ਪਰ ਚੜ੍ਹ ਕੇ ਰੰਗੂਨ ਜਾਇ ਉਤਰੇ। ਪਰਤਾਪ ਕੌਰ ਕੋ ਭੇਜਿਆ ਦੇਖਣ ਵਾਸਤੇ। ਜਾਂ ਦੇਖੇ ਤਾਂ ਕਛਹਿਰੇ ਸੁੱਕਦੇ ਹੈਂ ਤਾਂ ਲਾਲ ਸਿੰਘ ਹੋਰਾਂ ਭੀ ਜਾਇ ਦਰਸ਼ਨ ਕੀਤਾ। ਹੁਕਮਨਾਮੇ ਮਿਲ ਗਏ, ਮੁੜ ਗਏ ਰਾਮਦਾਸਪੁਰੇ। ਗੁਰੂ ਹਰੀ ਸਿੰਘ ਜੀ ਕਾ ਦਰਸਨ ਕਰਕੇ ਸੁਖ ਸੁਨੇਹਾ ਦੇ ਕੇ ਮੁੜ ਪਿੰਡ ਨੂੰ।"[5]

"ਨਰੈਣ ਸਿੰਘ ਰੋਡਿਆਂ ਕਾ ਹੁਕਮਨਾਮੇ ਲੈ ਕੇ ਫੇਰ ਆਇਆ ਰਾਮਦਾਸਪੁਰੇ ਨੂੰ। ਬਟਨ ਨੇ ਰਸਤੇ ਪੈ ਹੁਕਮਨਾਮਾ

*ਪਿੰਡ ਮਹਿਮਾਂ ਸੁਆਈ ਦਾ ਬੋਲੀਕਾਰ ਲਛਮਣ ਸਿੰਘ

ਆਇ ਫੜਿਆ।...ਅਦਾਲਤੀ ਨੇ ਪੁੱਛਿਆ ਤੂੰ ਹੁਕਮਨਾਮੇ ਲਿਆਇਆ ਹੈ? ਨਰੈਣ ਸਿੰਘ ਨੇ ਕਿਹਾ ਮੇਰੇ ਗੁਰੂ ਕੀ ਉਸਤਤ ਹੈ ਮੈਂ ਆਪੇ ਲਿਖੀ ਹੈ। ਮੈਂ ਰੰਗੂਨ ਨਹੀਂ ਗਿਆ ਹਾਂ। ਹਾਕਮ ਨੇ ਛੋਡ ਦੀਆ। ਨਿੰਦਕ ਕਾ ਮੁਖ ਕਾਲਾ ਹੋਇਆ ਅੰਤਰਜਾਮੀ ਗੁਰੂ ਜੀ ਰੱਛਿਆ ਕੀਤੀ।"[6]

ਇਹ ਉਪਰ ਵਰਣਿਤ ਤਿੰਨੇ ਜਣੇ ਸਤਿਗੁਰੂ ਜੀ ਪਾਸ ਜੂਨ ੧੮੭੯ ਈ. ਵਿਚ ਰੰਗੂਨ ਗਏ ਸਨ। ਕਛਹਿਰੇ ਸੁੱਕਦੇ ਹੋਣੇ, ਸੰਕੇਤਕ ਭਾਸ਼ਾ ਹੁੰਦੀ ਸੀ ਕਿ ਹੁਣ ਸਤਿਗੁਰੂ ਜੀ ਆਉਣ ਵਾਲੇ ਸਿੰਘਾਂ ਨੂੰ ਆਪਣੇ ਬੰਗਲੇ ਵਿਚ ਦਰਸ਼ਨ ਦੇਣ ਲਈ ਤਿਆਰ ਬੈਠੇ ਹਨ। ਸਿੰਘ ਤੁਰੇ ਤੁਰੇ ਜਾਂਦੇ ਦਰਸ਼ਨ ਕਰ ਸੱਕਦੇ ਸਨ। ਆਪਣੀ ਅਰਦਾਸ ਵੱਟੇ ਨਾਲ ਬੰਨ੍ਹ ਕੇ ਅੰਦਰ ਸੁੱਟ ਸੱਕਦੇ ਸਨ ਅਤੇ ਅੰਦਰੋਂ ਸਤਿਗੁਰੂ ਜੀ ਉਹਨਾਂ ਨੂੰ ਆਪਣੇ ਹਸਤ ਕੰਵਲਾਂ ਦੁਆਰਾ ਲਿਖਤ ਹੁਕਮਨਾਮੇ ਵੀ ਇਉਂ ਹੀ ਵੱਟੇ ਨਾਲ ਬੰਨ੍ਹ ਕੇ ਬਾਹਰ ਸੁੱਟ ਦਿੰਦੇ ਸਨ। ਜਦੋਂ ਭਾਈ ਨਰਾਇਣ ਸਿੰਘ ਰੋਡੇ, ਕਾਫੀ ਹੁਕਮਨਾਮਿਆਂ ਸਮੇਤ ਆਪਣੇ ਪਿੰਡ ਰੋਡੇ ਤੋਂ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਸਨ ਤਾਂ ਜਗਰਾਉਂ ਨੂੰ ਜਾ ਰਹੇ ਲੁਧਿਆਣਾ ਦੇ ਪੁਲੀਸ ਕਪਤਾਨ, ਜੇ. ਪੀ. ਵਾਰਬਰਟਨ ਨੂੰ ਉਹ ਅਚਾਨਕ ਰਸਤੇ ਵਿਚ ਟੱਕਰ ਗਏ, ੧੮ ਜੁਲਾਈ ੧੮੭੯ ਨੂੰ। ਤਲਾਸ਼ੀ ਲੈਣ ਤੇ, ਆਪ ਪਾਸੋਂ ਸਤਿਗੁਰੂ ਜੀ ਦੇ ੨੮ ਹੁਕਮਨਾਮੇ ਵਾਰਬਰਟਨ ਦੇ ਕਾਬੂ ਆ ਗਏ। ਆਪਣੇ ਉੱਪਰਲੇ ਅਫਸਰ ਕਰਨਲ ਜੇ. ਸੀ. ਪੀ. ਬੇਲੀ ਡੀ. ਆਈ. ਜੀ. ਪੁਲੀਸ, ਅੰਬਾਲਾ ਸਰਕਲ ਨੂੰ, ਆਪਣੇ ੧੯ ਜੁਲਾਈ ਦੇ ਪੱਤਰ ਵਿਚ ਵਾਰਬਰਟਨ ਇਹ ਜਾਣਕਾਰੀ ਚਾਂਈਂ ਚਾਂਈਂ ਦੱਸ ਰਿਹਾ ਹੈ ਕਿ ਜਦੋਂ ਨਰਾਇਣ ਸਿੰਘ ਪਾਸੋਂ ਮੈਨੂੰ ਗੁਰੂ ਰਾਮ ਸਿੰਘ ਦੇ ਕਾਫੀ ਗਿਣਤੀ ਵਿਚ ਪੱਤਰ ਮਿਲ ਗਏ ਤਾਂ ਇਹਨਾਂ ਨੂੰ ਵਾਚਣ ਉਪਰੰਤ ਕੋਈ ਸ਼ੱਕ ਨਹੀਂ ਰਿਹਾ ਕਿ ਇਹ ਪੱਤਰ ਲੈ ਕੇ ਜਾਣ ਵਾਲਾ ਨਰਾਇਣ ਸਿੰਘ ਗੁਰੂ ਰਾਮ ਸਿੰਘ ਪਾਸੋਂ ਹੁਣੇ ਹੁਣੇ ਪਰਤਿਆ ਵਿਅਕਤੀ ਹੈ ਅਤੇ ਇਹ ਪੱਤਰ ਵੀ ਗੁਰੂ ਰਾਮ ਸਿੰਘ ਦੇ ਬਿਲਕੁਲ ਅਸਲੀ ਪੱਤਰ ਹਨ। "ਕੁਝ ਦਸਤਾਵੇਜ਼ ਬਹੁਤ ਮਹੱਤਵਪੂਰਨ ਹਨ। ਇਹਨਾਂ ਵਿਚ ਛਦਮ ਨਾਮ ਵਰਤੇ ਗਏ ਹਨ। ਬਗਾਵਤੀ ਸਿੱਖਿਆ, ਸਾਡੇ ਵਿਰੁੱਧ ਮੰਦ ਭਾਵਨਾਵਾਂ ਭੜਕਾਉਣ ਵਾਲੀਆਂ, ਰੂਸੀਆਂ, ਅਫਗਾਨਾਂ ਅਤੇ ਅੰਗਰੇਜ਼ਾਂ ਬਾਰੇ ਖ਼ਬਰਾਂ ਪੁੱਛੀਆਂ ਗਈਆਂ ਹਨ, ਇਹ ਜਾਣਕਾਰੀ ਮੰਗੀ ਗਈ ਹੈ ਕਿ ਇਹ ਸੱਚ ਹੈ ਕਿ ਅੰਗਰੇਜ਼ਾਂ ਨੇ ਕਾਬਲ ਵਾਲਿਆਂ ਨਾਲ ਅਮਨ ਅਮਾਨ ਕਰ ਲਿਆ ਹੈ, ਉਹਨਾਂ ਦੇ ਅਨੁਆਈਆਂ ਨੂੰ ਸਾਡੀ ਨੌਕਰੀ ਨਾ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ, ਇਹ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਰਤਮਾਨ ਅਫ਼ਗਾਨ ਯੁੱਧ ਵਿਚ ਕਿੰਨੇ ਪੰਜਾਬੀ ਮਾਰੇ ਗਏ ਹਨ, ਅਤੇ ਕੀ ਉਹਨਾਂ ਮਰਨ ਵਾਲਿਆਂ ਲਈ ਚੋਖਾ ਰੋਣਾ ਧੋਣਾ, ਸਿਆਪਾ ਆਦਿ ਹੋ ਰਿਹਾ ਹੈ, ਵਿਸ਼ੇਸ਼ ਪੁੱਛ ਇਸ ਬਾਰੇ ਕੀਤੀ ਗਈ ਕਿ ਬਡ--ਤੀਰਥ ਤੇ ਕੀ ਰਾਜੇ ਪੁਜਾਰੀ ਆਦਿ ਜਾਂਦੇ ਹਨ, ਜਾਂ ਹੋਰ ਫਕੀਰਾਂ ਦੀ ਗਿਣਤੀ ਉੱਥੇ ਵਧ ਰਹੀ ਹੈ, ਅਤੇ ਕੀ ਭਵਿਖਬਾਣੀਆਂ ਦੀ ਨਕਲ ਨਰਾਇਣ ਸਿੰਘ ਉਸ ਪੋਥੀ ਵਿਚੋਂ ਕਰਕੇ ਲਿਆਇਆ ਹੈ ਜੋ ਬਡ-ਤੀਰਥ ਤਲਾਬ ਵਿਚੋਂ ਮਿਲੀ ਹੈ (ਖੁਦਾਈ ਸਮੇਂ) ਜਾਂ ਕੀ ਇਹ ਘੜੀ ਗਈ ਹੈ ਐਵੇਂ, ਇਹ ਵੀ ਪੁੱਛਿਆ ਹੈ ਕਿ ਰੂਸੀਆਂ ਅਤੇ ਅੰਗਰੇਜ਼ਾਂ ਦੀ ਅਮਨ ਸੰਧੀ ਹੋ ਗਈ ਹੈ, ਜੇ ਇਹ ਹੋ ਗਈ ਹੈ ਤਾਂ ਬੜੀ ਬਿਪਤਾ ਹੈ, ਪਰ ਇੰਜ ਹੋ ਨਹੀਂ ਸੱਕਦਾ ਕਿਉਂਕਿ ਗੁਰੂ ਦੇ ਹੁਕਮ ਮੁਤਾਬਿਕ ਲਹੌਰ ੩੪ ਸਾਲਾਂ ਦੇ ਵਿਚ ਮੁਕਤ ਹੋਣਾ ਚਾਹੀਦਾ ਹੈ (ਫਰੰਗੀਆਂ ਦੇ ਕਬਜ਼ੇ ਤੋਂ), ਇਸ ਭਾਰੀ ਭਰਕਮ ਖ਼ਤੋ ਕਿਤਾਬਤ ਵਿਚ ਜੋ ਵੱਡੇ ਛੋਟੇ, ੧੮-੧੯ ਸਫ਼ਿਆਂ ਤੇ ਫੈਲਿਆ ਹੈ ਬਹੁਤ ਉੱਘੜਵੇਂ ਮਜ਼ਮੂਨ ਬਹਿਸ ਦਾ ਵਿਸ਼ਾ ਹਨ ਅਤੇ ਕਿਉਂਕਿ ਮੈਂ ਪਹਿਲਾਂ ਵੀ (ਗੁਰੂ) ਰਾਮ ਸਿੰਘ ਦੀ ਹੱਥ ਲਿਖਤ ਵੇਖ ਚੁੱਕਿਆ ਹਾਂ ਇਸ ਲਈ ਮੈਂ ਲੋੜੋਂ ਵੱਧ ਤਸੱਲੀਬਖਸ਼ ਹਾਂ ਕਿ ਇਹ ਪੱਤਰ ਵੀ ਉਹਨਾਂ ਦੀ ਹੱਥ ਲਿਖਤ ਹਨ। ਅੱਗੇ ਚੱਲ ਕੇ ਵਾਰਬਰਟਨ ਰੰਗੂਨ ਜਿਹਲ ਦੇ ਕੈਦੀਆਂ ਦੇ ਹਸਪਤਾਲ ਵਿਚੋਂ ਦੁਆਈ ਪਰਚੀਆਂ ਵਾਲੇ ਫਾਰਮਾਂ ਅਤੇ ਕੁਝ ਠੇਕੇ ਲੈਣ ਵਾਲੇ ਰਜਿਸਟਰਾਂ ਦੇ ਵਰਕਿਆਂ ਤੇ ਲਿਖੇ ਹੁਕਮਨਾਮਿਆਂ ਨੂੰ ਠੋਸ ਸਬੂਤ ਵਜੋਂ ਵਰਤਦਾ ਹੈ ਕਿ ਇਹ ਪੱਤਰ ਕਿੱਥੋਂ ਆਏ ਹਨ।

"ਮੈਂ ਨਰਾਇਣ ਸਿੰਘ ਨੂੰ ਆਵਾਰਾਗਰਦ ਅਤੇ ਸ਼ੱਕੀ ਵਿਅਕਤੀ ਵਜੋਂ ਸੀ. ਆਰ. ਪੀ. ਸੀ. ਦੀ ਦਫਾ ੫੦੪ ਅਤੇ ੫੦੫ ਦੇ ਅਧੀਨ ਗਿਰਫਤਾਰ ਕੀਤਾ ਹੈ ਅਤੇ ਹੁਣ ਆਈ. ਜੀ. ਪੁਲੀਸ ਦੀਆਂ ਹਦਾਇਤਾਂ ਦੇ ਇੰਤਜ਼ਾਰ ਵਿਚ ਹਾਂ। ਇਸ ਦੌਰਾਨ ਮੈਂ ਨਰਾਇਣ ਸਿੰਘ ਤੋਂ ਕੁਝ ਉਗਲਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੇ ਉਹ ਅਜੇਹਾ ਕਰਦਾ ਹੈ ਤਾਂ ਕੈਸੀ ਕੀਮਤੀ ਜਾਣਕਾਰੀ ਸਾਨੂੰ ਮਿਲੇਗੀ। ਪ੍ਰੰਤੂ ਮੈਨੂੰ ਇਸ ਮੁਆਮਲੇ ਵਿਚ ਆਪਣੀ ਸਫਲਤਾ ਦੀ ਕੋਈ ਆਸ ਨਹੀਂ।... ਤਹਿਸੀਲਦਾਰ ਦੇ ਸਾਹਮਣੇ ਨਰਾਇਣ ਸਿੰਘ ਇਹ ਮੰਨਿਆ ਹੈ ਕਿ ਇਹ ਪੱਤਰ ਉਸੇ ਪਾਸੋਂ ਪਕੜੇ ਗਏ ਹਨ। ਇਸ ਤੋਂ ਵਧ ਕੋਈ ਵਿਆਖਿਆ ਜਾਂ ਜਾਣਕਾਰੀ ਸਾਨੂੰ ਦੇਣ ਤੋਂ ਉਹ ਨਾਬਰ ਹੈ। ਮੈਂ ਇਹ ਸਾਵਧਾਨੀ ਵਾਲੀਆਂ ਕਾਰਵਾਈਆਂ ਇਸ ਲਈ ਕਰ ਲਈਆਂ ਹਨ (ਤਹਿਸੀਲਦਾਰ ਸਾਹਮਣੇ ਬਿਆਨ) ਕਿ ਇਹਨਾਂ ਬਗਾਵਤੀ ਦਸਤਾਵੇਜ਼ਾਂ ਦੇ ਅਧਾਰ ਤੇ ਸਰਕਾਰ ਜੇ ਚਾਹੇ ਤਾਂ (ਗੁਰੂ) ਰਾਮ ਸਿੰਘ, ਜਾਂ ਨਰਾਇਣ

ਸਿੰਘ ਜਾਂ ਦੋਹਾਂ ਵਿਰੁੱਧ ਮੁਕੱਦਮਾ ਚਲਾ ਸੱਕੇ।...

"ਇਹ ਨਰਾਇਣ ਸਿੰਘ ਉਹੋ ਹੈ, ਜਿਸ ਦਾ ਜ਼ਿਕਰ ਮੈਂ ੩੧ ਮਈ ੧੮੭੯ ਦੇ ਹਫਤੇ ਦੇ ਅਖੀਰ ਵਿਚ, ਆਪਣੀ ਗੁਪਤ ਡਾਇਰੀ ਵਿਚ ਕੀਤਾ ਹੈ।"[7]

ਫਿਰ ਇਹਨਾਂ ੨੮ ਪੱਤਰਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਉਪਰੋਕਤ ਪੱਤਰ ਦੇ ਨਾਲ ਹੀ ਵਾਰਬਰਟਨ ਨੇ ਇਸ ਬੇਨਤੀ ਨਾਲ ਭੇਜਿਆ ਹੈ ਕਿ ਕਿਉਂਕਿ ਇਹ ਅਨੁਵਾਦ ਉਹਨੇ ਪੰਜਾਬੀ ਤੋਂ ਬਹੁਤ ਮੁਸ਼ਕਿਲ ਨਾਲ ਕੀਤਾ ਹੈ, ਇਸ ਲਈ ਜ਼ਰੂਰੀ ਕਾਰਵਾਈ ਬਾਦ ਅੰਗਰੇਜ਼ੀ ਵਿਚ ਅਨੁਵਾਦਿਤ ਇਹ ੨੮ ਪੱਤਰ ਉਸਨੂੰ ਮੂਲ ਰੂਪ ਵਿਚ ਵਾਪਸ ਭੇਜ ਦਿੱਤੇ ਜਾਣ।

੩੧ ਅਗਸਤ ੧੮੭੮ ਤੋਂ ੨੩ ਮਾਰਚ ੧੮੮੧ ਤੱਕ ਪੁਲੀਸ ਕਪਤਾਨ ਵਾਰਬਰਟਨ ਨੇ ਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਦੀਆਂ ਵੱਖ ਵੱਖ ਵਿਅਕਤੀਆਂ ਤੋਂ ਪ੍ਰਾਪਤ ਪੰਜ ਖੇਪਾਂ ਦਾ ਜ਼ਿਕਰ ਆਪਣੇ ਉਚ ਅਧਿਕਾਰੀਆਂ ਨੂੰ ਭੇਜੇ ਪੱਤਰਾਂ ਵਿਚ ਕੀਤਾ ਹੈ। ਇਸ ਕੰਮ ਲਈ ਉਸਨੇ ਸੱਤ ਰੁਪੈ ਮਹੀਨਾ ਤਨਖਾਹ ਲੈਣ ਵਾਲੇ ਈਸ਼ਰ ਸਿੰਘ ਰਵਿਦਾਸੀਆ, ਮਾਈ ਕਰਮੋ ਲੋਹ ਝੋਕਣ ਵਾਲੀ, ਠਾਕੁਰੀਆ ਆਦਿ ਮੁਖਬਰ, ਡੇਰੇ ਭੈਣੀ ਸਾਹਿਬ ਵਿਚ ਤਾਇਨਾਤ ਕੀਤੇ ਸਨ। ਇਹਨਾਂ ਮੁਖਬਰਾਂ ਦੀ ਕਾਰਗੁਜ਼ਾਰੀ ਤੋਂ ਗੁਰੂ ਹਰੀ ਸਿੰਘ ਭਲੀ ਭਾਂਤ ਪਰਿਚਿਤ ਸਨ ਪਰ ਉਹ ਆਪਣੇ ਦਿਆਲੂ ਸੁਭਾਉ ਕਾਰਨ ਇਹਨਾਂ ਨੂੰ ਵੀ ਬਰਦਾਸ਼ਤ ਕਰੀ ਆਉਂਦੇ ਸਨ।

ਜਿਹੜਾ ਹੁਕਮਨਾਮਾ ਭਾਈ ਲਾਲ ਸਿੰਘ ਗੁਮਟੀ ਅਤੇ ਨਰਾਇਣ ਸਿੰਘ ਰੋਡੇ ਦੋਹਾਂ ਨੂੰ ਸਤਿਗੁਰੂ ਜੀ ਵੱਲੋਂ ਇਕੱਠਿਆਂ ਨੂੰ ਸੰਬੋਧਿਤ ਹੈ ਉਸ ਵਿਚ ਗੁਰੂ ਅਤੇ ਸਿੱਖਾਂ ਦੇ ਰਿਸ਼ਤੇ ਦੀ ਬੜੀ ਆਤਮਿਕ ਝਲਕ ਅਤੇ ਨਿਕਟਵਰਤੀਪਣ ਦੇ ਦੀਦਾਰੇ ਹੁੰਦੇ ਹਨ। ਸਤਿਗੁਰੂ ਜੀ ਆਪਣੇ ਸਿੰਘਾਂ ਨੂੰ ਪਰਦੇਸ ਵਿਚ ਆ ਕੇ ਦਰਸ਼ਨ ਦੇਣ ਲਈ ਬਹੁਤ ਵਡਿਆਉਂਦੇ ਵੀ ਹਨ ਅਤੇ ਪੰਜਾਬ ਦੀ ਧਰਤੀ ਅਤੇ ਇਸ ਦੇ ਬਸ਼ਿੰਦਿਆਂ ਨਾਲ ਕਿਹੋ ਜਿਹਾ ਆਤਮਿਕ ਸਬੰਧ ਉਹ ਬਣਾ ਬੈਠੇ ਹਨ, ਇਸ ਦੇ ਝਲਕਾਰੇ ਵੀ ਮਿਲਦੇ ਹਨ :-

੧ਓ ਸਤਿਗੁਰ ਪ੍ਰਸਾਦਿ

"ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਭਾਈ ਲਾਲ ਸਿੰਘ ਜੀ ਤੇ ਨਰੈਣ ਸਿੰਘ ਜੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਹੋਰ ਬੀਬੀ ਪ੍ਰਤਾਪ ਕੌਰਿ ਨੂੰ ਰਾਮ ਸਤਿ ਬਾਚਣੀ।"

"ਹੋਰ ਭਾਈ ਤੁਸਾ ਦਾ ਧੰਨ ਜਨਮ ਹੈ ਜੋ ਏਨੀ ਦੂਰ ਸਮੁੰਦਰੋਂ ਪਾਰ ਆ ਕੇ ਦਰਸ਼ਨ ਦਿੱਤਾ, ਏਨਾ ਤਸੀਹਾ ਸਹਿਆ। ਤੁਸਾ ਤਾ ਭਾਈ ਸਿਖੀ ਬਾਲਾ ਪੂਰਾ ਕੰਮ ਕੀਤਾ, ਮੇਰੇ ਮੈ ਤੇ ਗੁਰਿਆਈ ਦਾ ਕੰਮ ਬਾਲ ਸਮਾਨ ਬੀ ਨਹੀਂ। ਹੋਰ ਭਾਈ ਤੁਸੀਂ ਤਾਂ ਸਾਡੀ ਦੇਹ ਪ੍ਰਾਨ ਹੋ। ਸਾਨੂ ਤਾਂ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾਂ ਓਸਨੂੰ ਬੀ ਬਡੀ ਚਾਹ ਨਾਲ ਮਿਲਦੇ ਹਾਂ। ਸਾਨੂੰ ਤਾਂ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਬੀ ਬਡਾ ਦੁਰਲੰਭ ਹੈ।..

"ਜੇਹੜਾ ਬਡਾ ਗੋਰਾ ਹੈ, ਸਾਰੇ ਦੇਸ਼ਾਂ ਉਤੇ ਜਿਸਦਾ ਹੁਕਮ ਹੈ, ਓਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੇ ਕੋਈ ਆਦਮੀ ਏਸ ਦੇ ਨਾਲ ਬਾਤ ਕਰੇ ਤਾਂ ਓਸਨੂੰ ਕੈਦ ਕਰੋ, ਅਰ ਜੇ ਕੁਛ ਬਾਹਰ ਤੇ ਸਿਟੇ ਅੰਦਰ ਕੇ ਤਾਂ ਅੰਦਰੋ ਬਾਹਰ ਸਿਟੇ ਤਾਂ ਓਸਨੂੰ ਬੀ ਕੈਦ ਕਰੋ। ਅਰ ਕੋਈ ਆਦਮੀ ਨਾ ਏਥੇ ਸੌਹੇ ਖੜਾ ਹੋਣ ਦਿਓ। ਸੋ ਏ ਏਮੇ ਕਰਦੇ ਹੈ। ਪ੍ਰਮੇਸਰ ਨੇ ਏਨਾ ਦੇ ਸੰਤਰੀਆਂ ਦੇ ਮਨ ਮੈ ਨਰਮਾਈ ਪਾਈ ਹੈ, ਤਾਂ ਏਹ ਕੁਛਕ ਬਾਤ ਕਰਾਇ ਦਿੰਦੇ ਹੈਨ।...

"ਭਾਈ ਸਾਨੂੰ ਏਨਾਂ ਦੀ ਤਕੜਾਈ ਦਾ ਕੋਈ ਦੁਖ ਨਹੀਂ ਭਾਮੇ ਬੀਹ ਬੰਦੂਕਾਂ ਕੰਨੇ ਧਰੀ ਫਿਰਨ। ਇਹ ਦੁਖ ਹੈ ਜੋ ਆਪਣੇ ਸਿੰਘਾ ਸਾਥ ਮੇਲਾ ਨਹੀਂ ਹੁੰਦਾ, ਹੋਰ ਸਾਨੂੰ ਕਿਸੇ ਦੇ ਮੇਲੋਂ ਦੀ ਲੋੜ ਨਹੀਂ।...ਸਾਰੀ ਬਾਤ ਦਾ ਤਾਤਪਰਜ ਏਹੁ ਹੈ ਜੋ ਜੇਕਰ ਏਸਦੀ ਅਰਦਾਸ ਜਾਇ ਰਹੀ ਮਾਝੇ ਪੰਜਾਬ ਮੇਂ ਤਾ ਏਸ ਦੇ ਆਦਮੀ ਹੈ ਅਰੁ ਏਸਦਾ ਕਹਾ ਮੰਨਦੇ ਹੈਨ ਤਾ ਏਹੁ ਆਪਣੇ ਸਿੰਘਾ ਨੂੰ ਆਖ ਕੇ ਸਾਡੇ ਲੋਕਾਂ ਦਾ ਸੂੜ ਕਰਵਾਇ ਦੇਊਗਾ। ਏਸ ਦੀ ਬਡੀ ਤਕੜਾਈ ਰਖੋ। ਏਸ ਬਾਤ ਤੇ ਏਨਾ ਨੇ ਮੇਰੀ ਬਡੀ ਤਕੜਾਈ ਰੱਖੀ ਹੋਈ ਹੈ।..."

"ਹੋਰੁ ਭਾਈ ਸਾਨੂੰ ਤਾਂ ਤੁਮਾਰੇ ਦਰਸਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਕਿਸ ਕਰਕੇ ? ਬੁਆਨੂ ਤਾ ਹਮਾਰੇ ਜੈਸੇ ਸਿਖਾ ਦੇ ਦਰਸਨ ਬਹੁਤ ਹੈਨ, ਸਾਨੂੰ ਤਾਂ ਨਾਮ ਜਪਣ ਵਾਲਿਆਂ ਦਾ ਦਰਸਨ ਬਡਾ ਦੁਰਲੰਭ ਹੈ। ਜੇ ਗੁਰੂ ਕਰਾਊਗਾ ਤਾ ਭਾਈ ਸੰਗਤ ਦੇ ਈ ਦਰਸਨ ਕਰਨੇ ਹੈਨ, ਸੰਗਤ ਨੂੰ ਹੀ ਦੇਣੇ ਹੈ। ਹਮਾਰਾ ਤਾਂ ਭਾਈ ਸਾਕ ਨਾਤਾ ਸਾਧ ਸੰਗਤਿ ਈ ਹੈ। ਗੁਰੂ ਸਾਹਿਬ ਅਗੇ ਬੇਨਤੀ ਏਹੁ ਕਰਦੇ ਹਾਂ ਜੋ ਗੁਰੂ ਜੀ ਸਾਨੂੰ ਆਪਣੀ ਸੰਗਤ ਦੇ ਦਰਸ਼ਨ ਕਰਾਓ, ਅਗੇ ਜੋ ਗੁਰੂ ਨੂ ਭਾਵੇ।"

"ਭਾਈ ਅਸਚਰਜ ਖੇਲ ਹੋਇ ਰਹਾ ਹੈ। ਇਕਨਾ ਨੂ ਤੇ ਇਉ ਦਿੜਾਇ ਛਡੀ ਹੈ ਜੋ ਏਹੁ ਬਹੁਤ ਬੁਰਾ ਹੈ, ਇਕਨਾ ਨੂੰ ਏਹੁ ਦਿੜਾਇ ਛਡੀ ਹੈ ਜੋ ਏਸਦੇ ਮਿਲੇ ਤੇ ਬੜਾ ਫਾਇਦਾ ਹੈ। ਅਗੇ ਭਾਈ ਗੁਰੂ ਜਾਣੇ ਏਸ ਬਾਤ ਨੂ, ਨਾਲੇ ਨਫੇ ਟੋਟੇ ਨੂ। ਪਰ ਜੀ ਤੁਸੀਂ ਏਹੁ ਬਾਤ ਪ੍ਰਤੀਤ ਕਰਕੇ ਜਾਣਨੀ ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ, ਪ੍ਰਮੇਸਰ ਨੇ ਪਾਇ ਛੋਡਾ ਹੈ

ਏਨਾ ਨੂ। ਮੈਂ ਤਾਂ ਜੀ ਨਾ ਭੈ ਦੇਣ ਜੋਗਾ ਹਾ ਨਾ ਕੁਝ ਬਖਸ ਈ ਕਰਨ ਜੋਗਾ ਹਾਂ। ਸਭ ਕੁਛ ਗੁਰੂ ਜੀ ਦੇ ਈ ਹਥ ਮੈ ਹੈ।

"ਹੋਰ ਭਾਈ ਜੇ ਏ ਮਲੇਛ ਮਿਲਣ ਦੇਣ ਤਾਂ ਬਚਨ ਬਲਾਸ ਤਾਂ ਐਤਨੇ ਕਰੀਏ ਤੇ ਸੁਣੀਏ ਰਾਤ ਦਿਨੇ ਵੇ ਗਿਣਤ, ਪਰ ਜੀ ਪ੍ਰਮੇਸਰ ਦੀ ਮਰਜੀ ਐਸੀ ਈ ਹੈ। ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾਂ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤ ਨਹੀਂ ਹੁੰਦੀ। ਜੇ ਮੇਲਾ ਹੋਵੇ ਤਾਂ ਅਛੇ ਪ੍ਰਸਾਦਿ ਛਕਾਈਏ, ਬਹੁਤ ਬਚਨ ਪੁਛੀਏ ਸੁਣਾਈਏ। ਭਾਈ ਅਸੀਂ ਏਸੇ ਵਾਸਤੇ ਮਨੇ ਕਰਦੇ ਹਾਂ ਜੋ ਮੇਲਾ ਕੁਛ ਹੁੰਦਾ ਨਹੀਂ। ਆਮਣ ਜਾਣ ਦੀ ਤਕਲੀਫ ਬਡੀ ਹੈ। ਮੇਲਾ ਤਾਂ ਗੁਰੂ ਕਰਾਊ ਤਾਂ ਹੋਊ, ਨਹੀਂ ਤਾਂ ਹੁਣ ਤਾਂ ਮੇਲਾ ਕੁਛ ਨਹੀਂ। ਸਾਨੂੰ ਤਾਂ ਬਡੀ ਚਿੰਤਾ ਰਹਿੰਦੀ ਹੈ ਜਿਤਨਾ ਚਿਰ ਸੁਖ ਸਾਂਦ ਨਾਲ ਤੁਰ ਨਹੀਂ ਜਾਂਦੇ ਸਿੰਘ। ਏ ਮਲੇਛ ਬੜੇ ਨਿਰਦਏ ਹੈ। ਏਨਾ ਨੂੰ ਗੁਰੂ ਈ ਸਭਾਲੂਗਾ।"[8]

"ਬਡ ਤੀਰਥ" ਜਿਸਨੂੰ ਉਪਰੋਕਤ ਹੁਕਮਨਾਮੇ ਵਿਚ ਕਿਹਾ ਗਿਆ ਹੈ ਇਹ ਤਦੋਂਕੇ ਸਿਰਸਾ ਜ਼ਿਲ੍ਹਾ (ਹੁਣ ਵਾਲੇ ਫੀਰੋਜ਼ਪੁਰ ਦੇ ਅਬੋਹਰ ਇਲਾਕੇ ਦੇ ਪਾਸ) ਹਰੀਪੁਰ ਪਿੰਡ ਦੀ ਜੂਹ ਵਿਚ ਇਕ ਤਲਾਬ ਸੀ, ਜਿਸ ਦੇ ਤਲ ਦੀ ਖੁਦਾਈ ਸਮੇਂ ਅਕਤੂਬਰ ੧੯੭੬ ਵਿਚ, ਚਰਨਦਾਸ, ਉਦਾਸੀ ਫਕੀਰ ਨੂੰ ਇਕ ਲੋਹੇ ਦਾ ਪਿੰਜਰਾ ਮਿਲਿਆ। ਜੋ ਕਿ ਬਾਹਰ ਕੱਢਣ ਬਾਅਦ ਟੁਕੜੇ ਟੁਕੜੇ ਹੋ ਗਿਆ। ਇਸ ਵਿਚ ਇਕ ਪੋਥੀ ਸੀ ਜਿਹੜੀ ਵੀ ਬਹੁਤ ਪੁਰਾਣੀ ਅਤੇ ਨਸ਼ਟ ਹੋਣ ਦੇ ਲਾਗੇ ਚਾਗੇ ਸੀ। ਇਕ ਸੰਗਮਰਮਰ ਦਾ ਸਫੈਦ ਟੁਕੜਾ ੧੨ ਵਰਗ ਇੰਚ ਦਾ, ਜਿਸ ਤੇ ਬਾਲ ਗੁਰੂ ਨਾਨਕ ਦੇ ਚਰਨ ਉੱਕਰੇ ਹੋਏ ਸਨ। ਦੋ ਹੁਕਮਨਾਮੇ ਸਨ ਜਿਹਨਾਂ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਸੀ। ਇਹ ਪੜ੍ਹਿਆ ਨਹੀਂ ਸੀ ਜਾਂਦਾ ਅਤੇ ਦੂਜਾ ਸਾਫ ਪੜ੍ਹਿਆ ਜਾਂਦਾ ਸੀ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਮੁਗਲਾਂ ਨਾਲ ਜੰਗਾਂ ਸਮੇਂ, ਹਰੀਪੁਰਾ ਉਹਨਾਂ ਦੇ ਮਾਰਗ ਵਿਚ ਪੈਂਦਾ ਸੀ, ਇਸ ਲਈ ਹੁਕਮਨਾਮੇ ਦੇ ਅਸਲੀ ਹੋਣ ਬਾਰੇ ਕੋਈ ਸ਼ੱਕ ਨਹੀਂ ਸੀ। ਇਸ ਮਾਮਲੇ ਦੀ ਰੀਪੋਰਟ ਜਦੋਂ ਸਿਰਸੇ ਦੇ ਡਿਪਟੀ ਕਮਿਸ਼ਨਰ ਵੇਕਫੀਲਡ ਨੂੰ ਮਿਲੀ, ਜਿਹੜਾ ਜਾਣਦਾ ਸੀ ਕਿ ਚਰਨਦਾਸ ਉਦਾਸੀ ਫ਼ਕੀਰ ਹੈ ਅਤੇ ਹਰੀਪੁਰ ਬਿਸ਼ਨੋਈਆਂ ਦਾ ਪਿੰਡ ਹੈ, ਗੁਰੂ ਸਾਹਿਬ ਨਾਲ ਸਬੰਧਿਤ ਵਸਤਾਂ, ਸਿਰਸਾ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ, ਮੁੱਖ ਪੁਜਾਰੀ ਭਾਈ ਨੰਦ ਸਿੰਘ ਪਾਸ ਸੁਰੱਖਿਅਤ ਰੱਖਣ ਲਈ ਭੇਜ ਦਿੱਤੀਆਂ ਸਨ। ਇਸ ਹੁਕਮਨਾਮੇ ਵਿਚ ਕੱਤਕ ਪੁੰਨਿਆਂ ਨੂੰ ਇੱਥੇ ਹਰੀਪੁਰ ਆਉਣ ਵਾਲੇ ਹਰ ਸਿੱਖ-ਸਿੱਖਣੀ ਨੂੰ ਗੁਰੂ ਸਾਹਿਬ ਨੇ ਨਿਹਾਲ ਹੋਣ ਅਤੇ ਆਪਣੇ ਦਰਸ਼ਨਾਂ ਦਾ ਫਲ ਦੇਣ ਦਾ ਬਚਨ ਲਿਖਿਆ ਸੀ। ਕੁਝ ਸਮੇਂ ਬਾਦ ਚਰਨਦਾਸ ਸਿੰਘ ਸਜ ਗਿਆ ਅਤੇ ਇਕ ਪੋਥੀ ਉਸਨੇ ਹੋਰ ਵਸਤਾਂ ਨਾਲ ਇੱਥੇ ਲਿਆ ਕੇ, ਇਹ ਪਰਚਾਰ ਸ਼ੁਰੂ ਕੀਤਾ ਕਿ ਇਹ ਅਸਲੀ ਹਨ, ਸਿਰਸੇ ਵਿਚ ਜਾਣ ਵਾਲੀਆਂ ਨਕਲੀ ਹਨ। ਖ਼ੈਰ ਕੁਝ ਵੀ ਹੋਵੇ ਇਸ ਪੋਥੀ ਵਿਚ ਨਾਮਧਾਰੀ ਜਾਂ ਕੂਕਾ ਗੁਰੂ ਰਾਮ ਸਿੰਘ ਦੇ ਪ੍ਰਗਟ ਹੋਣ ਦੇ ਹਵਾਲੇ ਮਿਲਦੇ ਸਨ ਅਤੇ ਉਹਨਾਂ ਦੇ ਸਿੰਘਾਂ ਦੁਆਰਾ ਪਰਗਟ ਹੋ ਕੇ ਮੜ੍ਹੀਆਂ ਗੋਰਾਂ ਢਾਹੁਣ, ਗਊਆਂ ਦੀ ਰੱਖਿਆ ਲਈ ਕਾਰਵਾਈਆਂ ਅਤੇ ਸਤਿਗੁਰੂ ਜੀ ਦੇ ਪਰਦੇਸ ਜਾਣ ਦੇ ਹਵਾਲੇ ਸਨ। ਸਤਿਗੁਰੂ ਜੀ ਦੇ ਪਰਦੇਸ ਤੋਂ ਵਾਪਸ ਭੈਣੀ ਸਾਹਿਬ ਆ ਕੇ ਰਾਮ ਸਰ ਵਿਖੇ ਇਸ਼ਨਾਨ ਕਰਨ ਅਤੇ ਫਿਰ ਬਡ ਤੀਰਥ ਤੇ ਇਸ਼ਨਾਨ ਕਰਨ ਜਾਣ ਦੇ ਭਵਿੱਖ ਵਾਕ ਸਨ। ਉਪਰੋਕਤ ਚਰਨ ਦਾਸ ਨੇ ਨਵੰਬਰ ੧੯੭੬ (ਅਮੂਮਨ ਕੱਤਕ ਪੁੰਨਿਆ) ਨੂੰ ਪਹਿਲਾ ਮੇਲਾ ਬਡ ਤੀਰਥ ਵਿਖੇ ਸ਼ੁਰੂ ਕੀਤਾ। ਮੂਲ ਸਿੰਘ ਅਤੇ ਬੁੱਧ ਸਿੰਘ (ਗੁਰੂ ਹਰੀ ਸਿੰਘ) ਭੈਣੀ ਸਾਹਿਬ ਦੇ ਕੂਕਿਆਂ ਨੇ ਵੀ ਇੱਥੇ ਹੋਰ ਚਾਰ ਮੰਦਰ ਗੁਰਦੁਆਰਿਆਂ ਤੋਂ ਇਲਾਵਾ ਆਪਣਾ ਗੁਰਦੁਆਰਾ ਬਡ ਤੀਰਥ ਦੇ ਉੱਤਰ ਵੱਲ ਸਥਾਪਿਤ ਕੀਤਾ। ਸਰੋਵਰ ਤੋਂ ਇਕ ਮੀਲ ਦੀ ਵਿੱਥ ਤੇ ਨੰਦ ਸਿੰਘ ਕੂਕੇ ਨੇ ਵੀ ਇਕ ਕੱਚਾ ਗੁਰਦੁਆਰਾ ਬਣਾਇਆ, ਜਿੱਥੇ ਅੰਮ੍ਰਿਤ ਛਕਾਇਆ ਜਾਂਦਾ ਸੀ। ਸੰਨ ੧੯੭੬ ਵਾਲੇ ਪਹਿਲੇ ਮੇਲੇ ਵਿਚ ਕੂਕੇ ਸਿੰਘ ਵੱਡੀ ਗਿਣਤੀ ਵਿਚ ਆਏ। ਅਤੇ ਸੰਭਾਵਿਤ ਹੈ ਕਿ ਭਾਈ ਨਰਾਇਣ ਸਿੰਘ ਰੋਡੇ ਨੂੰ, ਉਸੇ ਸਮੇਂ ਉਪਰ ਵਰਣਿਤ ਪੋਥੀ ਦੇ ਦਰਸ਼ਨ ਹੋਏ ਹੋਣਗੇ, ਜਿਸ ਦਾ ਉਤਾਰਾ ਕਰਕੇ ਉਹ ਬਾਅਦ ਵਿਚ ਰੰਗੂਨ, ਸਤਿਗੁਰੂ ਰਾਮ ਸਿੰਘ ਜੀ ਪਾਸ ਲੈ ਗਿਆ ਸੀ, ਜਿਸ ਦਾ ਜ਼ਿਕਰ ਆਪ ਦੇ ਹੁਕਮਨਾਮਿਆਂ ਵਿਚ ਕਈ ਥਾਈਂ ਆਉਂਦਾ ਹੈ। ਇਉਂ ਅਸੀਂ ਵੇਖਦੇ ਹਾਂ ਕਿ ਭਾਈ ਨਰਾਇਣ ਸਿੰਘ ਆਪਣੇ ਪੰਥ ਦੀ ਚੜ੍ਹਦੀ ਕਲਾ ਵੇਖਣ ਦਾ ਕਿੰਨਾ ਖਾਹਸ਼ਮੰਦ ਸੀ ਅਤੇ ਅੱਜ ਤੋਂ ਸਵਾ ਡੇਢ ਸਦੀ ਪਹਿਲਾਂ ਦੇ ਵਕਤ ਵਿਚ, ਜਿਹਨਾਂ ਢੰਗ ਤਰੀਕਿਆਂ ਨਾਲ, ਪੰਥਕ ਪਰਚਾਰ ਕੀਤਾ ਜਾਂਦਾ ਸੀ ਜਾਂ ਸਖਤੀਆਂ ਦੇ ਦੌਰ ਵਿਚ ਆਪਣੀ ਸੰਗਤ ਦਾ ਹੌਂਸਲਾ ਬੰਨ੍ਹਾਈ ਰੱਖਣ ਲਈ, ਜੋ ਜੋ ਸਾਧਨ ਵਰਤਣੇ ਕਾਰਗਰ ਹੋ ਸੱਕਦੇ ਸਨ, ਉਹਨਾਂ ਵਿਚ ਭਾਈ ਰੋਡੇ ਸਿੱਧ ਹਸਤ ਸੀ।[9]

ਇਸ ਪਹਿਲੀ ਫੇਰੀ ਤੋਂ ਤਕਰੀਬਨ ਸਾਲ ਸਵਾ ਸਾਲ ਬਾਅਦ "ਫੇਰ ਨਰੈਣ ਸਿੰਘ ਰੋਡਿਆਂ ਕਾ ਤੇ ਮਸਤਾਨ ਸਿੰਘ ਰਾਈਆਂ (ਜ਼ਿਲ੍ਹਾ ਲੁਧਿਆਣਾ) ਕਾ ਦੋਨੋ ਗਏ ਰੰਗੂਨ ਮੇਂ! ਬਚਨ ਬਲਾਸ ਕੋਈ ਨਹੀਂ ਹੋਇਆ। ਹਾਲ ਹਵਾਲ ਦੇਖਿਆ

ਸੁਣਿਆ। ਬਹੁਤ ਕਰੜਾਈ ਹੋਣ ਕਰਕੇ ਮੁੜ ਆਏ।"[10]

ਪਰੰਤੂ ਇਸ ਦੂਜੀ ਫੇਰੀ ਵਿਚ, ਜੋ ੧੯੮੦ ਈ. ਦੇ ਅੱਧ ਤੋਂ ਬਾਅਦ ਉਸ ਸਮੇਂ ਦੀ ਹੈ ਜਦੋਂ ਅੰਗਰੇਜ਼ ਸਰਕਾਰ, ਕੌਮਾਂਤਰੀ ਸਥਿਤੀ ਵਿਚ ਕੁਝ ਤਬਦੀਲੀਆਂ ਵਾਪਰਨ ਕਰਕੇ ਅਤੇ ਪੰਜਾਬ ਵਿਚ ਕੂਕੇ ਸਿੰਘਾਂ ਦੁਆਰਾ ਗੁਰਬਾਣੀ ਪਾਠ ਭੋਗ, ਵਰਨੀਆਂ, ਹਮਨ, ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਆਦਿਕ ਸਰਗਰਮੀਆਂ ਵਿਚ ਉਛਾਲ ਆਇਆ ਵੇਖ ਕੇ ਅਤੇ ਪੰਜਾਬ ਤੋਂ ਦੋ ਦੋ ਦਰਜਨ ਕੂਕਿਆਂ ਦਾ, ਗਰੁੱਪ ਬਣਾ ਬਣਾ ਕੇ ਰੰਗੂਨ ਵੱਲ, ਗੁਰੂ ਦਰਸ਼ਨਾਂ ਲਈ ਪਰਵਾਹ ਚੱਲ ਪੈਣ ਕਾਰਨ, ਚਿੰਤਾਤੁਰ ਸੀ ਤਾਂ ਆਪ ਜੀ ਉਤੇ ਅਤੇ ਆਉਣ ਵਾਲੇ ਸਿੰਘਾਂ ਤੇ ਨਿਗਰਾਨੀ ਵਧਾ ਦਿੱਤੀ ਗਈ ਸੀ। ਪਰ ਬੇਸ਼ਕ ਕਿੰਨੀ ਵੀ ਸਖਤੀ ਸੀ, ਇਸ ਫੇਰੀ ਵਿਚ ਸਿੱਖ ਤਖਤਾਂ ਦੇ ਪੁਜਾਰੀਆਂ ਦੇ ਨਾਮ ਇਕ ਹੁਕਮਨਾਮਾ, ਸਤਿਗੁਰੂ ਜੀ, ਭਾਈ ਰੋਡੇ ਦੇ ਹੱਥ ਭੇਜਣ ਵਿਚ ਸਫਲ ਹੋ ਗਏ ਸਨ। ਇਸ ਹੁਕਮਨਾਮੇ ਵਿਚ ਦਸਵੇਂ ਪਾਤਸ਼ਾਹ ਦੀ ਰਹਿਤ ਮਰਿਆਦਾ ਧਾਰਨ ਕਰਨ ਵਾਲੇ ਅਤੇ ਉਹਨਾਂ ਦੇ ਹੁਕਮ ਅਨੁਸਾਰ ਹੀ ਸਜਣ ਵਾਲੇ ਨਾਮਧਾਰੀ ਸੰਤ ਖਾਲਸੇ ਦੀ ਮੁਹੰਮਦੀ ਕਲਾਮ ਪੜ੍ਹਨ ਦੀਆਂ ਮਨਘੜਤ ਊਜਾਂ ਲਾ ਕੇ ਤਕਰੀਬਨ ੧੮ ਵਰ੍ਹੇ ਪਹਿਲਾਂ, ੧੯੬੨ ਈ. ਦੀ ਦੀਪਮਾਲਾ ਸਮੇਂ, ਸ੍ਰੀ ਅੰਮ੍ਰਿਤਸਰ ਅਕਾਲ ਤਖਤ ਆਦਿ ਦੇ ਪੁਜਾਰੀਆਂ ਵਲੋਂ ਸਿੱਖੀ ਤੋਂ ਕੂਕਿਆਂ ਨੂੰ ਖਾਰਜ ਕਰਨ ਦੀਆਂ ਕਾਰਵਾਈਆਂ ਲਈ, ਉਹਨਾਂ ਨੂੰ ਮੂੰਹ ਤੋੜ ਉਤਰ ਦਿੱਤਾ ਗਿਆ ਸੀ ਅਤੇ ਸ਼ੀਸ਼ਾ ਵਿਖਾ ਕੇ ਸਿੱਧ ਕੀਤਾ ਸੀ ਕਿ ਇਹ ਸੰਤ ਖਾਲਸਾ "ਗੁਰੂ-ਪਰਮੇਸ਼ਰ" ਦੇ ਭਾਣੇ ਵਿਚ ਹੀ ਪ੍ਰਗਟ ਹੋਇਆ ਹੈ ਅਤੇ ਹੁਣ ਤਕ ਇਤਨੀਆਂ ਸਖਤੀਆਂ ਮੁਸੀਬਤਾਂ ਝਾਗ ਕੇ ਵੀ ਆਪਣੇ ਗੁਰਮਤਿ-ਮਾਰਗ ਤੇ ਗੁਰੂਭਾਣੇ ਵਿਚ ਅਡੋਲ ਖਲੋਤਾ ਹੈ ਸੋ ਜਾ ਤਾਂ ਹੁਣ ਤੁਸੀਂ ਸਾਰੇ ਸਿੱਖ-ਰਾਜੇ, ਮਹਾਰਾਜੇ ਸਿੰਘ ਸਭਾ, ਚੀਫ ਖਾਲਸਾ ਦੀਵਾਨ ਵਾਲੇ, ਵੱਡੇ ਵੱਡੇ ਸ਼ਾਹੂਕਾਰ, ਬਲਧਾਰੀ ਜੋ ਅੰਗਰੇਜ਼ਾਂ ਦੇ ਸੰਗੀ ਸਾਥੀ ਹਨ ਇਹਨਾਂ "ਮਨਮੱਤੀਏ ਕੂਕਿਆਂ" ਦਾ ਖੁਰਾ ਖੋਜ ਮਿਟਾ ਦਿਉ ਤੇ ਜਾਂ ਫਿਰ ਆਪਣੀ ਗਲਤੀ ਦਾ ਪਸ਼ਚਾਤਾਪ ਕਰੋ। ਜਿੱਥੇ ਜਿੱਥੇ ਲਿਖ ਕੇ ਭੇਜਿਆ ਸੀ ਕਿ ਕੂਕੇ ਸਿੱਖ ਨਹੀਂ ਉੱਥੇ ਉੱਥੇ ਲਿਖ ਕੇ ਭੇਜੋ ਕਿ ਇਹ ਕੂਕੇ ਹੀ, ਜੋ "ਸਿੱਖੀ ਨੂੰ ਬੰਨ੍ਹ ਪਾਉਣ ਵਾਲੇ ਹਨ, ਧੰਨ ਹਨ।" ਇਸ ਹੁਕਮਨਾਮੇ ਵਿਚ ਆਪ ਫੁਰਮਾਉਂਦੇ ਹਨ :-

"ਕੂੜ ਮੈ ਫੁਰਤੀ ਚਲਾਕੀ ਤਾ ਬਡੀ ਹੈ ਪਰ ਦਮ ਨਹੀਂ ਸਚ ਬਰਾਬਰ..."

"ਸਾਰੇ ਰਾਜੇ ਸਿੰਘ ਕੂਕਿਆਂ ਦਾ ਲਹੂ ਪੀਣ ਲਾਇ ਦਿਤੇ ਹੈਨ।"

"ਅਸੀਂ ਤਾਂ ਬਾਣੀ ਗ੍ਰੰਥ ਸਾਹਿਬ ਦੀ ਪੜਨੀ ਹੈ ਦੋਹਾ ਦੀ ਅਰ ਮੰਤ੍ਰ ਸੋ ਪੜਣਾ ਹੈ ਜੋ ਦਸਾ ਗੁਰਾਂ ਵਿਚ ਪ੍ਰਮਾਨ ਹੋਵੇ, ਨਿਹੰਗਾ ਨਾਗਿਆ ਮੈ ਬੀ, ਸਿਖਾ ਸਾਧਾ ਮੈ ਬੀ ਪ੍ਰਮਾਨ ਹੋਵੇ।"[11]

ਪੁਜਾਰੀਆਂ ਨੂੰ ਸੰਬੋਧਿਤ ਹੁਕਮਨਾਮਾ ਨੰ. ੬੦ ਤੋਂ ਅਗਲਾ ਹੁਕਮਨਾਮਾ ਸਤਿਗੁਰੂ ਜੀ ਭਾਈ ਨਰਾਇਣ ਸਿੰਘ ਰੋਡੇ ਨੂੰ ਸੰਬੋਧਿਤ ਕਰਦੇ ਹਨ। ਇਸ ਵਿਚ ਲਿਖਦੇ ਹਨ ਕਿ ਪੁਜਾਰੀਆਂ ਦੀਆਂ ਅਰਦਾਸਾ ਤਾਂ ਤੁਸੀਂ ਆਪਣੇ ਪਾਸ ਰੱਖਣੀਆਂ ਅਤੇ ਇਹਨਾਂ ਦਾ ਉਤਾਰਾ ਕਿਸੇ ਅੱਛੇ ਲਿਖਾਰੀ ਤੋਂ ਕਰਵਾ ਕੇ ਸੁੱਧ ਲਿਖਾ ਕੇ ਸੰਚੀ ਬਣਾ ਲੈਣੀ। "ਜੋ ਇਸ ਮੈਂ ਅਖ੍ਰ ਲਿਖੇ ਹੈ ਸੋਈ ਲਿਖਣੇ, ਬਧਿ ਘਟਿ ਨਾ ਲਿਖਣੇ। ਮੇਰੀ ਲਿਖਤ ਤੂ ਆਪਣੇ ਪਾਸ ਹੀ ਰਖੀ। ਜਿਸਨੂੰ ਤੇਰੀ ਮਰਜੀ ਹੋਵੇ ਉਸਨੂੰ ਦਿਖਾ ਦੇਈ। ਤੂ ਸਿਆਣਾ ਈ ਹੈ ਨਾ, ਤੈਨੂੰ ਕੀ ਸਮਝਾਉਣਾ ਹੈ ਬਹੁਤਾ।... ਤੂ ਆਪ ਨਾ ਲਿਖੀ ਕਿਸੇ ਲਿਖਾਰੀ ਤੋਂ ਲਿਖਾਈ ਸੋਹਣੇ ਅਖ੍ਰੀ। ਤੇਰੀ ਲਿਖਤ ਜਰਾ ਰਲੀ ਮਿਲੀ ਹੁੰਦੀ ਹੈ।

"ਏਹੁ ਬਾਤਿ ਤੈ ਅਛਾ ਕੀਤਾ ਹੈ ਵਿਆਹਿ ਆਪਣੇ ਦੀ ਬਾਤਿ ਸੁਣਾ ਦਿੱਤੀ, ਮੈ ਪੁਛਣੀ ਸੀ ਤੈਨੂੰ। ਭਾਈ ਜੀ ਇਕ ਸੁਖ ਦੀ ਕੀ ਬਾਤ ਹੈ, ਗੁਰੂ ਜੀ ਗਰੰਥ ਜੀ ਮੈ ਲਿਖਾ ਹੈ ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦ।

"ਹੋਰ ਕਲਪ ਵਿਰਛੁ ਨਹੀ, ਨਾਮ ਹੀ ਕਾਮਧੇਨ ਕਲਪ ਬਿਰਛ ਹੈ।.."

"ਹੋਰ ਭਾਈ ਤੂ ਜੋ ਸੀਤ ਪ੍ਰਸਾਦਿ ਦੀ ਬਾਤ ਲਿਖੀ ਹੈ, ਸੋ ਜੀ ਸੀਤ ਪ੍ਰਸਾਦੁ ਤਾ ਮੇਰਾ ਬਚਨ ਹੈ। ਜੋ ਬਚਨ ਮੰਨੇਗਾ ਉਸਕੋ ਅਨੇਕ ਸੁਖ ਹੋਣਗੇ। ਜੂਠੇ ਟੁਕੜੇ ਤੇ ਕੁਛੁ ਨਹੀ ਲਾਭ ਹੁੰਦਾ।... ਸਭ ਕੋ ਹੁਕਮੁ ਸੁਣਾ ਦੇਣਾ ਨਾ ਕੋਈ ਜੂਠਾ ਦੇਵੇ ਕਿਸੇ ਕੋ, ਨਾ ਕੋਈ ਜੂਠਾ ਖਾਵੇ ਕਿਸੇ ਦਾ।"

"ਭਾਈ ਮੈ ਤੇਰੇ ਜਿਤਨੀਆ ਹਰਿਦਾਸਾ ਨਹੀਂ ਅਗੇ ਦਿੱਤੀਆਂ ਕਿਸੇ ਨੂੰ। ਅੰਬ੍ਰਸਰ ਜੀ ਜਾ ਕੇ ਸ੍ਰਬਤ ਕੋ ਮੇਰੀ ਰਾਮਸਤਿ ਫਤੇ ਬੁਲਾਈ।"[12]

ਅੰਮ੍ਰਿਤਸਰ ਵਿਖੇ ਜਾ ਕੇ ਆਪ ਨੇ ਸਤਿਗੁਰੂ ਜੀ ਵਾਲੇ ਹੁਕਮਨਾਮੇ ਦਾ ਉਤਾਰਾ ਸਿੱਖ ਤਖਤਾਂ ਦੇ ਪੁਜਾਰੀਆਂ ਨੂੰ ਕਿਵੇਂ ਸੁਣਾਇਆ, ਇਹਦਾ ਸਟੀਕ ਵਰਣਨ, ਸਤਿਗੁਰੂ ਪਰਤਾਪ ਸਿੰਘ ਜੀ ਬਾਬਾ ਰੋਡੇ ਤੋਂ ਉਸਦੀ ਜ਼ੁਬਾਨੀ ਸੁਣ ਚੁੱਕੇ ਸਨ, ਜੋ ਉਹਨਾਂ ਦੇ ੧੯੫੩ ਵਿਚ ਬੈਂਕੌਕ ਵਿਖੇ ਰੀਕਾਰਡ ਹੋਏ, ਉਪਦੇਸ਼ ਵਿਚ ਇਉਂ ਦਰਜ ਹੈ– "ਐਸੀ ਖੇਡ ਬਣਾਈ, ਹੁਕਮਨਾਮਾ ਲੈ ਕੇ ਇਹ ਅਕਾਲ ਤਖਤ ਗਏ। ਬਾਬੇ ਨਰਾਇਣ ਸਿੰਘ ਹੋਰਾਂ ਮੈਨੂੰ ਆਪ ਸੁਣਾਇਐ, ਕਹਿਣ

ਲੱਗੇ, "ਜਿਸ ਵੇਲੇ ਉੱਥੇ ਅਸੀਂ ਗਏ, ਉਹਨਾਂ ਨੇ ਇਹ ਚਾਲ ਕੀਤੀ—ਬਈ, ਤੁਹਾਡੇ ਗੁਰੂ ਦਾ ਲਿਖਿਐ, ਤੁਸੀਂ ਸੁਣਾਉ।" ਸਾਨੂੰ ਤੇ ਪੜ੍ਹਨ ਲਾ ਦਿੱਤਾ, ਕੋਤਵਾਲੀ ਨੂੰ, ਪੁਲਿਸ ਵੱਲ ਆਦਮੀ ਭੇਜ ਦਿੱਤਾ। ਅਸੀਂ ਹੁਕਮਨਾਮਾ ਪੜ੍ਹ ਕੇ, ਸੁਣਾ ਕੇ, ਲੈ ਕੇ ਹੁਕਮਨਾਮਾ ਓਥੋਂ ਤੁਰ ਆਏ। ਉਹ ਕੋਤਵਾਲੀ ਜਿਹੜਾ ਆਦਮੀ ਆਇਆ, ਉਹਨੂੰ ਦੇਰ ਲੱਗ ਗਈ। ਜਦੋਂ ਉਥੇ ਬ੍ਰਹਮ ਬੂਟੇ ਦੇ ਕੋਣੇ ਉੱਤੇ ਅਸੀਂ ਆ ਗਏ ਤੁਰ ਕੇ ਅਕਾਲ ਤਖਤੋਂ ਤੇ ਉੱਥੇ ਆ ਕੇ ਉਹ ਸਿਪਾਹੀ ਕਹਿੰਦੇ, "ਉਹ ਕਿੱਥੇ ਹੈ ਚਿੱਠੀ ਜਿਹੜੀ ਤੁਸੀਂ ਲਿਆਏ ਹੋ?"

"ਅਸੀਂ ਆਖਿਆ, "ਅਸੀਂ ਤੇ ਉਹ ਪੁਜਾਰੀਆਂ ਨੂੰ ਦੇ ਆਏ ਹਾਂ।" ਜੇ ਕਹਿ ਦਿੰਦੇ—ਹੈ, ਉਹ ਲੈ ਲੈਂਦੇ, ਨਾ ਹੁਕਮਨਾਮਾ ਰਹਿੰਦਾ ਸਾਡੇ ਕੋਲ। ਉਹ ਉਧਰ ਮੁੜ ਗਏ, ਉਹ ਨਿਕਲ ਆਏ। ਇਹ ਹੁਕਮਨਾਮਾ ਉਹ ਹੈ ਜਿਹੜਾ ਪੁਜਾਰੀਆਂ ਨੂੰ ਸਤਿਗੁਰਾਂ ਨੇ ਲਿਖਿਆ ਕਿ ਤੁਸਾਂ ਆਹ ਕੁਝ ਕੀਤਾ ਹੈ।"[13]

ਜਦੋਂ ੧੮ ਸਿਤੰਬਰ ੧੮੮੦ ਈ. ਨੂੰ 'ਅਨੰਦ' ਨਾਮ ਦੇ ਜਹਾਜ਼ ਤੇ ਚੜ੍ਹਾ ਕੇ, ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਵਿਚਲੇ ਸਿੰਘਾਂ ਨਾਲੋਂ ਖ਼ਤ ਪੱਤਰੀ ਸਬੰਧ ਵਿਛੇਦ ਕਰਨ ਲਈ, ੨੧ ਸਿਤੰਬਰ ਨੂੰ ਮਰਗੋਈ ਟਾਪੂ ਵਿਚ ਲੈ ਜਾਂਦੇ ਹਨ ਤਾਂ ਗੁਰੂ ਹਰੀ ਸਿੰਘ ਜੀ ਨੂੰ ਸਤਿਗੁਰੂ ਜੀ ਦੇ ਨਵੇਂ ਥਾਂ ਟਿਕਾਣੇ ਬਾਰੇ ਚਿੰਤਾ ਹੋਈ। ਬਾਹੋਵਾਲ ਜੀ ਲਿਖਦੇ ਹਨ:-

"ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਨਰੈਣ ਸਿੰਘ ਨੂੰ ਸਦੋ ਰੋੜਿਆਂ ਥੀ। ਨਰੈਣ ਸਿੰਘ ਨੂੰ ਸੱਦਿਆ ਤੇ ਗੁਰੂ ਜੀ ਬਚਨ ਕੀਤਾ, "ਭਾਈ ਸ੍ਰੀ ਸਤਿਗੁਰੂ ਜੀ ਕੀ ਖ਼ਵਰ ਲੈ ਆਓ, ਰੰਗੂਨ ਤੋਂ ਕਿੱਥੇ ਲੈ ਗਏ ਹੈਂ। ਨਰੈਣ ਸਿੰਘ ਨੇ ਅਰਜ਼ ਕੀਤੀ ਮੀਹਾਂ ਸਿੰਘ ਮੇਰੇ ਨਾਲ ਦੇਵੋ। ਦੋ ਸਰੀਰ ਅੱਛੇ ਹੁੰਦੇ ਹੈ। ਉਸੀ ਵਕਤ ਮੀਹਾਂ ਸਿੰਘ ਕੋ ਚਿਠੀ ਭੇਜੀ ਕਿ ਤੂੰ ਰਾਮਦਾਸਪੁਰੇ ਆਵੋ ਕੰਮ ਹੈ।"[14]

ਗੁਰੂ ਹਰੀ ਸਿੰਘ ਜੀ ਦਾ ਮੁੱਖ ਉਦੇਸ਼ ਰੂਸ ਸਰਕਾਰ ਵਾਲਾ ਪੱਤਰ ਜੋ ਚੱਕ ਰਾਮਦਾਸ ਵਾਲਾ ਸੂਬਾ ਗੁਰਚਰਨ ਸਿੰਘ ਲੈ ਕੇ ਆਇਆ ਸੀ, ਉਹ ਸਤਿਗੁਰੂ ਜੀ ਤੱਕ ਪੁਚਾਉਣਾ ਸੀ। ਇਸ ਕਾਰਜ ਵਿਚ ਇਹ ਦੋਵੇਂ ਸਿੰਘ ਸਫਲ ਹੋਏ। ਭਾਈ ਮੀਹਾਂ ਸਿੰਘ ਜਿਸ ਤਰ੍ਹਾਂ ਜੰਗਲਾ ਟੱਪ ਕੇ ਅੰਦਰ ਗਏ ਸਤਿਗੁਰੂ ਜੀ ਵਾਲੇ ਬੰਗਲੇ ਵਿਚ ਮਰਗੋਈ ਟਾਪੂ ਵਿਖੇ ਉਹਦਾ ਜ਼ਿਕਰ ਭਾਈ ਮੀਹਾਂ ਸਿੰਘ ਵਾਲੇ ਲੇਖ ਵਿਚ ਆ ਚੁੱਕਾ ਹੈ। ਪੱਤਰ ਸਤਿਗੁਰੂ ਜੀ ਤੱਕ ਪੁੱਜ ਗਿਆ। ਮੀਹਾਂ ਸਿੰਘ ਨੇ ਅਗਲੇ ਭਲਕ ਸਤਿਗੁਰੂ ਜੀ ਵਾਲੇ ਬੰਗਲੇ ਵਿਚੋਂ ਪਕੜੇ ਜਾਣ ਸਮੇਂ ਅਧਿਕਾਰੀਆਂ ਦੇ ਸਾਂਹਵੇ ਇਹ ਬਿਆਨ ਦਿੱਤਾ ਸੀ ਕਿ ਨਰੈਣ ਸਿੰਘ "ਕਲਕੱਤੇ ਸੇ ਮੇਰੇ ਨਾਲ ਚੜਿਆ ਸੀ। ਇਸ ਵਾਸਤੇ ਨਰੈਣ ਸਿੰਘ ਕੋ ਛੋਡ ਦੀਆ।"[15] ਨਰਾਇਣ ਸਿੰਘ ਤਿੰਨਾਂ ਸੂਬਿਆਂ ਜੋ ਮੌਲਮੀਨ ਵਿਖੇ ਕੈਦ ਸਨ, ਬਾਬਾ ਜਵਾਹਰ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਲੱਖਾ ਸਿੰਘ ਦਾ ਦਰਸ਼ਨ ਵੀ ਕਰ ਆਇਆ ਸੀ। ਨਰਾਇਣ ਸਿੰਘ ਨੂੰ ਸਿੱਧਾ ਜਹਾਜ਼ ਤੇ ਚੜ੍ਹਾ ਕੇ ਕਲਕੱਤੇ ਅਤੇ ਉੱਥੋਂ ਪੁਲੀਸ ਦੀ ਨਿਗਰਾਨੀ ਹੇਠ ਅੰਬਾਲੇ ਵਾਲੀ ਗੱਡੀ ਵਿਚ ਬੈਠਾ ਦਿੱਤਾ ਗਿਆ ਸੀ। ਇਹਨਾਂ ਦੋਹਾਂ ਨੇ ਜਨਵਰੀ ੧੮੮੧ ਈ. ਦੇ ਆਖਰੀ ਦਿਨਾਂ ਵਿਚ ਸਤਿਗੁਰੂ ਜੀ ਦੇ ਮਰਗੋਈ ਦਰਸ਼ਨ ਕੀਤੇ ਸਨ। ਸਰਕਾਰੀ ਰੀਕਾਰਡ ਵਿਚ ਮੀਹਾਂ ਸਿੰਘ ਦੇ ਨਾਲ ਗਏ ਦੂਸਰੇ ਸਿੰਘ ਦਾ ਨਾਮ ਸੰਤ ਸਿੰਘ ਪੁੱਤਰ ਦਲ ਸਿੰਘ ਵਾਸੀ ਸਿਰਹਾਲੀ ਉਮਰ ੩੫ ਸਾਲ ਲਿਖੀ ਹੈ। ਦਰਅਸਲ ਨਰਾਇਣ ਸਿੰਘ ਆਪਣੇ ਆਪ ਨੂੰ ਪੰਜਾਬ ਪੁਲੀਸ ਦੀਆਂ ਨਜ਼ਰਾਂ ਵਿਚ ਮਸ਼ਕੂਕ ਸਮਝੇ ਜਾਣ ਕਾਰਨ ਹੀ, ਆਪਣਾ ਨਾਮ ਸੰਤ ਸਿੰਘ ਵਾਸੀ ਸਿਰਹਾਲੀ ਦੱਸਦਾ ਹੈ। ਲੇਖਕ ਦੇ ਦਾਦਾ, ਸੰਤ ਜਿਊਣ ਸਿੰਘ ਝੱਬਰ, ੧੮੮੧ ਵਿਚ ਮਰਗੋਈ ਤੋਂ ਮੀਹਾਂ ਸਿੰਘ ਦੇ ਪਰਤਣ ਬਾਅਦ, ਪੂਰੇ ਛੇ ਮਹੀਨੇ ਉਸ ਦੀ ਸੰਗਤ ਵਿਚ ਰਹੇ ਸਨ। ਸੋ ਪਿਤਾ-ਪੁਰਖੀ ਸਰੋਤਾਂ ਮੁਤਾਬਿਕ ਅਤੇ ਬਾਹੋਵਾਲ ਜੀ ਦੀ ਅਕੱਟ ਗਵਾਹੀ ਦੇ ਹੁੰਦਿਆਂ, ਸਾਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਮੀਹਾਂ ਸਿੰਘ ਸਿਰਹਾਲੀ ਨਾਲ, ਇਸ ਗੇੜੇ, ਭਾਈ ਨਰਾਇਣ ਸਿੰਘ ਰੋੜੇ ਹੀ ਸੀ। ਇਹ ਦੋਵੇਂ ਗੁਰੂ ਪਿਆਰੇ, ਤਿੰਨ ਤਿੰਨ ਵਾਰ ਪਰਦੇਸ ਵਿਚ ਗੁਰੂ ਦਰਸ਼ਨਾਂ ਦਾ ਲਾਹਾ ਖੱਟ ਚੁੱਕੇ ਸਨ।

ਸੰਨ ੧੯੦੫ ਈ. ਵਿਚ ਗੁਰੂ ਹਰੀ ਸਿੰਘ ਜੀ ਨੇ ਭਾਈ ਨਰਾਇਣ ਸਿੰਘ ਨੂੰ ਲਾਹੌਰ ਭੇਜਿਆ ਕਿ ਪੰਜਾਬ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਬਾਰੇ ਅਰਜ਼ੀ ਦੇ ਕੇ ਉਹਨਾਂ ਦੇ ਕਿੱਥੇ ਹੋਣ ਬਾਰੇ ਪੁੱਛ ਪੜਤਾਲ ਕਰੋ। ਕਿਉਂ ਜੁ ਮ੍ਰਿਤੂ ਵਾਲਾ ਸਰਕਾਰੀ ਬਿਆਨ ਸਾਡੀ ਤਸੱਲੀ ਨਹੀਂ ਕਰਵਾਉਂਦਾ ਅਤੇ ਨਾ ਹੀ ਉਹਨਾਂ ਦੇ ਬਸਤਰ, ਪੂਜਾ ਪਾਠ ਵਾਲੀਆਂ ਪੋਥੀਆਂ, ਮਾਲਾ, ਗੜਵਾ ਪਊਏ ਸਾਡੇ ਤੱਕ ਪੁੱਜੇ ਹਨ। ਉਹਨਾਂ ਦੇ ਨਾਲ ਗਏ ਪੰਜ ਸੂਬੇ ਉਧਰ ਚਲਾਣਾ ਕਰ ਗਏ ਹਨ ਅਤੇ ਪੰਜ ਪਾਬੰਦੀਆਂ ਲਾ ਕੇ (ਛੇਵੇਂ ਮੰਗਲ ਸਿੰਘ ਸਰਦਾਰ ਸਮੇਤ) ੧੮੭੪, ੧੮੮੭ ਅਤੇ ੧੮੮੮ ਈ. ਵਿਚ ਪੰਜਾਬ ਵਾਪਸ ਭੇਜ ਦਿੱਤੇ ਗਏ ਸਨ। ਲਾਹੌਰ ਵਿਖੇ ਨਰਾਇਣ ਸਿੰਘ ਨੂੰ ਲੁਧਿਆਣੇ ਜ਼ਿਲ੍ਹੇ ਵਿਚ ਜਾ ਕੇ ਅਰਜ਼ੀ ਦੇਣ ਲਈ ਕਿਹਾ ਗਿਆ। ਫਿਰ ਉਸਨੇ ਇਕ ਅੰਗਰੇਜ਼ ਵਕੀਲ ਨਾਲ ਇਸ

ਬਾਬਤ ਮਸ਼ਵਰਾ ਕੀਤਾ। ਉਸਨੇ ੧੧੦੦ ਰੁਪੈ ਫੀਸ ਲੈ ਕੇ ਕਾਰਵਾਈ ਕਰਨ ਲਈ ਕਿਹਾ। ਭਾਈ ਰੋਡੇ ਨੂੰ ਗੁਰੂ ਹਰੀ ਸਿੰਘ ਜੀ ਨੂੰ ਸਾਰਾ ਵੇਰਵਾ ਦੱਸਿਆ ਜਿਸ ਤੇ "ਬਚਨ ਹੋਇਆ ਸਤਿਗੁਰੂ ਜੀ ਤੇ ਤਦ ਆਉਣਗੇ ਜਦ ਉਹਨਾਂ ਦਾ ਹੁਕਮ ਹੈ-ਸੰਭਰ ਸੂਰੀ ਹੋਈ ਤੇ ਆਵਾਂਗੇ, ਸੋ ਰੂਸਾਂ ਨੂੰ ਉਡੀਕਦੇ ਹਾਂ। ਲੰਗਰ ਵਿਚੋਂ ਕੱਢ ਕੇ ਗਿਆਰਾਂ ਸੌ ਰੁਪਯਾ ਕਾਹਨੂੰ ਦੇਣਾ ਹੈ ਐਵੇਂ ਮਲੇਛਾਂ ਕੀ ਪੂਜਾ। ਆਪੇ ਆਵਣਗੇ ਜਿਵੇਂ ਬਚਨ ਕੀਤੇ ਹੋਏ ਹੈਨ ਤਿਵੇਂ ਹੋਵਨਗੇ। ਫਰੰਗੀ ਕੀ ਅਤੇ ਰਾਜਿਆਂ ਕੀ...ਜੜਾਂ ਪੁੱਟ ਕੇ ਆਵਣਗੇ।"[16]

੧੯੦੪ ਈ. ਵਿਚ ਗੁਰੂ ਹਰੀ ਸਿੰਘ ਜੀ ਨੇ ਗੁਰੂ ਚੱਕ (ਸਿਆਲਕੋਟ) ਵਿਚ ਹੋਲੇ ਤੇ ਦਰਸ਼ਨ ਦਿੱਤੇ ਸਨ। ਮਨਜ਼ੂਰੀ ਲਈ ਭਾਈ ਨਰਾਇਣ ਸਿੰਘ ਅੰਮ੍ਰਿਤਸਰ ਜ਼ਿਲੇ ਦੇ ਹਾਕਮ ਪਾਸ ਗਿਆ। "ਫਰੰਗੀ ਨੇ ਕਹਾ ਛੇ ਵਜੇ ਆਓ। ਉਸਨੇ ਕਹਾ ਛੇ ਵਜੇ ਦੀਵਾਨ ਕਾ ਵੇਲਾ ਹੁੰਦਾ ਹੈ। ਫਰੰਗੀ ਨੇ ਕਹਾ ਦਸ ਵਜੇ ਸਵੇਰੇ ਆਓ।" ਫਿਰ ਭਾਈ ਨਰਾਇਣ ਸਿੰਘ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤਿੰਨਾਂ ਜ਼ਿਲ੍ਹਿਆਂ ਦੀ ਛੁੱਟੀ ਲੈ ਆਇਆ। ਭਾਈ ਜੀ ਦੇ ਨਿਝੱਕ ਸੁਭਾਉ ਦਾ ਪਤਾ ਲੱਗਦਾ ਹੈ ਕਿ ਦੀਵਾਨ ਛੱਡ ਕੇ ਤੇਰੇ ਪਾਸ ਕਿਵੇਂ ਆਈਏ।

ਆਪਣੇ ਆਖਰੀ ਸਮੇਂ ਵਿਚ ਮਾਈ ਅਤਰੀ ਮਾਈਸਰ ਖਾਨੇ ਵਾਲੀ ਵਾਧੇ ਕਰਨ ਤੇ ਉਤਰ ਆਈ। ਭੈਣੀ ਸਾਹਿਬ ਡੇਰੇ ਵਿਚ ਆਈ ੧੯੦੪ ਈ. ਵਿਚ ਤਾਂ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਕਿਹਾ, "ਤੇਲੀ ਦਾ ਖਿਆਲ ਛੱਡ ਦੇ ਅਤੇ ਰਾਮਦਾਸਪੁਰੇ ਆਇ ਜਾ। ਫੇਰ ਲੁਧਿਆਣੇ ਜਾਇ ਅਰਜ਼ੀ ਦਿੱਤੀ ਅਤਰੀ ਨੇ ਕਿ ਮੈਨੂੰ ਮਾਰਨ ਆਇ ਪਏ ਹੈ। ਗੁਰੂ ਜੀ ਕਾ ਨਾਮ ਤੇ ਜਿਊਣ ਕੌਰ, ਤੇ ਨਰੈਣ ਸਿੰਘ ਤੇ ਸੇਵਾ ਸਿੰਘ ਮੈਨੂੰ ਮਾਰਿਆ ਹੈ। ਤਰੀਕ ਪਰ ਗੁਰੂ ਜੀ ਲੁਧਿਆਣੇ ਗਏ। ਅਤਰੀ ਤਰੀਕ ਪਰ ਹਾਜ਼ਰ ਨਾ ਹੋਈ ਤਾਂ ਅਰਜ਼ੀ ਖਾਰਜ ਹੋਈ।"[17]

ਗੁਰੂ ਹਰੀ ਸਿੰਘ ਜੀ ੧੭ ਮਈ ੧੯੦੬ ਈ. ਨੂੰ ਆਪਣੀ ਦੇਹ ਦਾ ਓਹਲਾ ਸ੍ਰੀ ਭੈਣੀ ਸਾਹਿਬ ਵਿਖੇ ਕਰ ਗਏ ਸਨ। ਭਾਈ ਰੋਡੇ ਆਖਰੀ ਸਮੇਂ ਵਿਚ ਹਮੇਸ਼ਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿਣ ਵਾਲਾ ਸਿੰਘ ਸੀ। ਚੜ੍ਹਾਈ ਤੋਂ ਸੱਤ ਦਿਨ ਪਹਿਲਾਂ ਉਸ ਨੂੰ ਗੁਰੂ ਜੀ ਨੇ ਆਪਣੇ ਅੰਤਿਮ ਸਮੇਂ ਬਾਰੇ ਦੱਸ ਦਿੱਤਾ ਸੀ। ਉਸ ਦਾ ਮਨ ਵੈਰਾਗ ਵਿਚ ਆ ਗਿਆ। ਸਰੀਰ ਕਮਜ਼ੋਰ ਹੋਣ ਲੱਗ ਪਿਆ। ਮਾਤਾ ਜਿਊਣ ਕੌਰ ਜੀ ਨੇ ਪੁੱਛਣਾ, "ਭਾਈ ਜੀ ਪਰੇਸ਼ਾਨ ਕਿਉਂ ਰਹਿੰਦੇ ਹੋ।" ਭਾਈ ਜੀ ਨੇ ਡੂੰਘੀ ਚੁੱਪ ਧਾਰਨ ਕਰ ਲੈਣੀ। ਸਤਿਗੁਰੂ ਜੀ ਦੇ ਪ੍ਰਲੋਕਗਮਨ ਬਾਅਦ ਹੀ ਇਸ ਬਚਨ ਦਾ ਭੇਦ ਖੁੱਲ੍ਹਿਆ। ਗੁਰੂ ਜੀ ਦਾ ਸਰੀਰ ਸ਼ਾਂਤ ਹੋਣ ਬਾਅਦ ਜ਼ਿਲ੍ਹਾ ਅਧਿਕਾਰੀ ਡੇਰੇ ਵਿਚ ਆਇਆ। ਸਤਿਗੁਰੂ ਜੀ ਦੇ ਉੱਤਰਾ ਅਧਿਕਾਰੀ ਬਾਰੇ ਪੁੱਛ ਗਿੱਛ ਕੀਤੀ। "ਪੁੱਛਣੇ ਲਗਾ ਤੁਮ ਗੱਦੀ ਕਿਸ ਕੋ ਦੇਣਾ ਚਾਹੁੰਦੇ ਹੋ। ਨਰੈਣ ਸਿੰਘ ਮਹੰਤ ਨੇ ਕਹਿਆ ਸਤਿਗੁਰੂ ਜੀ ਪ੍ਰਤਾਪ ਸਿੰਘ ਸਾਹਿਬਜ਼ਾਦੇ ਕੋ ਕਹਿ ਗਏ ਹਨ। ਸੰਗਤ ਨੇ ਭੀ ਏਨਾਂ ਕੋ ਦਈ ਹੈ ਗੱਦੀ।"[18]

ਕਿਉਂਕਿ ਜ਼ਿਲ੍ਹਾ ਅਧਿਕਾਰੀ ਮੁਤਾਬਿਕ ਤਿੰਨੇ 'ਸਾਹਿਬਜ਼ਾਦੇ ਨਿਦਾਨ' ਸਨ, ਮਾਈ ਜਿਊਣ ਕੌਰ ਨੇ ਕਚਹਿਰੀ ਤਾਂ ਨਹੀਂ ਜਾਣਾ ਹੈ। ਸੇਵਾ ਸਿੰਘ ਨੇ ਕਹਿਆ ਕਿ ਮੈਂ ਜਾਊਂਗਾ ਸਰਕਾਰੇ ਜਿੱਥੇ ਜਾਣਾ ਹੈ। ਇਹ ਭੀ ਕਹਿਆ ਨਰੈਣ ਸਿੰਘ ਜੋ ਹੈ ਕਾਰ ਮੁਖਤਾਰ ਹੈ। ਜ਼ਿਲ੍ਹੇ ਨੇ ਕਹਾ ਜੇਕਰ ਮਿਲ ਕਰ ਰਹੋਗੇ ਤਾਂ ਅੱਛੀ ਬਾਤ ਹੈ।"

ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ "ਤੀਜੇ ਦਿਨ, ਸਤਿਗੁਰੂ ਹਰੀ ਸਿੰਘ ਜੀ ਕੇ ਚੁਬਾਰੇ ਮੇ ਬੀਰ ਸਿੰਘ, ਨਰੈਣ ਸਿੰਘ ਰੋਡੇ, ਗੁਰਦਿੱਤ ਸਿੰਘ, ਹਜ਼ਾਰਾ ਸਿੰਘ ਅਰ ਮਾਈ ਜਿਊਣ ਕੌਰ ਸਭ ਨੇ ਅਰਦਾਸ ਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦਸਤਾਰ ਬੰਧਾਈ।"[19]

ਗੁਰੂ ਹਰੀ ਸਿੰਘ ਜੀ ਨੇ ਬਾਬਾ ਦਰਬਾਰਾ ਸਿੰਘ ਦੇ ਅਕਾਲ ਚਲਾਣੇ ਬਾਦ ਆਪਣਾ ਕਾਰ-ਮੁਖਤਾਰ ਭਾਈ ਰੋਡੇ ਨੂੰ ਥਾਪ ਦਿੱਤਾ ਸੀ। ਆਪਣੇ ਜੀਵਨ ਵਿਚ ਉਹਨਾਂ ਨੂੰ ਵੱਖ ਵੱਖ ਢੰਗ ਤਰੀਕਿਆਂ ਨਾਲ, ਨਾਮਧਾਰੀ ਪੰਥ ਦੀ ਸੇਵਾ ਅਤੇ ਗੁਰੂ ਰਾਮ ਸਿੰਘ ਜੀ ਦੇ ਮਿਸ਼ਨ-ਫਰੰਗੀ ਸਰਕਾਰ ਦੀਆਂ ਸਫਾਂ ਵਲ੍ਹੇਟਣ ਵਾਲੀਆਂ ਕਾਰਵਾਈਆਂ ਕਰਨ ਦੇ, ਮੌਕੇ ਮਿਲਦੇ ਰਹੇ। ਉਹ ਅੱਠੇ ਪਹਿਰ ਤਿਆਰ-ਬਰ-ਤਿਆਰ, ਗੁਰੂ ਜੀ ਦੇ ਹਰ ਹੁਕਮ ਨੂੰ ਤਨਦੇਹੀ ਨਾਲ ਵਜਾਉਣ ਵਾਲਾ, ਲੰਮੇ ਪੈਂਡਿਆਂ, ਸਫਰ ਦੀਆਂ ਮੁਸੀਬਤਾਂ ਜਾਂ ਹਰ ਤਰ੍ਹਾਂ ਦੇ ਸਰਕਾਰੀ ਅਤੇ ਪੰਥ ਦੋਖੀਆਂ ਦੇ ਦਬਾਵਾਂ ਦਾ, ਫੌਲਾਦੀ ਜਿਗਰੇ ਨਾਲ ਮੁਕਾਬਲਾ ਕਰਨ ਵਾਲਾ ਗੁਰੂ ਕਾ ਸਿੰਘ ਸੀ। ਨਾਮਧਾਰੀ ਇਤਿਹਾਸ ਵਿਚ ਉਸਦਾ ਸਥਾਨ, ਸੂਬਾ ਬਿਸ਼ਨ ਸਿੰਘ ਕਾਬਲਵਾਲਾ, ਭਾਈ ਕਿਸ਼ਨ ਸਿੰਘ ਗ੍ਰੰਥ ਗੜ੍ਹ, ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ, ਬਾਬਾ ਮੀਹਾਂ ਸਿੰਘ ਸਿਰਹਾਲੀ ਅਤੇ ਭਾਈ ਭਗਵਾਨ ਸਿੰਘ ਅੜਬੰਗੀ ਜਿਹੇ ਸੂਰਮੇ-ਸਿਰਲੱਥਾਂ ਦੇ ਨਾਲ ਸੁਨਿਸ਼ਚਿਤ ਹੁੰਦਾ ਹੈ।

ਉਸਦਾ ਅਕਾਲ ਚਲਾਣਾ ੧੯੧੦ ਈ. ਦੇ ਆਸ ਪਾਸ ਉਸ ਦੇ ਇਸ਼ਟ ਗੁਰੂ ਹਰੀ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਕੁਝ ਵਰ੍ਹੇ ਬਾਅਦ ਹੀ ਹੋ ਗਿਆ ਸੀ। ਗੁਰੂ ਚੇਲੇ ਦੇ ਇਹਨਾਂ ਪ੍ਰੇਮ ਸਬੰਧਾਂ ਦਾ ਵਰਣਨ ਸਤਿਗੁਰੂ ਪਰਤਾਪ ਸਿੰਘ ਜੀ ਦੇ

ਉਪਦੇਸ਼ਾਂ ਵਿਚੋਂ ਇਉਂ ਮਿਲਦਾ ਹੈ :-

"ਬਾਬੇ ਨਰੈਣ ਸਿੰਘ ਹੁਰੀਂ, ਗੁਰੂ ਹਰੀ ਸਿੰਘ ਜੀ ਕੋਲ ਰਹਿੰਦੇ ਸੀ, ਉਹਨਾਂ (ਗੁਰੂ ਹਰੀ ਸਿੰਘ ਜੀ) ਆਖਿਆ ਭਾਈ ਜਦੋਂ ਸਤਿਗੁਰੂ (ਰਾਮ ਸਿੰਘ) ਜੀ ਆਉਣਗੇ, ਅਸੀਂ ਤੁਹਾਡੇ ਥਾਂ ਅੱਗੇ ਖੜ੍ਹੇ ਹੋ ਜਾਵਾਂਗੇ। ਆਖਾਂਗੇ... ਸੱਚੇ ਪਾਤਸ਼ਾਹ! ਇਹਨਾਂ ਦੇ ਥਾਂ ਜੋ ਕੁਛ ਕਰਨਾ ਹੈ, ਉਹ ਸਾਨੂੰ ਹੀ ਕਰ ਲਓ। ਇਨ੍ਹਾਂ ਨੂੰ ਬਖਸ਼ੋ।"[20]

ਫੁੱਟ ਨੋਟ-

1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸ. ਜਸਵਿੰਦਰ ਸਿੰਘ)-ਭੂਮਿਕਾ-ਜਸਵਿੰਦਰ ਸਿੰਘ
2. ਉਹੀ-ਸਫਾ ੭੨-੭੫
3. ਕਾਲਿਆ ਹਰਨਾ ਰੋਹੀਏ ਫਿਰਨਾ, (ਸੰ. ਡਾ. ਨਾਹਰ ਸਿੰਘ)-੧੯੮੫-ਪੰ. ਯੂ. ਪਟਿਆਲਾ-ਸਫਾ ੭੬
4. ਉਹੀ-ਸਫਾ ੮੧-੮੨
5. ਸਤਿਗੁਰੂ ਬਿਲਾਸ-ਭਾਗ ਦੂਜਾ-ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ)-ਸਫਾ ੧੦੬
6. ਉਹੀ-ਸਫਾ ੧੦੭-੦੮
7. ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ ਪੰਜਾਬ)-(ਸੰ. ਜਸਵਿੰਦਰ ਸਿੰਘ)-ਸਫਾ ੪੬-੪੮
8. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ਸਫਾ ੧੬੮-੧੭੭
9. ਕੂਕਾ ਮੂਵਮੈਂਟ, ਸਫਾ ੨੮੬-੨੯੩
10. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ ੧੩੭
11. ਹੁਕਮਨਾਮੇ-ਸਫਾ ੪੬੯-੪੯੫
12. ਉਹੀ-ਸਫਾ ੪੯੬-੫੦੨
13. ਲਾਲ ਏਹਿ ਰਤਨ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼) (ਸੰ. ਪ੍ਰਿੰ. ਬੇਅੰਤ ਕੌਰ)-ਭਾਗ ੩, ਸਫਾ ੧੬੮-੬੯
14. ਸਤਿਗੁਰੂ ਬਿਲਾਸ-ਭਾਗ ਦੂਜਾ-ਸਫਾ ੧੪੧
15. ਉਹੀ-ਸਫਾ ੧੪੭
16. ਉਹੀ-ਸਫਾ ੩੪੮
17. ਉਹੀ-ਸਫਾ ੩੫੫
18. ਉਹੀ-ਸਫਾ ੩੯੯
19. ਉਹੀ-ਸਫਾ ੪੦੦
20. ਲਾਲ ਏਹਿ ਰਤਨ-ਭਾਗ ੩-ਸਫਾ ੨੯੫

ਪਿੰਡ ਤੇ ਡਾਕ ਕਰੀਵਾਲਾ
ਜ਼ਿਲ੍ਹਾ ਸਿਰਸਾ, (ਹਰਿਆਣਾ) 125075
ਫੋਨ-੦੧੬੬੮-੨੭੪੫੬੨ (ਨਿਵਾਸ)
ਮੋਬਾ-੦੯੯੯੬੩-੭੧੭੧੬

ਦੋ ਗ਼ਜ਼ਲਾਂ/ *-ਪ੍ਰਿ. ਕਰਤਾਰ ਸਿੰਘ ਕਾਲੜਾ*

(੧)

ਜੀਵਨ ਦੀ ਪਗਡੰਡੀ ਟੇਢੇ ਰਾਹਾਂ ਰਾਹਾਂ ਵਰਗੀ ਹੈ।
ਸੋਚ ਦੀ ਪਰ ਹਰ ਟਹਿਣੀ ਲਵੀਆਂ ਗੰਦਲਾਂ ਵਰਗੀ ਹੈ।

ਤੇਰਾ ਮੁਖੜਾ ਮੇਰੀ ਗ਼ਜ਼ਲ ਦੇ ਮੁਖੜੇ ਜਿਉਂ ਦਗਦਾ,
ਚਾਲ ਤੇਰੀ ਪਰ ਗੀਤ ਮੇਰੇ ਦੇ ਬੋਲਾਂ ਵਰਗੀ ਹੈ।

ਕਵਿਤਾ ਦੀ ਬਣਤਰ ਵਿਚ ਜੇ ਕਰ ਭਾਵ ਨੇ ਭਾਰੂ ਤਾਂ
ਸ਼ਬਦਾਂ ਵਿਚਲੀ ਖਿਆਲ ਉਡਾਰੀ ਬਦਲਾਂ ਵਰਗੀ ਹੈ।

ਚੰਗੀ ਚੰਗੀ ਲਗਦੀ ਬਣਤਰ ਤੇਰੇ ਭਾਂਡੇ ਦੀ,
ਹਰ ਇਕ ਅੰਗ ਦੀ ਬਣਤ ਗੁਰਮੁੱਖੀ ਅੱਖਰਾਂ ਵਰਗੀ ਹੈ।

ਜੁਗ ਦੀ ਹਾਬੜ-ਹਾਬੜ ਤੋਂ ਕੁਝ ਇਉਂ ਦਾ ਜਾਪ ਰਿਹੈ
ਜਦੋਂ ਸ਼ਾਂਤੀ ਹੋਈ ਤਾਂ ਹੋਣੀ ਕਬਰਾਂ ਵਰਗੀ ਹੈ।

ਉਸ ਦਾ ਭਲਾ ਨਦਾਨ ਜ਼ਮਾਨੇ ਕੀ ਹੈ, ਖੋਹ ਲੈਣਾ,
ਜਿਸ ਦੀ ਜੀਵਨ-ਜੁਗਤਿ 'ਕਾਲੜਾ' ਫ਼ਕਰਾਂ ਵਰਗੀ ਹੈ।

(੨)

ਸੁਝਦਾ ਨਹੀਂ ਹੈ ਯਾਰਾਂ ਨੂੰ, ਬਾਝੋਂ ਸ਼ਰਾਬ ਕੁੱਝ।
ਉਡਦਾ ਰਿਹੈ ਹਰੇਕ ਪਲ, ਭਾਵੇਂ ਸ਼ਬਾਬ ਕੁੱਝ।

ਬੇਸ਼ਕ ਰਹੇ ਨੇ ਮੰਨਦੇ ਸਾਊ ਅਸਾਂ ਨੂੰ, ਮੂੜ੍ਹ,
ਬਣਕੇ ਰਹੇ ਹਾਂ ਉਮਰ ਭਰ ਆਪਾਂ ਨਵਾਬ ਕੁੱਝ।

ਘਾਟਾ ਰਿਹਾ ਹੈ ਅਕਲ ਦਾ, ਦੁਬਿਧਾ 'ਚ ਮਨ ਰਿਹੈ,
ਉਲਟਾ ਰਹੀ ਹੈ ਬੋਲਦੀ ਮਨ ਦੀ ਕਿਤਾਬ ਕੁੱਝ।

ਮੈਂ ਲੋਚਦਾਂ ਗਿਆਨ ਤੂੰ ਮਾਯਾ ਦਾ ਲਾਲਚੀ,
ਮੇਰੇ ਤੋਂ ਉਲਟ ਬੋਲਦੈ ਤੇਰਾ ਹਿਸਾਬ ਕੁੱਝ।

ਪੀਂਦੇ ਜੋ ਰੋਜ਼ ਉਸਦੇ ਘਰ ਵਸਦੀ ਹੈ ਮੂੜ੍ਹਤਾ,
ਮੁਕਦੀ ਪਛਾਣ ਅਪਣੀ-ਬੇਗਾਨੀ ਜਨਾਬ ਕੁੱਝ।

ਬੀਵੀ ਨੂੰ ਮਾਂ ਬਣਾ ਲਵੇ ਬੇਟੀ ਨੂੰ ਪੱਤਨੀ,
ਲੈਂਦਾ ਹੈ ਇਸ ਤਰ੍ਹਾਂ ਤੇ ਸ਼ਰਾਬੀ ਖ੍ਵਾਬ ਕੁੱਝ।

ਗੁਰਮੁੱਖ ਦੇ ਨਾਲ ਸਾਂਝ ਨਿਭ ਸਕਦੀ ਨਾ ਓਸ ਦੀ,
ਪੀ ਕੇ ਸ਼ਰਾਬ ਸੋਚੇ ਸ਼ਰਾਬੀ ਖ਼ਰਾਬ ਕੁੱਝ।

ਰੱਖੇ ਬਚਾ ਕੇ ਰੱਬ ਹੀ ਇਸ ਤੋਂ ਜੇ 'ਕਾਲੜਾ'
ਉਸ ਦੀ ਜ਼ਮੀਰ ਨੂੰ ਮਿਲੇ ਆਤਮ-ਸਵਾਬ ਕੁੱਝ।

-੨੯ ਵਾਟਰਵੇਲ ਬੋਲਿਵਰਡ, ਟੇਲਰਜ਼ ਹਿੱਲ-੩੦੩੭
ਵਿਕਟੋਰੀਆ, ਅਸਟ੍ਰੇਲੀਆ

ਵਿਸਾਖੀ ਦੇ ਆਰ ਪਾਰ

—ਡਾ. ਸੁਰਿੰਦਰਪਾਲ ਸਿੰਘ ਮੰਡ



ਵਿਸਾਖੀ ਦਾ ਦਿਨ ਮੈਨੂੰ ਸਦਾ ਟਿੱਲੇ ਦੀ ਟੀਸੀ ਚੜ੍ਹਨ ਵਰਗਾ ਅਹਿਸਾਸ ਕਰਾਉਂਦਾ ਹੈ। ਜਿੱਥੇ ਖਲੋ ਕੇ ਮੈਂ ਚਾਰੇ ਅੱਗੇ ਪਿੱਛੇ ਦੂਰ-ਦੂਰ ਤਕ ਬੜਾ ਕੁਛ ਵੇਖ ਸਕਦਾ ਹੋਵਾਂ। ਟਿੱਲੇ ਦੀ ਟੀਸੀ ਉੱਤੇ ਬੁੜ੍ਹਕਣੀ ਮਾਰ ਕੇ ਨਹੀਂ, ਸਹਿਜ ਨਾਲ ਪਹੁੰਚੀਦਾ ਹੈ। ਸਿਖਰ ਤੇ ਪਹੁੰਚੀਏ ਤਾਂ ਹਰ ਪਾਸੇ ਨਿਗਾਹ ਜਾਣੀ ਵੀ ਸੁਭਾਵਕ ਹੈ।

ਦੋ ਘਟਨਾਵਾਂ ਹਨ ਸਾਡੇ ਤਿਓਹਾਰ ਵਿਸਾਖੀ ਨੂੰ ਟੀਸੀ ਵਰਗਾ ਰੁਤਬਾ ਦੇਣ ਵਾਲੀਆਂ, ਜਿਨ੍ਹਾਂ ਉੱਤੇ ਭਰਵੀਂ ਨਿਗਾਹ ਸੁੱਟਿਆਂ ਹਰ ਵਾਰ ਰੂਹ ਕੰਬਣੀ ਖਾਂਦੀ ਹੈ। ਇਕ ਹੈ ਖਾਲਸੇ ਦੀ ਸਾਜਨਾ ਤੇ ਦੂਜੀ ਹੈ ਜਲ੍ਹਿਆਂ ਵਾਲੇ ਬਾਗ ਦਾ ਸਾਕਾ।

ਇਤਿਹਾਸ ਨੂੰ ਬਦਲ ਦੇਣ ਵਾਲੀਆਂ ਇਹਨਾਂ ਦੋ ਘਟਨਾਵਾਂ ਦਾ ਸਫਰ ਰਮਜ਼ ਨਾਲ ਇਹ ਵੀ ਆਖਦਾ ਹੈ ਕਿ ਟੀਸੀ ਉੱਤੇ ਪੁਚਾਉਣ ਵਾਲੀਆਂ ਪੌੜਾਂ ਨੂੰ ਵੀ ਵੇਖਿਓ, ਉਹਨਾਂ ਦੀ ਵੀ ਕਦਰ ਕਰਿਓ। ਯਾਦ ਰੱਖਿਓ ਕਿ ਪੌੜਾਂ ਭੁੱਲ ਜਾਣ ਵਾਲੇ ਲੋਕ ਰਸਤੇ ਵੀ ਭੁੱਲ ਜਾਂਦੇ ਹੁੰਦੇ ਜੇ।

ਰਾਤ ਦਾ ਬਾਰਾਂ ਇਕ ਵੱਜ ਗਿਆ ਹੋਊਗਾ। ਖਾਲਸੇ ਦੀ ਸਾਜਨਾ ਦੇ ਤਿੰਨ ਸੌ ਸਾਲਾ "ਜਸ਼ਨਾਂ" ਤੋਂ ਤਿੰਨ ਦਿਨ ਪਿੱਛੋਂ। ਅਸੀਂ ਦੋਵੇਂ ਜੀਅ ਤੇ ਨਾਲ ਬੇਟੀਆਂ ਅਨੰਦਪੁਰ ਸਾਹਿਬ ਕੇਸਗੜ੍ਹ ਦੀ ਛੱਤ ਉੱਤੇ ਬੈਠੇ ਸਾਂ ਇਕੱਲੇ। ਚੁੱਪ, ਸ਼ਾਂਤ ਟਿੱਕੀ ਰਾਤ। ਸੁਰਤੀ ਦੀ ਉਂਗਲ ਫੜਕੇ, ਕਿਰਨਾਂ ਦੀ ਪੈੜ ਦਾ ਪਿੱਛਾ ਕਰਦਾ ਕਰਦਾ ਮੈਂ ਸ਼ੇਖੂਪੁਰੇ ਵੱਲ ਜਾ ਪਹੁੰਚਿਆ। ਅੰਦਰੋਂ ਅਵਾਜ਼ ਕੰਨੀ ਪਈ "ਨੀ ਭੈਣ ਤ੍ਰਿਪਤਾ, ਚੰਦ ਵਰਗੇ ਪੁੱਤ ਦੇ ਜਨਮ ਦੀਆਂ ਵਧਾਈਆਂ" ਨਾਨਕਿਆਂ ਦੇ ਘਰ ਨਾਨਕ ਨਾਨਕ ਹੋਣ ਲੱਗੀ। ਇਨਸਾਨੀ ਸੋਚ ਦੀ ਤਕਦੀਰ ਦਾ ਮਲਾਹ ਵਧਣ ਫੁੱਲਣ ਲੱਗਾ।

ਉਸਨੇ ਕੋਈ ਰਸਮੀ ਵਿੱਦਿਆ ਨਹੀਂ ਸੀ ਲਈ, ਪਰ ਉਸਨੇ ਧਰਮ, ਦਰਸ਼ਨ, ਸਮਾਜ, ਸਭਿਆਚਾਰ, ਸਾਹਿਤ ਅਤੇ ਸੰਗੀਤ ਵਰਗੇ ਅਨੇਕਾਂ ਖੇਤਰਾਂ ਨੂੰ ਜਾਣਿਆਂ ਹੀ ਨਹੀਂ, ਸਗੋਂ ਨਵੀਆਂ ਨਕੋਰ ਪੈੜਾਂ ਵੀ ਪਾਈਆਂ। ਨਿੱਕੇ ਹੁੰਦਿਆਂ ਮਾਪਿਆਂ ਨਾਲ ਸਾਰੇ ਕੰਮ ਧੰਦੇ ਵੀ ਕਰਵਾਏ। ਡੰਗਰ ਚਾਰੇ। ਵਿਆਹ ਕਰਵਾਇਆ। ਬੱਚੇ ਹੋਏ। ਨੌਕਰੀ ਕੀਤੀ। ਪਰ ਫਿਰ ਇਕਾਂਤ ਵਿਚ ਬੈਠ ਕੇ ਮਨ ਬਣਾਇਆ ਕਿ ਮੈਂ ਕੇਵਲ ਦੋ ਚਾਰ ਜੀਆਂ ਲਈ ਉਮਰ ਭਰ ਭੰਮੀਰੀ ਵਾਂਙੂ ਘੁਕਣ ਅਤੇ ਖਤਮ ਹੋ ਜਾਣ ਲਈ ਪੈਦਾ ਨਹੀਂ ਹੋਇਆ। ਲੋਕਾਈ ਦੀ ਸਾਰ ਵੀ ਲੈਣੀ ਬਣਦੀ ਹੈ। ਫਿਰ ਤੁਰ ਪਿਆ ਮਰਦਾਨੇ ਨੂੰ ਨਾਲ ਕੇ ਕੇ ਉਦਾਸੀਆਂ (ਯਾਤਰਾਵਾਂ) ਤੇ। ਵੀਹ ਬਾਈ ਸਾਲ ਘਰੋਂ ਬਾਹਰ।

ਉਹ ਉਸ ਜੋਬਨ ਰੁੱਤੇ ਤੁਰਿਆ, ਜਦੋਂ ਬੰਦਾ ਜ਼ੁਲਫਾਂ ਦੇ ਜੰਗਲ ਵਿਚ ਪੱਟਿਆਂ ਦੀ ਸਰਸਰਾਹਟ ਵਿਚੋਂ ਨਿਕਲੇ ਰਸ ਨੂੰ ਅੰਮ੍ਰਿਤ ਸਮਝਦਾ ਹੈ। ਉਦੋਂ ਉਹ ਜੰਗਲ ਬੀਆਬਾਨਾਂ ਨੂੰ ਹਜ਼ਾਰਾਂ ਮੀਲ ਪੈਦਲ ਚੀਰਦਾ ਸੱਪਾਂ ਸ਼ੀਹਾਂ ਦੀ ਸਰਸਰਾਹਟ ਵਿਚੋਂ ਦੀ ਜੀਵਨ ਦੇ ਅਸਲੀ ਅਰਥ ਲੱਭਦਾ ਲੁਭਾਉਂਦਾ ਲੋਕਾਂ ਕੋਲ ਆਪ ਪਹੁੰਚਿਆ।

ਉਹ ਇਨਸਾਨਾਂ ਦੇ ਅੰਦਰਲੇ ਅੰਧਕਾਰ ਨਾਲ ਲੜਿਆ ਸੂਰਮਿਆਂ ਵਾਂਗ, ਦਾਰਸ਼ਨਿਕਾਂ ਵਾਂਗ, ਕਲਾਕਾਰਾਂ ਵਾਂਗ, ਸੰਤ ਰੂਪ ਵਿਚ।

ਉਹ ਸੰਸਾਰੀ ਭਵਸਾਗਰ ਵਿਚੋਂ ਨਿਕਲ ਗਿਆ ਚੇਤਨਾ ਦੀ ਪੱਧਰ ਤੇ। ਫਿਰ ਭਵਸਾਗਰ ਵਿਚ ਹੀ ਵਿਚਰਿਆ ਸਰੀਰ ਦੀ ਪੱਧਰ ਤੇ। ਭਵਸਾਗਰ ਵਿਚੋਂ ਹੀ ਨਿਰਲੇਪ ਹੋ ਗਿਆ ਮਨ ਦੇ ਪੱਧਰ ਤੇ...... ਭਵਸਾਗਰ ਵਿਚ ਗੋਤੇ ਖਾਂਦਿਆਂ ਨੂੰ ਤਾਰਨ ਲਈ। ਉਹ ਅੱਗੇ ਹੀ ਅੱਗੇ ਤੁਰੀ ਗਿਆ, ਕਿਸੇ ਅਨੰਤ ਪੈਂਡਿਆਂ ਉੱਤੇ। ਉਹ ਪ੍ਰਕਾਸ਼ ਦੇ ਸੋਮੇ ਦਾ ਸੰਗ ਕਰਦਾ ਕਰਦਾ ਓਸੇ ਪ੍ਰਕਾਸ਼ ਦਾ ਰੂਪ ਹੋ ਗਿਆ, ਪ੍ਰਕਾਸ਼ ਵਿਚ ਲੀਨ..... ਪ੍ਰਕਾਸ਼ ਵਿੱਚ ਪ੍ਰਬੀਨ..... ਪ੍ਰਕਾਸ਼ ਵਿਚ ਵਿਲੀਨ।

ਫਿਰ ਉਹ ਸੂਰਜ ਵਾਂਗ ਜਾਪਣ ਲੱਗਾ। ਅਸੀਂ ਤੁਸੀਂ ਮੇਰਾ ਮੇਰਾ ਕਰਨ ਲੱਗੇ। ਪਰ ਮੇਰਾ ਮੇਰਾ ਕਰਨ ਵਾਲਿਆਂ ਦੇ ਹੱਥ ਉਸਨੇ ਆਪਣੇ ਜਿਸਮ ਨੂੰ ਵੀ ਨਾ ਆਉਣ ਦਿੱਤਾ। ਉਹ ਸਭਨਾ ਦੀ ਹੀ ਸੀ। ਜਿਸਦੀ ਕਾਇਆ ਵੀ ਇਸ ਮੇਰ ਤੇਰ ਤੋਂ ਮੁਕਤ ਸੀ। ਉਸਦੇ ਸ਼ਬਦਾਂ ਨੂੰ ਜੱਫਾ ਕੌਣ ਮਾਰ ਸਕਦਾ ਹੈ ? ਇਹ ਓਸੇ ਨੂੰ ਰੌਸ਼ਨੀ ਦੇਣਗੇ, ਜਿਹੜਾ ਇਹਨਾਂ ਉੱਤੇ ਅਮਲ ਕਰੇਗਾ। ਉਹ ਆਪਣੇ ਸ਼ਬਦਾਂ ਦੀ ਵਸੀਅਤ ਆਪਣੇ ਦੁਨਿਆਵੀ ਪੁੱਤਰਾਂ ਦੇ ਨਾਮ ਕਰਨ ਦੀ ਬਜਾਏ ਆਪਣੇ ਵਿਚਾਰਾਂ ਦੀ ਸਾਂਝ ਵਾਲੇ ਪੈਰੋਕਾਰਾਂ ਦੇ ਨਾਮ ਕਰ ਗਿਆ।

ਮਰਦਾਨੇ ਦੀ ਰਬਾਬ ਬਾਬੇ ਨਾਨਕ ਦੀ ਉਨੀ ਰਾਗਾਂ ਵਿਚ ਲਿਖੀ ਬਾਣੀ ਅਤੇ ਉਸਦੀ ਮਧੁਰ ਸੁਰੀਲੀ ਅਵਾਜ਼ ਨਾਲ ਇਕਸੁਰ ਹੋ ਕੇ ਵੱਜਦੀ ਰਹੀ ਪਰ ਅਸੀਂ ਅਜੇ ਤਕ ਭਾਈ ਮਰਦਾਨੇ ਨੂੰ ਆਪਣਾ ਪ੍ਰਾਚੀਨ ਮਹਾਨ ਸੰਗੀਤਕਾਰ ਤਸੱਵਰ ਨਹੀਂ ਕਰ ਸਕੇ। ਉਹਨਾਂ ਵਰਗੀ ਦੋਸਤੀ ਦੀ ਮਿਸਾਲ ਲੱਭਣੀ ਵੀ ਮੁਸ਼ਕਲ ਹੈ।

ਉਸ ਮਹਾਨ ਸੰਤ ਨੇ ਮਗਰਲੀ ਉਮਰੇ ਅਠਾਰਾਂ ਸਾਲ ਹਲ ਦੀ ਜੰਘੀ ਫੜ੍ਹ ਕੇ ਰੋਟੀ ਖਾਧੀ। ਤੇ ਵਖਾਇਆ ਕਿ ਗ੍ਰਹਿਸਥ, ਕਿਰਤ ਅਤੇ ਭਗਤੀ ਦਾ ਅਨੂਠਾ ਸੰਗਮ ਕਿਵੇਂ ਹੁੰਦਾ ਹੈ। ਉਸਨੇ ਸਦਾ ਮਾੜਿਆਂ ਦੀ ਬਾਂਹ ਫੜੀ। ਔਰਤਾਂ ਨਾਲ ਵਿਤਕਰਾ ਰੱਦ ਕੀਤਾ। ਔਰਤਾਂ ਨੂੰ ਵਡਿਆਇਆ। ਜਾਤ ਪਾਤ ਤੇ ਕਰਾਰੀ ਚੋਟ ਕੀਤੀ। ਇਸ ਤਰਾਂ ਦਾ ਸੀ ਆਪਣਾ ਬਾਬਾ ਕਹਿਣੀ ਅਤੇ ਕਥਨੀ ਦਾ ਪੂਰਾ।

ਅਲਾਮਾ ਇਕਬਾਲ ਬਾਬਾ ਨਾਨਕ ਬਾਰੇ ਲਿਖਦਾ ਹੈ ਕਿ ਬਾਬਾ ਤੂੰ ਸੂਰਜ ਸੈਂ। ਬੜਾ ਚਮਕਿਐਂ। ਪਰ ਤੈਨੂੰ ਵੇਖਣ ਵਾਲੀਆਂ ਅੱਖਾਂ ਤੋਂ ਮਹਿਰੂਮ ਜਨਤਾ ਤੈਨੂੰ ਵੇਖ ਨਾ ਸਕੀ।

ਪਰ ਰਾਤ ਤਾਂ ਮੁੜ ਮੁੜ ਆਉਂਦੀ ਹੈ, ਜਿਵੇਂ ਕਿਤੇ ਸੂਰਜ ਦਾ ਇਮਤਿਹਾਨ ਲੈ ਰਹੀ ਹੋਵੇ। ਰਾਤ ਹੀ ਸੀ ਜਦ ਸਭ ਲੋਕ ਆਪਣੇ ਆਪਣੇ ਬੱਚਿਆਂ ਨੂੰ ਜੱਫੀਆਂ ਪਾਈ, ਬਾਹਵਾਂ ਉੱਤੇ ਚੜ੍ਹਾਈ ਘੂਕ ਸੁੱਤੇ ਘੁਰਾੜੇ ਮਾਰ ਰਹੇ ਸਨ। 'ਹਾਏ! ਬੱਚੇ ਕਿੰਨੇ ਪਿਆਰੇ ਲਗਦੇ ਹਨ।' ਬਹੁਤ ਸਾਰੀਆਂ ਦਾਦੀਆਂ ਵੀ ਬੱਚੇ ਨਾਲ ਲਈ ਸੁੱਤੀਆਂ ਸਨ, ਅਸੀਸਾਂ ਨਾਲ ਭਰੀਆਂ ਹੋਈਆਂ..... "ਕਿ ਬੱਚਿਓ ਤੁਹਾਨੂੰ ਕਦੀ ਤੱਤੀ 'ਵਾ ਨਾ ਲੱਗੇ।"

ਪਰ ਇਕ ਦਾਦੀ ਆਪਣੇ ਸੱਤ ਸਾਲ ਅਤੇ ਨੌ ਸਾਲ ਦੇ ਪੋਤਰਿਆਂ ਨੂੰ ਠੰਡੀ ਯੱਖ ਰਾਤ ਵਿਚ ਛਾਤੀ ਨਾਲ ਲਾਈ ਜਾਗ ਰਹੀ ਸੀ। ਸਰਹੰਦ ਦੇ ਠੰਡੇ ਬੁਰਜ ਵਿਚ ਕੈਦ। ਬੱਚੇ ਵੀ ਜਾਗ ਰਹੇ ਸਨ।

ਇਹ ਦਾਦੀ ਉਹਨਾ ਨੂੰ 'ਤੱਤੀ 'ਵਾ ਨਾ ਲੱਗੇ' ਦੀ ਅਸੀਸ ਵੀ ਦੇਣ ਵਾਲੀ ਨਹੀਂ ਸੀ। ਉਹ ਇਸ ਧਰਤੀ ਉਤੇ ਪੈਦਾ ਹੋਏ ਇਨਸਾਨਾ ਵਿਚੋਂ ਇਕੋ ਇਕ ਨਿਰਾਲੀ ਦਾਦੀ ਸੀ, ਜਿਹੜੀ ਨੰਨ੍ਹੇ ਮੁੰਨੇ ਪੋਤਰਿਆਂ ਦੇ ਸਿਰ ਪਲੋਸਦੀ ਹੋਈ ਕਹਿੰਦੀ, "ਬੱਚਿਓ ਜਦ ਤੁਹਾਨੂੰ ਝੁਲਸਾ ਦੇਣ ਵਾਲੀ ਤੱਤੀ 'ਵਾ ਲੱਗੇ, ਕਿਤੇ ਮਨੋ ਨਾ ਡੋਲ ਜਾਇਓ! ਉਦੋਂ ਆਪਣੇ ਦਾਦੇ ਦੇ ਦਾਦੇ ਦਾ ਧਿਆਨ ਕਰਿਓ। ਵੇਖੋ ਉਹਨੇ ਤੱਤੀ ਲੋਹ ਉਤੇ ਬੈਠ ਕੇ, ਸੀਸ ਵਿਚ ਤੱਤੀ ਰੇਤ ਪਵਾ ਕੇ ਅਤੇ ਉਬਲਦੀ ਦੇਗ ਵਿਚ ਬੈਠ ਕੇ ਮੂਹੋਂ 'ਹਾਏ' ਤਕ ਨਹੀਂ ਸੀ ਆਖੀ। ਤੁਸੀਂ ਆਪਣੇ ਦਾਦੇ ਨੂੰ ਯਾਦ ਕਰਿਓ, ਉਸਨੇ ਮਨੁੱਖਤਾ ਦੀ ਅਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਕ ਵਿਚ ਆਪ ਜਾ ਕੇ ਸੀਸ ਨਿਛਾਵਰ ਕਰ ਦਿੱਤਾ ਸੀ।"

'ਅੰਤਿਮ ਮਿਲਣੀ' ਵਾਲੀ ਅਗਲੀ ਗੱਲ ਜਿਹੜੀ ਕਹਿਣੀ ਸੀ ਉਹ ਦਾਦੀ ਆਪਣੇ ਪੋਤਰਿਆਂ ਨੂੰ ਕਹਿਣ ਲੱਗੀ ਤਾਂ ਕਾਲਜੇ ਨੂੰ ਰੁੱਗ ਭਰਿਆ ਗਿਆ। ਪੋਤਰੇ ਖੁਦ ਵੀ ਸਮਝਦੇ ਸਨ। ਉਹ ਸਾਰੀ ਰਾਤ ਜਾਗਦੇ ਰਹੇ। ਉਹ ਤਾਂ ਧੁਰੋਂ ਹੀ ਜਾਗੇ ਸਨ। ਉਸ ਅਭਾਗੀ ਰਾਤ ਦੇ ਇਕ ਇਕ ਪਲ ਨੂੰ ਬਿਆਨ ਕਰਨਾ ਕਿਸੇ ਲੇਖਕ ਦੇ ਵੱਸ ਨਹੀਂ। ਉਸਨੂੰ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ। ਦਿਨ ਚੜ੍ਹਿਆ ਤਾਂ ਬੱਚੇ ਹਕੂਮਤ ਨੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ। ਦਾਦੀ ਨੇ ਠੰਡੇ ਬੁਰਜ ਵਿਚ ਪ੍ਰਾਣ ਤਿਆਗ ਦਿੱਤੇ।

ਪਰ ਇਹ ਕਾਲੀ ਬੋਲੀ ਰਾਤ ਤਾਂ ਅਜੇ ਲੰਮੀ ਸੀ। ਜਵਾਨ ਪੁੱਤਰਾਂ ਦੇ ਮਾਪੇ ਹੁਸੀਨ ਸੁਪਨੇ ਲੈ ਰਹੇ ਸਨ ਕਿ ਮੁੰਡਾ ਸਿਹਰੇ ਲਾ ਕੇ ਘੋੜੀ ਚੜ੍ਹਿਆ ਹੈ। ਕੋਈ ਹੂਰ ਪਰੀ ਮਹਿੰਦੀ ਲਾ ਕੇ ਉਸ ਵਿਚ ਸਮਾ ਜਾਣ ਲਈ ਤਿਆਰੀ ਕਰ ਬੈਠੀ ਹੈ। ਘੋੜੀਆਂ ਗਾਈਆਂ ਜਾ ਰਹੀਆਂ ਹਨ। ਬਾਪ ਸੁੱਟ ਕਰ ਰਿਹਾ ਹੈ।

ਪਰ ਇਕ ਬਾਪ (ਗੁਰੂ ਗੋਬਿੰਦ ਸਿੰਘ) ਚਮਕੌਰ ਵਿਚ ਆਪਣੇ ਬੱਚਿਆਂ ਲਈ ਜੋ ਸੁਪਨੇ ਜਾਗਦਿਆਂ ਹੋਇਆਂ ਲੈ ਰਿਹਾ ਸੀ, ਉਹੋ ਜਿਹਾ ਸੁਪਨਾ ਲੈਣ ਦੀ ਕਦੇ ਕਿਸੇ ਬਾਪ ਦੀ ਹਿੰਮਤ ਨਹੀਂ ਪਈ।

ਉਸਦੀ ਆਪਣੀ ਸ਼ਖਸੀਅਤ ਦੀ ਲੋਅ ਵਿਚ ਉਸਦੇ ਗੱਭਰੂ ਪੁੱਤ ਅਜੀਤ ਸਿੰਘ, ਜੁਝਾਰ ਸਿੰਘ ਤਿਆਰ ਹੋ ਰਹੇ ਹਨ। ਉਹ ਉਹਨਾਂ ਦੀਆਂ ਪੁਸ਼ਾਕਾਂ ਅਤੇ ਸਰੀਰਾਂ ਉਤੇ ਕੋਈ ਅਤਰ ਫੁਲੇਲ ਨਹੀਂ ਛਿੜਕ ਰਿਹਾ, ਸਗੋਂ ਮੈਦਾਨੇ ਜੰਗ ਵਿਚ ਤੋਰਨ ਲਈ ਜ਼ਰਾ-ਬਖ਼ਤਰ ਸਜਾ ਰਿਹਾ ਹੈ, ਪੱਗ ਉਤੇ ਸਿਹਰੇ ਨਹੀਂ ਸਗੋਂ ਤਲਵਾਰ ਦੇ ਵਾਰ ਨੂੰ ਰੋਕਣ ਲਈ ਲੋਹੇ ਦੇ ਚੱਕਰ ਪਾਏ ਜਾ ਰਹੇ ਹਨ। ਉਹ ਆਪਣੇ ਪੁੱਤਾਂ ਨੂੰ ਕਿਸੇ ਹੂਰ ਪਰੀ ਨੂੰ ਵਿਆਹੁਣ ਲਈ ਤਿਆਰ ਨਹੀਂ ਕਰ ਰਿਹਾ ਸਗੋਂ ਮੌਤ ਨੂੰ ਗਲ਼ ਲਾਉਣ ਲਈ ਕਰ ਰਿਹਾ ਹੈ। ਦੋ ਵੱਡੇ ਪੁੱਤ ਅੱਖਾਂ ਦੇ ਸਾਹਮਣੇ ਯੁੱਧ ਕਰਦੇ ਸ਼ਹੀਦ ਹੋ ਗਏ ਤੇ ਦੋ ਨਿੱਕਿਆਂ ਬਾਰੇ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਦੀ ਖ਼ਬਰ ਮਿਲੀ। ਏਹੋ ਜਿਹੀ ਔਲਾਦ ਅੱਜ ਤਕ ਕਿਸੇ ਨੂੰ ਨਸੀਬ ਹੋਈ, ਜੋ ਮਾਪਿਆਂ ਦੇ ਆਦਰਸ਼ ਉਤੇ ਏਨੀ ਛੋਟੀ ਉਮਰੇ ਇਸ ਤਰ੍ਹਾਂ ਕੁਰਬਾਨ ਹੋ ਗਈ ਹੋਵੇ।

ਕੌਣ ਹੈ ਐਸਾ ਜਿਸ ਨੇ ਚਮਕੌਰ ਦੀ ਗੜ੍ਹੀ ਵਰਗੇ

ਮੈਦਾਨੇ ਜੰਗ ਵਿਚ 'ਚੰਡੀ ਦੀ ਵਾਰ' ਸਿਰਜੀ ਹੋਵੇ। ਕਦੀ ਕਲਮ ਤਲਵਾਰ ਬਣ ਜਾਂਦੀ ਤੇ ਕਦੀ ਤਲਵਾਰ ਕਲਮ ਦਾ ਰੂਪ ਧਾਰ ਲੈਂਦੀ। ਲੱਭੋ ਕੋਈ ਹੋਰ ਏਦਾਂ ਦਾ ਕਵੀ ?

'ਸੱਚਾ ਪਾਤਸ਼ਾਹ' ਦੇ ਮਇਨੇ ਸਮਝ ਆਏ। ਕਿਉਂਕਿ ਦੁਨਿਆਵੀ ਪਾਤਸ਼ਾਹ ਵੀ ਯੁੱਧ ਤਾਂ ਕਰਦਾ ਪਰ ਆਪਣੇ ਜਾਂ ਬੱਚਿਆਂ ਦੇ ਸਿਰ ਹਕੂਮਤੀ ਕਲਗੀ ਸਜਾਉਣ ਲਈ। ਪਰ ਗੁਰੂ ਨੇ ਆਪਾ/ਬੱਚੇ ਕੁਰਬਾਨ ਕਰਤੇ ਲੋਕਾਂ ਲਈ।

ਮਾਛੀਵਾੜੇ ਦੇ ਜੰਗਲ ਨੇ ਸਰਬੰਸਦਾਨੀ ਗੁਰੂ ਦੇ ਨੈਣਾ ਨੂੰ ਬਾਰ-ਬਾਰ ਭਿੱਜਦਿਆਂ ਸੁੱਕਦਿਆਂ ਵੇਖਿਆ ਹੋਵੇਗਾ ਤੇ ਨਾਲੇ ਹੌਸਲਾ ਵੇਖ ਕੇ ਦੰਗ ਵੀ ਰਹਿ ਗਿਆ ਹੋਵੇਗਾ।

ਔਲਾਦ ਸ਼ਹੀਦ ਕਰਵਾਉਣੀ ਬੜੀ ਔਖੀ ਹੈ ਤੇ ਉਹ ਵੀ ਆਪਣੇ ਨਿੱਜ ਖਾਤਰ ਨਹੀਂ, ਲੋਕਾਂ ਖਾਤਰ। ਅੰਦਾਜਾ ਲਾਓ ਕਿ ਕਿੰਨੀ ਕੁ ਮੁਹੱਬਤ ਹੋਵੇਗੀ ਲੋਕਾਂ ਨਾਲ ?

ਤੇ ਆਪਣੇ ਏਹੋ ਜਿਹੇ ਪਿਆਰੇ ਲੋਕਾਂ ਨੂੰ ਆਨੰਦਪੁਰ ਇੱਕਠੇ ਕਰਕੇ ਜਦ ਹੱਥ ਵਿਚ ਤਲਵਾਰ ਫੜ ਕੇ ਗੁਰੂ ਨੇ ਲਲਕਾਰਿਆਂ ਹੋਵੇਗਾ, "ਕਿ ਕੋਈ ਇਕ ਸਿੱਖ ਉਠੇ, ਮੇਰੇ ਕੋਲ ਆਓ, ਮੈਂ ਉਸਦੀ ਧੌਣ ਵੱਢਣੀ ਹੈ," ਤਾਂ ਗੁਰੂ ਨੇ ਕਿੰਨਾ ਵੱਡਾ ਜਿਗਰਾ ਕਰਕੇ ਇਹ ਗੱਲ ਆਖੀ ਹੋਵੇਗੀ। ਤੇ ਫਿਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਤੰਬੂ ਵਿਚੋਂ ਖੂਨ ਨਾਲ ਲਿਬੜੀ ਤਲਵਾਰ ਲੈ ਕੇ ਉਵੇਂ ਹੀ ਦੂਜਾ ਸਿਰ ਮੰਗਿਆ ਹੋਵੇਗਾ। ਸਿੱਖ ਸਿਰ ਦੇਣ ਲਈ ਉੱਠ ਕੇ ਗੁਰੂ ਵੱਲ ਤੁਰ ਪਿਆ ਹੋਵੇਗਾ ਤਾਂ ਆਪਣੇ ਸਿੱਖਾਂ ਦਾ ਪਿਆਰ, ਸ਼ਰਧਾ, ਕੁਰਬਾਨੀ, ਤਿਆਗ ਤੇ ਭਰੋਸਾ ਵੇਖ ਕੇ ਮਾਣ ਨਾਲ ਗੁਰੂ ਦੀਆਂ ਅੱਖਾਂ ਦੇ ਹੰਝੂ ਅੰਦਰ ਹੀ ਅੰਦਰ ਠਾਠਾਂ ਮਾਰਦੇ ਵਹਿ ਤੁਰੇ ਹੋਣਗੇ। ਭਰੋਸੇ ਅਤੇ ਕੁਰਬਾਨੀ ਦਾ ਇਹ ਹੜ੍ਹ ਸੀ ਜਿਸ ਦੇ ਵੇਗ ਦੇ ਸਾਹਮਣੇ ਮੁਗਲ ਹਕੂਮਤ ਵੀ ਇਕ ਦਿਨ ਰੁੜ੍ਹ ਗਈ।

ਅੱਡੋ ਅੱਡ ਜਾਤਾਂ ਦੇ ਪੰਜ ਪਿਆਰੇ ਸਾਜ ਕੇ ਜਾਤ-ਪਾਤ ਖਤਮ ਕਰ ਦਿੱਤੀ। ਨਵਾਂ ਮਨੁੱਖ ਸਿਰਜ ਦਿੱਤਾ। ਸ਼ੁੱਧ ਖਾਲਸਾ। ਜਿਸਨੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਮੋੜ ਦਿੱਤਾ।

ਇੰਜ ਹਰ ਸਾਲ ਵਿਸਾਖੀ ਦਾ ਦਿਨ ਵੀ ਨਿਆਰੀਆਂ ਚਮਕਾਂ ਮਾਰਨ ਲੱਗਾ। ਕਾਸ਼ ਸਾਨੂੰ ਉਹ ਭਾਵਨਾ ਸਦਾ ਚੇਤੇ ਰਵ੍ਹੇ ਤੇ ਸਾਡੇ ਅਮਲਾਂ ਵਿਚ ਵੀ ਆਵੇ, ਜਿਸ ਤਹਿਤ ਸਾਡੇ ਗੁਰੂਆਂ ਨੇ ਇਹ ਸਾਰੀ ਘਾਲਣਾ ਘਾਲੀ। ਪਰ ਅੰਦਰੋਂ ਚਸਕ ਜਿਹੀ ਪੈਂਦੀ ਹੈ ਕਿ ਜਿਹੜੀ ਉਚ ਨੀਚ, ਭਿੰਨ ਭੇਦ ਗੁਰੂਆਂ ਨੇ ਆਪਣੀ ਵੱਲੋਂ ਮਾਰ ਦਿੱਤੇ, ਉਹ ਸਾਡੇ ਅੰਦਰੋਂ ਅੱਜ ਤੱਕ ਵੀ ਨਹੀਂ ਮਰੇ।

ਚਸਕ ਨੇ ਸੁਰਤੀ ਉਰਾਂ ਮੋੜੀ, ਅਤੇ ਜਲ੍ਹਿਆਂਵਾਲੇ ਬਾਗ ਵਿਚ ਲੈ ਵੜੀ। ਜਨਰਲ ਡਾਇਰ ਸਾਡੇ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਣ ਡਿਆ। ਸੈਂਕੜੇ ਮਾਰ ਸੁੱਟੇ। ਸੈਂਕੜੇ ਤੜਫਣ ਡਏ। ੧੯੧੯ ਦੀ ਵਿਸਾਖੀ ਖੂਨ ਨਾਲ ਲਥਪਥ ਹੋ ਗਈ। ਰੋਹ ਦੀ ਲਾਟ ਅਸਮਾਨ ਛੂਹਣ ਲੱਗੀ।

੧੯੧੯ ਦੀ ਵਿਸਾਖੀ ਦੀ ਟੀਸੀ ਦੀਆਂ ਪੈੜਾਂ ਵਿਚ ਸਭ ਤੋਂ ਅੱਗੇ ਨਾਮਧਾਰੀ ਸਿੰਘ ਤੋਪਾਂ ਦੇ ਮੂੰਹਾਂ ਅੱਗੇ ਹਿੱਕਾਂ ਡਾਹੀ ਖੜ੍ਹੇ ਹਨ। ਵਿਦੇਸ਼ੀ ਗੁਲਾਮੀ ਤੋਂ ਅਜ਼ਾਦ ਹੋਣ ਬਾਰੇ ਸੋਚਣ ਦੀ ਅਜਿਹੀ ਸਜ਼ਾ, ਜਿਸਨੂੰ ਸੋਚ ਕੇ ਰੂਹ ਕੰਬ ਜਾਏ। ਮਲੇਰਕੋਟਲੇ ਦੇ ਮੈਦਾਨ ਵਿਚ ਸੱਤ ਤੋਪਾਂ ਲਿਆ ਕੇ ਬੀੜੀਆਂ। ਹੁਕਮ ਹੋਇਆ ਕਿ ਨਾਮਧਾਰੀ ਸਿੰਘਾਂ ਨੂੰ ਤੋਪਾਂ ਦੇ ਮੂੰਹਾਂ ਅੱਗੇ ਬੰਨ੍ਹ ਕੇ ਉਡਾ ਦਿੱਤਾ ਜਾਵੇ। ੧੭ ਜਨਵਰੀ ੧੮੭੨ ਨੂੰ ਨਾਮਧਾਰੀ ਸਿੰਘਾਂ ਨੇ ਲਲਕਾਰ ਕੇ ਆਖਿਆ ਕਿ ਸਾਨੂੰ ਬੰਨ੍ਹਣ ਦੀ ਲੋੜ ਨਹੀਂ ਪਵੇਗੀ। ਅਸੀਂ ਖੁਦ ਹੀ ਅੱਗੇ ਖਲੋਵਾਂਗੇ। ਪਹਿਲਾਂ ੭ ਜਣੇ ਉਡਾਏ। ਫਿਰ ਦੂਜੇ ਸੱਤ ਆ ਖਲੋਤੇ। ਇਵੇਂ ੪੯ ਨਾਮਧਾਰੀਆਂ ਸਿੰਘਾਂ ਸ਼ਹਾਦਤ ਦਾ ਜਾਮ ਪੀਤਾ। ਤੇ ਫ਼ਿਰ ਇਵੇਂ ਹੀ ੧੬ ਹੋਰਨਾਂ ਨੇ। ਸਤਿਗੁਰੂ ਬਾਬਾ ਰਾਮ ਸਿੰਘ ਨੇ ਨਾਮਿਲਵਰਤਣ ਲਹਿਰ ਦਾ ਬੀਜ ਵੀ ਬੀਜਿਆ ਜਿਸਨੂੰ ਮਗਰੋਂ ਮਹਾਤਮਾ ਗਾਂਧੀ ਨੇ ਆਪਣਾ ਆਦਰਸ਼ ਬਣਾਇਆ ਤੇ ਨਾਮਧਾਰੀ ਲਹਿਰ ਨੇ ਤੋਪਾਂ ਦੇ ਮੂੰਹਾਂ ਅੱਗੇ ਸ਼ਹੀਦੀ ਦੇ ਕੇ ਕਰਾਂਤੀਕਾਰੀ ਅਜ਼ਾਦੀ ਅੰਦੋਲਨ ਨੂੰ ਵੀ ਬੇਮਿਸਾਲ ਹੌਸਲਾ ਦਿੱਤਾ।

ਆਪਣੀ ਵੱਲੋਂ ਨਾਮਧਾਰੀ ਕੂਕਾ ਅੰਦੋਲਨ ਮਲੀਆਮੇਟ ਕਰਕੇ ਜਦ ਅੰਗਰੇਜ ਹਕੂਮਤ ਨੇ ਪਿੱਛਾ ਭਉਂ ਕੇ ਵੇਖਿਆ ਤਾਂ ਪੰਜਾਬੀਆਂ ਦੀ ਹੀ ਅਗਵਾਈ ਵਿਚ ਗਦਰੀ ਬਾਬਿਆਂ ਦਾ ਲਾਮ ਲਸ਼ਕਰ ਅਮਰੀਕਾ ਕਨੇਡਾ ਵੱਲੋਂ ਵਤਨ ਦੀ ਅਜ਼ਾਦੀ ਲਈ ਚੜ੍ਹ ਆਇਆ। ਹਜ਼ਾਰਾਂ ਦੀ ਗਿਣਤੀ ਵਿਚ ਆਏ ਗਦਰੀ ਸੂਰਮੇ ਏਨੀ ਵੱਡੀ ਫਰੰਗੀ ਹਕੂਮਤ ਨਾਲ ਟਕਰਾ ਗਏ। ਕਰਤਾਰ ਸਿੰਘ ਸਰਾਭੇ ਹੋਰੀਂ ੧੪੫ ਜਣੇ ਜਾਨਾਂ ਨਿਛਾਵਰ ਕਰ ਗਏ। ਬਾਬਾ ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਠੱਠੀਆਂ, ਗੁਰਮੁੱਖ ਸਿੰਘ ਲਲਤੋਂ, ਊਧਮ ਸਿੰਘ ਕਸੇਲ ਹੋਰੀਂ ੩੦੭ ਸੂਰਮੇ ਉਮਰ ਕੈਦਾਂ ਤੇ ਕਾਲੇ ਪਾਣੀ ਵਰਗੀਆਂ ਸਜਾਵਾਂ ਖਾ ਗਏ। ਤੇ ਇਵੇਂ ਹੀ ਸੈਂਕੜੇ ਹੋਰ। ਪਰ ਡੋਲਿਆ ਨਾ ਕੋਈ ੧੯੧੪-੧੫ ਦੀ ਗੱਲ ਹੈ ਇਹ।

ਅਜਿਹੀ ਸ਼ਾਨਦਾਰ ਵਿਰਾਸਤ ਵਾਲਿਆਂ ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਗੋਲੀਆਂ

ਨਾਲ ਭੁੰਨ ਕੇ ਡਰਾਉਣ ਦਬਾਉਣ ਦੀ ਕੋਸ਼ਿਸ਼ ਕਰ ਰਹੀ ਅੰਗਰੇਜ਼ ਸਰਕਾਰ ਬੜੀ ਭੁਲੇਖੇ ਵਿਚ ਸੀ।

ਇਹ ਘਟਨਾ ਤਾਂ ਸਗੋਂ ਰੋਸ ਨੂੰ ਰੋਹ ਅਤੇ ਬਗਾਵਤ ਵਿਚ ਬਦਲਨ ਵਾਲੀ ਮੁੱਖ ਘਟਨਾ ਸਾਬਤ ਹੋਈ।

ਜਲ੍ਹਿਆਂ ਵਾਲਾ ਬਾਗ ਦੀ ਵਿਸਾਖੀ ਦਾ ਕਤਲੇਆਮ ਤਾਂ ਚਿੰਗਾਰੀ ਸੀ, ਜਿਸ ਨਾਲ ਗਦਰੀ ਬਾਬਿਆਂ ਦੇ ਕਤਲਾਮ ਅਤੇ ਸਜ਼ਾਵਾਂ ਦੇ ਰੋਹ ਨੂੰ ਸੀਨੇ ਵਿਚ ਲਈ ਬੈਠਾ ਪੰਜਾਬ ਸ਼ੇਰ ਵਾਂਗ ਗਰਜਿਆ। ਲਹੌਰ, ਅੰਮ੍ਰਿਤਸਰ, ਕਸੂਰ, ਗੁਜਰਾਂਵਾਲਾ, ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਸ਼ੇਖੂਪੁਰਾ ਵਿਚ ਬਗਾਵਤ ਹੋ ਗਈ। ਹੋਰ ਇਲਾਕਿਆਂ ਵਿਚ ਫੈਲ ਗਈ। ਲੋਕਾਂ ਸਟੇਸ਼ਨ ਸਾੜ ਦਿੱਤੇ। ਜਿੱਥੇ ਅੰਗਰੇਜ਼ ਮਿਲਿਆ, ਸਿੱਧੇ ਟੱਕਰੇ। ਇਹ ਬਗਾਵਤ ਏਨੀ ਵਿਆਪਕ ਸੀ ਕਿ ਉਡਵਾਇਰ ਦੀ ਆਪਣੀ ਰਿਪੋਰਟ ਮੁਤਾਬਕ "ਇਸ ਵਿਚ ੫੦੦ ਪੰਜਾਬੀ ਮਰੇ ਅਤੇ ੨੫੦੦ ਤੇ ਮੁਕੱਦਮੇ ਚਲਾਏ ਗਏ। ਜਿੰਨ੍ਹਾ ਵਿਚ ੧੮੦੦ ਨੂੰ ਸਜ਼ਾਵਾਂ ਹੋਈਆਂ। ਸਜ਼ਾਵਾਂ ਇਸ ਤਰ੍ਹਾਂ ਸਨ-ਇਕ ਸੌ ਅੱਠ ਨੂੰ ਫਾਂਸੀ ਦੀ ਸਜ਼ਾ, ਦੋ ਸੌ ਪੈਂਹਠ ਨੂੰ ਉਮਰ ਕੈਦ, ਦੋ ਨੂੰ ਦਸ ਸਾਲ ਤੋਂ ਵੱਧ ਦੀ ਸਜ਼ਾ, ਬਹੁਤਿਆਂ ਦੀਆਂ ਜਾਇਦਾਦਾਂ ਜਬਤ ਤੇ ਬਾਕੀਆਂ ਨੂੰ ਇਸ ਤੋਂ ਘੱਟ ਸਜ਼ਾਵਾਂ। ਉਪਰਲਾ ਫੈਸਲਾ ਜਸਟਿਸ ਬਰੋਡਵੇ ਨੇ ੫ ਜੁਲਾਈ ੧੯੧੯ ਨੂੰ ਲਹੌਰ ਵਿਚ ਸੁਣਾਇਆ ਸੀ। ਜ਼ਿਲ੍ਹਾ ਹੈਡਕੁਆਟਰਾਂ ਤੇ ਦਿੱਤੀਆਂ ਸਜ਼ਾਵਾਂ ਇਸ ਤੋਂ ਵੱਖਰੀਆਂ ਸਨ। (ਗਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ ੧੩੧)

੧੯੧੯ ਦੀ ਵਿਸਾਖੀ ਦੀ ਇਹੀ ਘਟਨਾ ਮਗੋਂ ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂ ਹੋਣ ਦੀ ਇਕ ਚੰਗੀ ਵਜਾਹ ਵੀ ਬਣੀ। ਅਤੇ ਗੁਰਦੁਆਰਾ ਸੁਧਾਰ ਲਹਿਰ ਅੰਤਿਮ ਰੂਪ ਵਿਚ ਅੰਗਰੇਜ਼ ਵਿਰੋਧੀ ਲਹਿਰ ਹੋ ਨਿੱਬੜੀ। ਜਿਸ ਵਿਚ ਮੇਰਾ ਨਾਨਾ ਜਥੇਦਾਰ ਊਧਮ ਸਿੰਘ ਭਿੱਖੀਵਿੰਡ ਵੀ ਇਕ ਨਿਮਾਣਾ ਜਿਹਾ ਜਰਨੈਲ ਸੀ।

ਹਰ ਕਰਾਂਤੀਕਾਰੀ ਜੋ ਵਤਨ ਦੀ ਅਜ਼ਾਦੀ ਲਈ ਜੂਝਿਆ, ਜਲ੍ਹਿਆਂ ਵਾਲੇ ਬਾਗ ਦਾ ਸਾਕਾ ਉਸਦੇ ਰੋਹ ਨੂੰ ਪ੍ਰਚੰਡ ਕਰਨ ਦਾ ਸਬੱਬ ਬਣਦਾ ਰਿਹਾ। ਤੇ ਮੁਲਕ ਅਜ਼ਾਦ ਹੋ ਗਿਆ।

ਇੰਜ ਵਿਸਾਖੀ ਹਰ ਸਾਲ ਸਾਡੀ ਰੂਹ ਨੂੰ ਕੰਬਣੀ ਛੇੜਨ ਆਉਂਦੀ ਹੈ। ਕੁਛ ਸੋਚਣ ਤੇ ਸੇਧ ਦੇਣ ਆਉਂਦੀ ਹੈ ਕਿ ਆਪਣੇ ਅੰਦਰ ਝਾਤੀ ਮਾਰੋ ਕਿ ਕੀ ਅਸੀਂ ਆਪਣੀ ਸ਼ਾਨਦਾਰ ਵਿਰਾਸਤ ਦੇ ਯੋਗ ਵਾਰਿਸ ਹਾਂ? ਕਿਤੇ ਪਖੰਡੀ ਜਾਂ ਅਗਿਆਨੀ ਤਾਂ ਨਹੀਂ?

ਵਿਸਾਖੀ ਤਿਓਹਾਰ ਵੀ ਹੈ। ਹਾੜ੍ਹੀ ਪੱਕਦੀ। ਰਿਜਕ ਆਉਂਦਾ। ਵਾਹੀਵਾਨਾਂ ਦਾ ਨਵਾਂ ਸਾਲ ਵੀ ਚੜ੍ਹਦਾ। ਵਿਸਾਖੀ ਨਾਉਣ ਦਾ ਰਿਵਾਜ ਵੀ ਹੈ ਵਗਦੇ ਪਾਣੀ ਵਿਚ।

ਤਿਓਹਾਰ ਮੁਰਝਾ ਸਕਦੇ ਸਮਾਂ ਪਾ ਕੇ। ਜਿਵੇਂ 'ਤੀਆਂ' ਤੇ 'ਹੋਲੀ' ਦਾ ਰੂਪ ਅੱਗੇ ਵਰਗਾ ਨਹੀਂ ਰਿਹਾ। 'ਦੀਵਾਲੀ' ਦਾ ਚਿਹਰਾ-ਮੋਹਰਾ ਵੀ ਖਰਾਬ ਜਿਆ ਹੋ ਗਿਆ।

ਪਰ ਵਿਸਾਖੀ ਤਾਂ ਮੋਇਆਂ ਵਿਚ ਜਾਨ ਪਾ ਦੇਣ ਵਾਲਾ ਦਿਨ ਹੈ।

ਮੁਖੀ ਪੋਸਟ ਗਰੈਜੂਏਟ ਪੰਜਾਬੀ ਵਿਭਾਗ
ਸਰਕਾਰੀ ਕਾਲਿਜ, ਤਲਵਾੜਾ।
ਮੋਬ-੯੪੧੭੩-੨੪੫੪੩

ਗ਼ਜ਼ਲ

-ਅਮਰਜੀਤ ਸਿੰਘ ਸੰਧੂ

ਤੇਰੇ ਪੈਰਾਂ 'ਚ ਸੂਲਾਂ ਨੇ, ਤੂੰ ਫਿਰ ਵੀ ਮੁਸਕਰਾਈ ਜਾ!
ਤੂੰ ਸੂਲਾਂ ਦੇ ਲਬਾਂ ਨੂੰ ਖ਼ੂਨ ਲਾ ਕੇ ਫੁੱਲ ਬਣਾਈ ਜਾ!

ਜੇ ਤੇਰੇ ਗੀਤ ਵਿਚ ਦਮ ਹੈ, ਤਾਂ ਪਤਝੜ ਝੂਮ ਉੱਠੇਗੀ,
ਝੜੇ ਪੱਤੇ ਵੀ ਨੱਚਣਗੇ, ਤੂੰ ਨਗ਼ਮੇਂ ਗੁਣਗੁਣਾਈ ਜਾ!

ਜੇ ਤੂੰ ਜਲਨਾ ਵੀ ਹੈ ਤਾਂ ਫੁੱਲਝੜੀ ਦੇ ਵਾਂਗ ਜਲਨਾ ਸਿੱਖ,
ਤੂੰ ਪਾਥੀ ਵਾਂਗ ਧੁਖ-ਧੁਖ ਕੇ ਹੀ ਨਾ ਦਿਲ ਨੂੰ ਜਲਾਈ ਜਾ!

ਖ਼ੁਸ਼ੀ ਜੇ ਦਿਲ 'ਚ ਹੈ ਤੇਰੇ, ਤਾਂ ਸਾਰੇ ਜੱਗ 'ਚ ਵਰਤਾ ਦੇ,
ਜੇ ਤੇਰੇ ਦਿਲ 'ਚ ਕੁਝ ਗ਼ਮ ਹੈ, ਤਾਂ ਦਿਲ ਵਿਚ ਹੀ ਦਬਾਈ ਜਾ!

ਤੂੰ ਸਾੜੇ, ਦੁਸ਼ਮਣੀ ਤੇ ਫੁੱਟ ਦੇ ਜੰਗਲ 'ਚ ਵੀ ਐ ਦਿਲ,
ਮੁਹੱਬਤ, ਏਕਤਾ ਦੇ ਸਭ ਲਈ ਰਸਤੇ ਬਣਾਈ ਜਾ!

ਜੇ ਤੂੰ ਸੱਚ ਆਖਿਐ ਤਾਂ ਸਿਰ 'ਤੇ ਆਰਾ ਚੱਲਣਾ ਹੀ ਸੀ,
ਤੇਰੀ ਹੁਣ ਸ਼ਾਨ ਇਸ ਵਿਚ ਹੈ ਕਿ ਹੁਣ ਵੀ ਮੁਸਕਰਾਈ ਜਾ!

ਟਟਹਿਣਾ ਹੈਂ ਤਾਂ ਫਿਰ ਕੀ ਹੈ, ਤੂੰ ਛੋਟਾ ਨਾ ਸਮਝ ਖ਼ੁਦ ਨੂੰ,
ਤੇਰੀ ਵੀ ਲੋਅ ਬਥੇਰੀ ਹੈ, ਤੂੰ 'ਸੰਧੂ' ਟਿਮਟਿਮਾਈ ਜਾ!

੪੨੧-ਦਕੋਹਾ (ਜਲੰਧਰ)-੧੪੪੦੨੩
ਮੋਬਾ.-੯੪੬੩੬-੧੩੫੨੮

ਆਜ਼ਾਦੀ ਸੰਗਰਾਮ ਵਿਚ ਮਈ ਦਾ ਮਹੀਨਾ
ਡਾਇਰੀ ਕੌਮੀ ਲਹਿਰ

(ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ)

੧ ਮਈ ਸ਼ਹੀਦ ੧੯੩੩ ਰੋਸ਼ਨ ਲਾਲ ਮਹਿਰਾ:

ਮਦਰਾਸ (ਚਿਨਈ) ਸ਼ਹਿਰ ਨੇੜੇ ਬੰਬ ਦਾ ਤਜਰਬਾ ਕਰਦੇ ਸ਼ਹੀਦ ਹੋਏ। ਅੰਮ੍ਰਿਤਸਰ ਦੇ ਇੱਕ ਖੁਸ਼ਹਾਲ ਪਰਿਵਾਰ ਵਿਚ ਜਨਮੇ ਇਸ ਬੱਚੇ ਨੂੰ ਇਹਨਾਂ ਦੀ ਮਾਤਾ ਜੀ ਸ੍ਰੀਮਤੀ ਲਲਿਤਾ ਦੇਵੀ ਨੇ ਦੇਸ਼ਭਗਤੀ ਦੀ ਗੁੜ੍ਹਤੀ ਦਿੱਤੀ ਸੀ। ੧੯੩੦ ਵਿਚ ਇਨਕਲਾਬੀ ਲਹਿਰ ਵਿਚ ਸਰਗਰਮ ਰਹੇ ਤੇ ੨੬ ਅਪ੍ਰੈਲ ੧੯੩੩ ਨੂੰ ਊਟਾਕਮੰਡ ਬੈਂਕ ਦੇ ਐਕਸ਼ਨ ਵਿਚ ਹਿੱਸਾ ਲਿਆ ਤੇ ਅਗਲੇਰੇ ਐਕਸ਼ਨ ਦੀ ਤਿਆਰੀ ਵਜੋਂ ਤਿਆਰ ਕੀਤੇ ਗਏ ਬੰਬ ਦੀ ਪਰੀਕਸ਼ਾ ਕਰਦੇ ਸ਼ਹੀਦ ਹੋਏ।

੩ ਮਈ ੧੯੩੧, ਸ਼ਹੀਦ ਜਗਦੀਸ਼ ਚੰਦਰ:

ਲਾਹੌਰ ਸ਼ਾਲੀਮਾਰ ਬਾਗ਼ ਵਿਚ ਚਿੱਟੇ ਦਿਨ ਫ਼ਰਜ਼ੀ ਮੁਕਾਬਲੇ ਵਿਚ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ। ਇਹ ਡੇਰਾ ਇਸਮਾਈਲ ਖਾਂ ਵਾਸੀ ਜਗਦੀਸ਼, ਰਾਏ ਬਹਾਦਰ ਠਾਕਰਦਾਸ ਧਵਨ, ਸਾਬਕਾ ਡਿਸਟਰਿਕਟ-ਸੈਸ਼ਨ ਜੱਜ ਦੇ ਸਪੁੱਤਰ ਸਨ। ਇਹ ਲਖਨਊਯੂਨੀਵਰਸਿਟੀ ਵਿਚ ਬੀ.ਏ. ਦੇ ਵਿਦਿਆਰਥੀ ਜੀਵਨ ਦੌਰਾਨ ਪ੍ਰਸਿੱਧ ਇਨਕਲਾਬੀ ਸੁਖਦੇਵਰਾਜ (ਐਮ.ਏ.) ਦੇ ਸੰਪਰਕ ਵਿਚ ਆਏ ਸੀ, ਤੇ ਦੋਵੇਂ ਪੰਜਾਬ ਦੇ ਚੀਫ ਸੈਕਟਰੀ ਸਰ ਹੈਨਰੀ ਕਰੀਕ, ਜਿਸ ਦੀ ਭਗਤ ਸਿੰਘ, ਸੁਖਦੇਵ, ਰਾਜਗੁਰੂਨੂੰ ਫਾਂਸੀ ਲਗਾਉਣ ਵਿਚ ਮੁੱਖ ਭੂਮਿਕਾ ਸੀ, ਨੂੰ ਮਾਰ ਮੁਕਾਉਣ ਲਈ ਪਹਿਲੀ ਮਈ ਨੂੰ ਲਾਹੌਰ ਪਹੁੰਚੇ ਸਨ। ਦੋ-ਤਿੰਨ ਮਈ ਦੀ ਰਾਤ ਇਹਨਾਂ ਦੇ ਠਿਕਾਣੇ ਬਾਰੇ ਪੁਲੀਸ ਨੂੰ ਸੂਹ ਲਗ ਗਈ। ਇਸ ਲਈ ਇਨ੍ਹਾਂ ਨੂੰ ਇਹ ਰਾਤ ਬਾਹਰ ਖੇਤਾਂ ਵਿਚ ਗੁਜਾਰਨੀ ਪਈ ਸੀ। ਤਿੰਨ ਮਈ ਸਵੇਰ ਦੇ ੧੦-੧੧ ਵਜੇ, ਇਹ ਦੋਵੇਂ ਓਨੀਂਦੇ ਹੋਏ, ਸ਼ਾਲੀਮਾਰ ਬਾਗ਼ ਵਿਚ ਵਖੋ-ਵੱਖ ਥਾਈਂ ਸੁਤੇ ਪਏ ਸਨ, ਜਦਕਿ ਪੁਲੀਸ ਸੁਖਦੇਵ ਰਾਜ ਦੀ ਭਾਲ ਵਿਚ ਉਥੇ ਪਹੁੰਚ ਗਈ ਤੇ ਉਹਨਾਂ ਦੀ ਨਜ਼ਰ ਪਹਿਲਾਂ ਜਗਦੀਸ਼ ਤੇ ਹੀ ਪਈ, ਜਿਸ ਨੂੰ ਉਹਨਾਂ ਅਨ੍ਹੇਵਾਹ ਗੋਲੀਆਂ ਚਲਾਕੇ ਸ਼ਹੀਦ ਕਰ ਦਿੱਤਾ। ਇਸ ਉਪਰੰਤ ਸੁਖਦੇਵਰਾਜ ਦੇ 'ਲਭਣ' ਤੇ ਉਸਨੂੰ ਮੌਕੇ ਤੇ ਗ੍ਰਿਫਤਾਰ ਕਰ ਲਿਆ ਗਿਆ। ਆਪਣੇ ਗੁਨਾਹ ਤੇ ਪਰਦਾ ਪਾਉਣ ਲਈ ਪੁਲੀਸ ਨੇ ਲਾਸ਼ ਦਾ ਨਾਮ ਮਾਤਰ ਪੋਸਟ-ਮਾਰਟਮ ਕਰਵਾਕੇ ਚੋਰੀ-ਛਿਪੇ ਸੰਸਕਾਰ ਕਰ ਦਿੱਤਾ, ਹਾਲਾਂਕਿ ਸ਼ਹੀਦ ਦੇ ਪਿਤਾ ਜੀ ਆਪਣੇ ਅਸਰ ਰਸੂਖ ਨਾਲ, ਉਹਦੇ ਅੰਤਮ ਸੰਸਕਾਰ ਲਈ, ਉਹਦੀ ਮ੍ਰਿਤਕ ਦੇਹ ਲੈਣ ਲਈ ਅੱਡੀ-ਚੋਟੀ ਦਾ ਜ਼ੋਰ ਲਾਉਂਦੇ ਰਹੇ।

੩ ਮਈ ੧੯੩੦ (ਭਗਤ ਸਿੰਘ) ਲਾਹੌਰ ਸਾਜ਼ਸ਼ ਕੇਸ: ਮੈਜਿਸਟਰੇਟੀ ਅਦਾਲਤ ਦੀ ਅਖੀਰਲੀ ਤਾਰੀਖ:

ਸ੍ਰੀ ਕਰਿਸ਼ਨ (ਸਪੈਸ਼ਲ ਮੈਜਿਸਟਰੇਟ) ਜਿਸਦੀ 'ਦੇਖ-ਰੇਖ' ਹੇਠਾਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਤੇ ਅਥਾਹ ਕਹਿਰ ਢਾਇਆ ਜਾਂਦਾ ਰਿਹਾ ਸੀ ਉਸਦੀ ਵਿਦਾਇਗੀ ਮੌਕੇ ਭਗਤ ਸਿੰਘ ਨੇ ਆਪਣੇ ਵਲੋਂ ਤੇ ਆਪਣੇ ਸਾਥੀਆਂ ਵਲੋਂ ਮੈਜਿਸਟਰੇਟ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ, "ਭਾਵੇਂ ਉਹਨਾਂ ਨੂੰ (ਸਾਨੂੰ) ਕਈ ਵਾਰੀ ਅਫਸਰਸ਼ਾਹੀ ਦੇ ਹੁਕਮਾਂ ਦੀ ਜਾਣਬੁਝ ਕੇ ਉਲੰਘਣਾ ਕਰਨੀ ਪਈ (ਸੀ) ਕਿਉਂਕਿ ਮੈਜਿਸਟਰੇਟ ਅਫ਼ਸਰਸ਼ਾਹੀ ਦਾ ਹੀ ਪ੍ਰਤੀਨਿਧ ਹੁੰਦਾ ਹੈ, ਪਰ ਉਨ੍ਹਾਂ ਨੂੰ (ਸਾਨੂੰ) ਨਿਜੀ ਤੌਰ ਤੇ ਮੈਜਿਸਟਰੇਟ ਸਾਹਿਬ ਨਾਲ ਕੋਈ ਗਿਲ੍ਹਾ-ਸ਼ਿਕਵਾ ਨਹੀਂ। ਭਗਤ ਸਿੰਘ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਮੈਜਿਸਟਰੇਟ ਸਾਹਿਬ ਨਿਮਰਤਾ ਤੇ ਨਰਮੀ ਨਾਲ ਪੇਸ਼ ਆਉਂਦੇ ਸਨ, ਜਿਸਦਾ ਸਰਕਾਰੀ ਧਿਰ ਅਕਸਰ ਨਾਜਾਇਜ਼ ਲਾਭ ਉਠਾਉਂਦੀ ਰਹੀ ਸੀ, ਜਦਕਿ ਉਹਨਾਂ ਨੇ ਕਦੇ ਵੀ ਇਸਦਾ (ਅਨੁਚਿਤ) ਫਾਇਦਾ ਉਠਾਉਣ ਦਾ ਯਤਨ ਨਹੀਂ ਕੀਤਾ।" (ਹਵਾਲਾ: "ਭਗਤ ਸਿੰਘ : ਅਮਰ ਵਿਦਰੋਹੀ", ਪੰਨਾ ੧੩੨)

੫ ਮਈ ੧੯੩੦ (ਭਗਤ ਸਿੰਘ) ਲਾਹੌਰ ਸਾਜ਼ਸ਼ ਕੇਸ

ਸਪੈਸ਼ਲ ਟ੍ਰਿਬਿਊਨਲ ਦੀ ਅਦਾਲਤੀ ਕਾਰਵਾਈ ਦੀ ਸ਼ੁਰੂਆਤ: ੧੦ ਵਜੇ ਸਵੇਰੇ - ੧੮ ਮੁਲਜ਼ਮ ਇਨਕਲਾਬੀ ਨਾਅਰੇ ਲਾਉਂਦੇ ਹੋਏ ਅੰਦਰ ਆਏ, ਤੇ ੮ ਮਿੰਟ ਤੱਕ ਇਕ ਗੀਤ ਗਾਉਂਦੇ ਰਹੇ। ਫਿਰ ਉਹਨਾਂ ਇੱਕ ਲਿਖਤੀ ਦਰਖਾਸਤ ਪੇਸ਼ ਕੀਤੀ ਕਿ ਅਸੀਂ ਜਿਸ ਆਰਡੀਨੈਂਸ (+ਵਣ੧ਟਟਡਥ) ਤਹਿਤ ਇਸ ਟ੍ਰਿਬਿਊਨਲ ਦਾ ਗਠਣ ਕੀਤਾ ਹੈ, ਉਸਨੂੰ ਚੁਨੌਤੀ ਦੇ ਰਹੇ ਹਾਂ, ਇਸ ਲਈ ਅਦਾਲਤੀ ਕਾਰਵਾਈ ਉਨੀ ਦੇਰ ਲਈ ਮੁਲਤਵੀ ਕਰ ਦਿੱਤੀ ਜਾਏ।

੧੧.੧੫ ਤੇ ਰਾਜ ਗੁਰੂਕਿਸੇ ਓਪਰੀ ਭਾਸ਼ਾ ਵਿਚ ਕੁਝ

ਕਹਿਣ ਲਗ ਪਿਆ। ਉਸਦੇ ਇੱਕ ਸਾਥੀ ਅਨੁਸਾਰ ਉਸਦਾ ਭਾਵ, ਅਦਾਲਤੀ ਕਾਰਵਾਈ ਦੀ ਪ੍ਰਚਲਤ ਭਾਸ਼ਾ ਤੋਂ ਆਪਣੇ ਆਪ ਨੂੰ ਅਣਜਾਨ ਦਰਸਾਉਣਾ ਸੀ। ਪਿੱਛੋਂ ਸਰਕਾਰੀ ਕਰਮਚਾਰੀਆਂ ਨੇ ਮਫ਼ਰੂਰ 'ਦੋਸ਼ੀਆਨ' ਦੇ ਗ੍ਰਿਫਤਾਰ ਨਾ ਕੀਤੇ ਜਾ ਸਕਣ ਦਾ ਖੁਲਾਸਾ ਕੀਤਾ:

(੧) ਸਤਿਗੁਰਦਿਆਲ (ਕਾਨਪੁਰ), (੨) ਭਗਵਤੀ ਚਰਨ (ਲਾਹੌਰ), (੩) ਚੰਦਰ ਸ਼ੇਖਰ ਆਜ਼ਾਦ (ਅਲਾਹਾਬਾਦ-ਗੋਰਖਪੁਰ), (੪) ਕੈਲਾਸ਼ ਪਤੀ (ਆਜ਼ਮਗੜ੍ਹ-ਯੂ.ਪੀ.), (੫) ਯਸ਼ਪਾਲ (ਨਦਾਉਨ - ਹਮੀਰਪੁਰ)।

੭ ਮਈ ੧੯੦੭:

ਲਾਲਾ ਲਾਜਪਤ ਰਾਏ ਤੇ ਸ. ਅਜੀਤ ਸਿੰਘ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ, ਜਿਸ ਤਹਿਤ ਉਹਨਾਂ ਨੂੰ ਗ੍ਰਿਫਤਾਰੀ ਉਪਰੰਤ ਮੁਲਕ 'ਚੋਂ ਬਾਹਰ ਭੇਜ ਦਿੱਤਾ ਜਾਣਾ ਸੀ; ਭਾਵ ਉਹਨਾਂ ਦੋਹਾਂ ਨੂੰ ਬਰਮਾ - ਮਾਂਡਲੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

੮ ਮਈ ੧੮੯੯:

ਵਾਸੂਦੇਵ ਚਾਪੇਕਰ (ਚਾਪੇਕਰ ਭਾਈਆਂ ਵਿਚ ਸਭ ਤੋਂ ਛੋਟੇ) ਨੂੰ ਨੌਜਵਾਨਾਂ ਨੂੰ ਫ਼ੌਜੀ ਸਿਖਲਾਈ ਦੇਣ ਦੇ ਜੁਰਮ ਵਿਚ ਯਰਵਾਦਾ (ਢਥਵੜਣ') ਪੂਨਾ ਜੇਲ੍ਹ ਵਿਚ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

੮ ਮਈ ੧੯੧੫ ਤੇ ੧੦ ਮਈ ੧੯੧੫: ਦਿੱਲੀ-ਲਾਹੌਰ (ਹਾਰਡਿੰਗ ਬੰਬ ਕੇਸ) ਤਹਿਤ ਸ਼ਹੀਦੀਆਂ:

੧) ਮਾਸਟਰ ਅਮੀਰ ਚੰਦ (ਦਿੱਲੀ ਜੇਲ੍ਹ, ੮ ਮਈ ੧੯੧੫) - ਜਿਨ੍ਹਾਂ ਵਿਰੁੱਧ ਇਹ ਦੋਸ਼ ਸੀ ਕਿ ਇਹਨਾਂ ਦੇ ਪ੍ਰਭਾਵ ਹੇਠਾਂ ਹੀ ਇਹ ਐਕਸ਼ਨ ਕੀਤਾ ਗਿਆ ਸੀ।

੨) ਅਬਦ ਬਿਹਾਰੀ (ਦਿੱਲੀ ਜੇਲ੍ਹ, ੮ ਮਈ ੧੯੧੫) - ਇਹ ਨੌਜਵਾਨ ਬੀ.ਏ. ਪਾਸ ਕਰਨ ਪਿੱਛੋਂ ਲਾਹੌਰ ਬੀ.ਟੀ. (ਬੀ.ਐਡ.) ਦੀ ਪੜ੍ਹਾਈ ਕਰ ਰਿਹਾ ਸੀ; ਇਸ ਹਸਮੁਖ ਨੌਜਵਾਨ ਨੂੰ ਫਾਂਸੀ ਤੋਂ ਪਹਿਲਾਂ ਆਪਣੀ ਆਖਰੀ ਇੱਛਾ ਦੱਸਣ ਲਈ ਕਿਹਾ ਗਿਆ ਤਾਂ ਉਸਦਾ ਜਵਾਬ ਸੀ, "ਅੰਗਰੇਜ਼ਾਂ ਨੂੰ ਸ਼ੈਤਾਨ ਚਿੰਬੜ ਜਾਵੇ।" ਉਸਨੂੰ ਅੰਗਰੇਜ਼ ਅਧਿਕਾਰੀ ਨੇ ਕਿਹਾ ਕਿ, "ਸ਼ਾਂਤੀ ਨਾਲ ਵਿਦਾ ਹੋਵੋ"; .... ਜਵਾਬ ਦਿੱਤਾ "ਇਹ ਕਿਹੋ ਜਿਹੀ ਸ਼ਾਂਤੀ ਹੈ? ..."

੩) ਭਾਈ ਬਾਲ ਮੁਕੰਦ (ਦਿੱਲੀ ਜੇਲ੍ਹ, ੮ ਮਈ ੧੯੧੫): ਇਨ੍ਹਾਂ ਦੀ ਸੁਪਤਨੀ ਮਾਤਾ ਰਾਮ ਰੱਖੀ ਨੇ ਇੱਕ ਵਾਰੀ ਇਹਨਾਂ ਨਾਲ ਮੁਲਾਕਾਤ ਦੌਰਾਨ ਇਨ੍ਹਾਂ ਦੀ ਖ਼ੁਰਾਕ, ਪੁਸ਼ਾਕ, ਤੇ ਜੇਲ੍ਹ ਕੋਠੜੀ ਦੀ ਘੁਟਣ ਦਾ ਅਨੁਭਵ ਕੀਤਾ ਤਾਂ ਉਸੇ ਦਿਨ ਤੋਂ ਉਹੋ ਜਿਹੀ ਖ਼ੁਰਾਕ, ਪੁਸ਼ਾਕ ਤੇ ਘੁਟਣ ਅਪਣਾ ਲਈ। ਜਦੋਂ ਅਖੀਰ ਆਪਣੇ ਪਤੀ ਦੇ ਅੰਤਮ ਵਿਛੋੜੇ ਦੀ ਇਤਲਾਹ ਮਿਲੀ ਤਾਂ ਸਮਾਧੀ ਦੀ ਅਵਸਥਾ ਵਿਚ ਹੀ ਆਪਣੇ ਪ੍ਰਾਣ ਤਿਆਗ ਦਿੱਤੇ।

੪) ਬਸੰਤ ਕੁਮਾਰ ਬਿਸਵਾਸ (ਅੰਬਾਲਾ ਜੇਲ੍ਹ, ੧੦ ਮਈ ੧੯੧੫): ਇਨ੍ਹਾਂ ਨੂੰ ਸਭ ਤੋਂ ਛੋਟੀ ਉਮਰ ਦਾ ਹੋਣ ਕਰਕੇ, ਪਾਰਟੀ ਦੀਆਂ ਗੁਪਤ ਕਾਰਵਾਈਆਂ ਤੋਂ ਬਾਹਰ ਹੀ ਰੱਖਿਆ ਜਾਂਦਾ ਸੀ, ਪਰ ਜੱਜਾਂ ਨੇ ਇਸ ਪੱਖ ਨੂੰ ਅੱਖੋਂ ਪਰੋਖੇ ਕਰਦਿਆਂ ਇਸ ਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਦਿੱਤੀ।

੧੦ ਮਈ ੧੮੯੯:

ਮਹਾਦੇਵ ਰਾਨੇਡੇ, ਜੋ ਚਾਪੇਕਰ ਭਾਈਆਂ ਦੇ ਨਿਕਟਵਰਤੀ ਸਹਿਯੋਗੀ ਸਨ, ਯਰਵਾਦਾ - ਪੂਨਾ ਜੇਲ੍ਹ ਵਿਚ ਫਾਂਸੀ ਲਾਕੇ ਸ਼ਹੀਦੇ ਕੀਤੇ ਗਏ।

੧੦ ਮਈ ੧੮੫੭ - ਮੇਰਠ ਛਾਉਣੀ ਤੋਂ ਗ਼ਦਰ ਦੀ ਸ਼ੁਰੂਆਤ:

ਭਾਵੇਂ ਕਿ ਵਿਦਰੋਹ ਦੀ ਪਹਿਲੀ ਚੰਗਿਆੜੀ ੨੯ ਮਾਰਚ ੧੮੫੭ ਨੂੰ ਬੈਰਕਪੁਰ - ਕਲਕੱਤਾ ਛਾਉਣੀ ਵਿਖੇ ਮੰਗਲ ਪਾਂਡੇ ਦੇ ਗੋਲ਼ੀ ਚਲਾਉਣ ਨਾਲ ਮੱਘ ਗਈ ਸੀ, ਪਰ ਵਿਆਪਕ ਪੱਧਰ ਤੇ 10 ਮਈ ਸਵੇਰੇ ਮੇਰਠ ਛਾਉਣੀ ਸਥਿਤ ਦੇਸੀ ਸਿਪਾਹੀਆਂ ਦੇ ਸਾਥੀ ਕੈਦੀਆਂ ਨੂੰ ਰਿਹਾ ਕਰਾਉਣ ਲਈ ਗੋਰੇ ਅਫਸਰਾਂ ਦੀ ਹੱਤਿਆ ਨਾਲ ਲੜੀਵਾਰ ਵਿਦਰੋਹਾਂ ਦੀ ਸ਼ੁਰੂਆਤ ਹੋਈ ਸੀ।

੧੨ ਮਈ ੧੮੯੯:

ਬਾਲਾਕਿਰਸ਼ਨਾ ਚਾਪੇਕਰ, ਜੋ ਤਿੰਨਾਂ ਚਾਪੇਕਰ ਭਾਈਆਂ 'ਚ ਮਝਲੇ (ਦਮੋਦਰ ਜੀ ਨਾਲੋਂ ਛੋਟੇ ਤੇ ਵਾਸੂਦੇਵ ਜੀ ਨਾਲੋਂ ਵੱਡੇ) ਸਨ, ਨੇ ਯਰਵਾਦਾ ਜੇਲ੍ਹ ਵਿਚ ਆਪਣੀ ਜਾਨ ਨਿਛਾਵਰ ਕੀਤੀ ਸੀ।

੧੩ ਮਈ ੧੯੨੯: ਸਹਾਰਨਪੁਰ (ਯੂ.ਪੀ.) ਬੰਬ ਫੈਕਟਰੀ ਤੋਂ ਸ਼ਿਵ ਵਰਮਾ, ਜੈਦੇਵ ਕਪੂਰ ਤੇ ਡਾਕਟਰ ਗਯਾ ਪ੍ਰਸ਼ਾਦ ਦੀ ਗ੍ਰਿਫਤਾਰੀ:

ਐਚ.ਐਸ.ਆਰ.ਏ. ਦੇ ਆਗਰਾ ਵਾਲੇ ਅੱਡੇ ਨੂੰ ੧ ਅਪ੍ਰੈਲ ੧੯੨੯ ਨੂੰ ਖਾਲੀ ਕਰਨ ਪਿੱਛੋਂ ਸਹਾਰਨਪੁਰ ਵਿੱਖੇ ਬਾਜ਼ਾਰ ਚੋਬ ਫ਼ਰੋਸ਼ਾਂ ਵਾਲੇ ਠਿਕਾਣੇ ਤੇ ਪੁਲੀਸ ਨੇ ਛਾਪਾ ਮਾਰਕੇ ਭਾਰੀ ਮਾਤਰਾ ਵਿਚ ਧਮਾਕਾ-ਖੇਜ਼ ਮਸਾਲੇ, ਪਿਸਤੌਲ, ਕਾਰਤੂਸਾਂ ਤੋਂ ਇਲਾਵਾ ੧੨੫ ਕਿਤਾਬਾਂ ਆਦਿ 'ਬਰਾਮਦ' ਕੀਤੀਆਂ ਸਨ, ਜੋ ਕਿ ਇਨਕਲਾਬੀ ਲਹਿਰਾਂ ਦੇ ਇਤਿਹਾਸ ਤੇ ਵਿਚਾਰਧਾਰਾ ਨਾਲ ਸੰਬੰਧਤ ਸਨ।

੧੭ ਮਈ ੧੯੧੩ - ਲਾਹੌਰ ਬੰਬ ਧਮਾਕਾ:

ਇਨਕਲਾਬੀਆਂ ਵੱਲੋਂ ਲਾਰੈਂਸ ਗਾਰਡਨ ਸਥਿਤ ਕਲੱਬ ਦੇ ਦਰਵਾਜ਼ੇ ਨੇੜੇ ਰਾਤੀ ੩ ਵਜੇ ਬੰਬ ਸੁਟਿਆ ਗਿਆ। ਭੁਲੇਖੇ ਨਾਲ ਇਹ ਇੱਕ ਚਪੜਾਸੀ ਨੂੰ ਜਾ ਲੱਗਾ, ਜੋ ਪਿੱਛੋਂ ਚਲ ਵਸਿਆ। ਇਸ ਘਟਨਾ ਨੂੰ ੨੩ ਦਸੰਬਰ ੧੯੧੨, ਦਿੱਲੀ ਹਾਰਡਿੰਗ ਬੰਬ ਕੇਸ ਨਾਲ ਨੱਥੀ ਕਰਕੇ, ਦੋਹਾਂ ਘਟਨਾਵਾਂ ਨੂੰ ਇਕੋ ਸਾਜ਼ਸ਼ ਕਰਾਰ ਦੇਕੇ, 'ਦਿੱਲੀ - ਲਾਹੌਰ ਸਾਜ਼ਸ਼ ਕੇਸ' ਦਾਇਰ ਕਰ ਦਿੱਤਾ ਗਿਆ। ਉਪਰ ਦਰਸਾਏ ਗਏ ਇਸ ਕੇਸ ਦੇ ਸ਼ਹੀਦਾਂ ਵਿਚੋਂ ਅਬਦ ਬਿਹਾਰੀ ਨੂੰ ਇਸੇ ਘਟਨਾ ਦਾ ਦੋਸ਼ੀ ਕਰਾਰ ਦੇਕੇ ਫਾਂਸੀ ਦੀ ਸਜ਼ਾ ਸੁਨਾਈ ਗਈ ਸੀ।

੧੭ ਮਈ ੧੯੩੩ - ਅੰਡੇਮਾਨ ਸੈਲੂਲਰ ਜੇਲ੍ਹ 'ਚ ਮਹਾਵੀਰ ਦੀ ਭੁਖ-ਪੜਤਾਲ ਤੇ ਸ਼ਹੀਦੀ:

ਮਹਾਵੀਰ ਸਿੰਘ ਸਪੁੱਤਰ ਦੇਵੀ ਸਿੰਘ, ਰਾਠੌਰ - ਰਾਜਪੂਤ, ਜ਼ਿਲ੍ਹਾ ਏਟਾ (ਯੂ.ਪੀ.), ਜੋ ਡੀ.ਏ.ਵੀ. ਕਾਲੇਜ ਕਾਨਪੁਰ ਵਿਖੇ ਸ਼ਿਵ ਵਰਮਾ, ਜੈਦੇਵ ਕਪੂਰ ਹੋਰਾਂ ਦੇ ਸਮਕਾਲੀ ਸਨ, ਪੜ੍ਹਾਈ ਛੱਡ ਕੇ ਲਾਹੌਰ ਵਿਖੇ ਪਾਰਟੀ ਦੀਆਂ ਸਰਗਰਮੀਆਂ ਵਿੱਚ ਆ ਸ਼ਾਮਲ ਹੋਏ। ਇਹਨਾਂ ਨੇ 'ਪਰਤਾਪ' ਦੇ ਫਰਜ਼ੀ ਨਾਂ ਹੇਠ ਲਾਹੌਰ ਮੋਟਰ ਡਰਾਈਵਿੰਗ ਸਕੂਲ ਵਿਚ ਦਾਖਲਾ ਲਿਆ, ਕਿਉਂ ਜੋ ਇਹਨਾਂ ਨੂੰ ਪਾਰਟੀ ਵਲੋਂ ਇਹੀ ਕਾਰਜ ਸੌਂਪਿਆ ਜਾਣਾ ਸੀ। ਇਹ ਅੰਡੇਮਾਨ ਦੇ ਕੁੰਭੀ ਨਰਕ ਵਿਚ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋਏ। ਜੇਲ੍ਹੀ ਜੀਵਨ ਦੌਰਾਨ ਇਹਨਾਂ ਦੇ ਪਿਤਾ ਜੀ ਇਹਨਾਂ ਦੀ ਘਾਲਨਾਵਾਂ ਲਈ ਇਹਨਾਂ ਨੂੰ ਹਲਾ-ਸ਼ੇਰੀ ਦਿੰਦੇ ਰਹੇ। ਇਸ ਸ਼ਹੀਦ ਨੇ ਆਪਣੇ ਪਿਤਾ ਜੀ ਨੂੰ ਆਖਰੀ ਖ਼ਤ ਵਿੱਚ ਲਿਖਿਆ ਸੀ ਕਿ ਛੋਟੇ ਵੀਰ ਨੂੰ ਸਿਰਫ਼ ਵੈਦ ਹੀ ਨਹੀਂ, ਬਲਕਿ ਮਨੁੱਖਤਾ ਦਾ ਹਿਤੈਸ਼ੀ ਵੀ ਬਨਾਉਣਾ ਹੈ। ਸ਼ਹੀਦ ਦੇ ਇਹ ਸਾਰੇ ਕਾਗਜ਼-ਪੱਤਰ ਉਹਨਾਂ ਦੇ ਭਤੀਜੇ ਸ਼੍ਰੀ ਯਤੇਂਦਰ ਕੁਮਾਰ ਰਾਠੌਰ, ਜੋ ਹੁਣ ਜੈਪੁਰ (ਰਾਜਸਥਾਨ) ਵਿਖੇ ਹਨ, ਨੇ ਸੰਭਾਲ ਕੇ ਰੱਖੇ ਹੋਏ ਹਨ, ਤੇ (ਹਿੰਦੀ) ਪੁਸਤਕ ਦੇ ਰੂਪ ਵਿਚ ਦਿੱਲੀ ਦੇ ਪ੍ਰਸਿੱਧ ਪਰਕਾਸ਼ਕ, ਰਾਜ ਕਮਲ ਪਰਕਾਸ਼ਨ ਦੇ ਸਹਿਯੋਗ ਨਾਲ ਪੁਸਤਕ ਰੂਪ ਵਿੱਚ ਛਪਾਈ ਅਧੀਨ ਹਨ।

੨੮ ਮਈ ੧੯੨੭ : ਭਗਵਤੀ ਚਰਨ ਵੋਹਰਾ ਦੀ ਲਾਹੌਰ ਰਾਵੀ ਦਰਿਆ ਕੰਢੇ ਬੰਬ ਅਜ਼ਮਾਇਸ਼ ਦੌਰਾਨ ਸ਼ਹਾਦਤ:

ਇਨਕਲਾਬੀ ਸਾਹਿਤ ਦੀਆਂ ਤਿੰਨ ਟਕਸਾਲੀ ਰਚਨਾਵਾਂ ਭਾਵ ਨੌਜਵਾਨ ਭਾਰਤ ਸਭਾ ਤੇ ਐਚ.ਐਸ.ਆਰ.ਏ. (ਦੋਹਾਂ) ਦੇ ਮੈਨੀਫ਼ੈਸਟੋ ਤੇ "ਬੰਬ ਦਾ ਫ਼ਲਸਫ਼ਾ" ਦੇ ਰਚਣਹਾਰੇ ਭਗਵਤੀ 'ਭਾਈ', ਆਪਣੇ ਜਿਗਰੀ ਦੋਸਤ ਤੇ ਸਾਥੀ, ਭਗਤ ਸਿੰਘ ਤੇ ਦੱਤ ਨੂੰ ਕੈਦੋਂ ਛੁਡਾਉਣ ਦੀ ਤਿਆਰੀ ਵਜੋਂ ਰਾਵੀ ਦਰਿਆ ਕੰਢੇ ਸੰਘਣੇ ਰੁਖਾਂ ਵਿਚਾਲੇ ਬੰਬ ਦੀ ਅਜ਼ਮਾਇਸ਼ ਕਰਦਿਆਂ ਸ਼ਹੀਦ ਹੋਏ। ਹਾਲਾਤ ਨੇ ਉਹਨਾਂ ਦੀ ਸੁਪਤਨੀ ਦੁਰਗਾ 'ਭਾਬੀ' ਨੂੰ 'ਅੰਤਮ' ਦਰਸ਼ਨਾਂ ਤੋਂ ਵੀ ਵਿਰਵੇ ਰੱਖਿਆ ਤੇ ਦਰਿਆ ਕੰਢੇ ਟੋਆ ਪੁਟਕੇ ਉਥੇ ਹੀ ਅੰਤਮ ਕਿਰਿਆ ਕਰ ਦਿੱਤੀ ਗਈ। ਸਿਤਮ ਜ਼ਰੀਫ਼ੀ ਇੱਥੇ ਹੀ ਨਹੀਂ ਮੁਕੀ; ਦੂਜੇ ਲਾਹੌਰ ਸਾਜ਼ਸ਼ ਕੇਸ ਦੇ ਵਾਅਦਾ ਮਾਫ਼ ਗਵਾਹ ਇੰਦਰਪਾਲ ਦੀ ਨਿਸ਼ਾਨਦੇਹੀ ਤੇ ਇਹ ਟੋਆ ਪੁਟ ਕੇ, ਬਚੀ-ਖੁਚੀ ਸਮਗਰੀ ਨੂੰ ਅਦਾਲਤ ਵਿਚ 'ਸਬੂਤ' ਵਜੋਂ ਪੇਸ਼ ਕੀਤਾ ਗਿਆ।

੨੯ ਮਈ ੧੯੨੭: ਲਾਹੌਰ ਵਿਖੇ ਸ਼ਹੀਦ ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ:

"ਮਈ ੧੯੨੭ ਵਿਚ ਮੈਂ ਲਾਹੌਰ ਵਿਚ ਗ੍ਰਿਫਤਾਰ ਹੋਇਆ। ਮੇਰੀ ਗ੍ਰਿਫਤਾਰੀ ਮੇਰੇ ਲਈ ਬੜੀ ਹੈਰਾਨਗੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਮੇਰੇ ਪਿੱਛੇ ਪੁਲੀਸ ਲੱਗੀ ਹੋਈ ਹੈ।" "ਮੈਂ ਨਾਸਤਿਕ ਕਿਉਂ ਹਾਂ?" ਵਿਚੋਂ। ਜ਼ਿਕਰਯੋਗ ਹੈ ਕਿ ਇਸ ਤੋਂ ਕੋਈ ਤਿੰਨ ਸਾਲ ਪਹਿਲਾਂ ਭਾਵ ਅਪ੍ਰੈਲ ੧੯੨੪ ਵਿਚ ਭਗਤ ਸਿੰਘ ਦੇ ਜੈਤੋ ਮੋਰਚੇ ਦੇ ਜੱਥੇ ਨੂੰ ਲੰਗਰ ਛਕਾਉਣ ਦੇ 'ਜੁਰਮ' ਵਿਚ ਵਾਰੰਟ ਜਾਰੀ ਹੋਏ ਸੀ, ਤੇ ਉਹ ਦਸੰਬਰ ੧੯੨੫ ਤੱਕ ਅੰਡਰ ਗਰਾਉਂਡ ਰਹਿ ਚੁਕੇ ਸਨ। ਭਾਵੇਂ ਕਿ ਸ਼ਹੀਦ ਨੂੰ ਸਾਲ ੧੯੨੬ ਦੌਰਾਨ ਜਾਰੀ ਹੋਈ ਖੁਫ਼ੀਆ ਸਰਕਾਰੀ ਆਦੇਸ਼ ਦੀ ਜਾਣਕਾਰੀ ਨਾ ਹੋਵੇ ਜਿਸ ਅਧੀਨ ਪੰਜਾਬ ਦੇ ਉਹਨਾਂ ਰਾਜਸੀ ਕਾਰਕੁਨਾਂ ਦੀ ਲਿਸਟ ਸੀ, ਜਿਨ੍ਹਾਂ ਦੀ ਡਾਕ ਸੈਂਸਰ ਕੀਤੀ ਜਾ ਰਹੀ ਸੀ, ਪਰ ਭਗਤ ਸਿੰਘ ਵੱਲੋਂ ਆਪਣੇ ਅਮਰੀਕਾ ਸਥਿਤ ਦੋਸਤ ਅਮਰਚੰਦ ਨੂੰ ਰਿਹਾਈ ਪਿੱਛੋਂ ਉਰਦੂ ਵਿਚ ਲਿਖੀ ਚਿੱਠੀ ਵਿਚ ਜ਼ਿਕਰ ਹੈ ਕਿ "ਮੈਂ ਹੋਰ ਕੀ ਲਿਖਾਂ, ਸਰਕਾਰ ਮੇਰੇ ਤੇ ਸ਼ੱਕ ਕਰਦੀ ਹੈ। ਖੁਫ਼ੀਆ ਮਹਿਕਮੇਂ ਵੱਲੋਂ ਮੇਰੀਆਂ ਚਿੱਠੀਆਂ ਪੜ੍ਹੀਆਂ ਜਾਂਦੀਆਂ ਹਨ", ਜਿਸਤੋਂ ਇਹ ਜ਼ਾਹਿਰ ਹੈ ਕਿ ਸ਼ਹੀਦ ਭਗਤ ਸਿੰਘ ਨੂੰ ਪੁਲੀਸ ਦੀ ਕੜੀ ਨਿਗਰਾਨੀ ਦੀ ਕਨਸੋ ਉਦੋਂ ਜ਼ਰੂਰ ਲੱਗ ਚੁੱਕੀ ਸੀ। (ਹਵਾਲਾ: "ਭਗਤ ਸਿੰਘ: ਅਮਰ ਵਿਦਰੋਹੀ")

ਕੁਲ ਮਿਲਾਕੇ ਭਗਤ ਸਿੰਘ ਦੀ 'ਹੈਰਾਨੀ' ਦਾ ਕਾਰਨ ਇਸ ਗ੍ਰਿਫ਼ਤਾਰੀ ਦਾ ਸੰਬੰਧ ਉਸ ਮੌਕੇ (ਮਈ ੧੯੨੭) ਕੀਤੇ ਜਾਣਾ ਹੀ ਹੋ ਸਕਦਾ ਹੈ। ਜਿਹੜੀ ਸ਼ਹੀਦ ਦੀ ਨੰਗੇ ਸਿਰ ਮੰਜੇ ਤੇ ਡੀ.ਐਸ.ਪੀ. (ਸੀ.ਆਈ.ਡੀ.) ਗੋਪਾਲ ਸਿੰਘ ਨਾਲ ਖਿਚੀ ਗਈ ਤਸਵੀਰ ਹੈ, ਉਹ ਇਸੇ ਗ੍ਰਿਫ਼ਤਾਰੀ (੨ ਮਈ - ੪ ਜੁਲਾਈ) ਵੇਲੇ ਦੀ ਹੈ।

ਮੇਰਾ ਉਹ ਪੰਜਾਬ ਹੈ ਕਿੱਥੇ?

—ਡਾ. ਹਰਨੇਕ ਸਿੰਘ ਕੋਮਲ



ਸਾਰੇ ਦੇਸ਼ਾਂ 'ਚੋਂ ਹੀ ਸੋਹਣਾ
'ਸ਼ਰਫ' ਨੇ ਜਿਸ ਦੇ ਨਗ਼ਮੇ ਗਾਏ
ਸੂਹਾ ਫੁੱਲ ਗੁਲਾਬ ਹੈ ਕਿੱਥੇ?

ਰਾਵੀ ਦੇ ਦੋ ਟੋਟੇ ਹੋ ਗਏ
ਬਿਆਸ, ਸਤਲੁਜ ਪੁੱਛਣ ਲੱਗੇ
ਜਿਹਲਮ ਅਤੇ ਚਨਾਬ ਹੈ ਕਿੱਥੇ?

ਤਿੜਕੀ ਕਿਉਂ ਹੈ ਸਾਂਝ ਦਿਲਾਂ ਦੀ
ਬਾਲਾ ਤੇ ਮਰਦਾਨਾ ਕਿੱਥੇ
ਨਾਨਕ ਦੀ ਰਬਾਬ ਹੈ ਕਿੱਥੇ?

ਕੀ ਹੁੰਦੀ ਹੈ 'ਟੁੱਟੀ-ਗੰਢੀ'
ਹੁਣ ਤਾਂ ਬੱਚੇ ਇਹ ਨਾ ਜਾਣਨ
'ਖਿਦਰਾਣੇ ਦੀ ਢਾਬ' ਹੈ ਕਿੱਥੇ?

ਇਹ ਨਿਮਾਣੀ ਦਿਨ ਕੱਟਦੀ ਹੈ
'ਮਿਲੇ ਮਾਣ ਪੰਜਾਬੀ ਨੂੰ' ਹੁਣ
'ਸ਼ਰਫ਼' ਦਾ ਇਹ ਖ਼ਾਬ ਹੈ ਕਿੱਥੇ?

ਮਾਂ-ਬੋਲੀ ਦਾ ਸੇਵਕ ਝੂਰੇ
ਪੈਸੇ ਬਾਝੋਂ ਛਪਦੀ ਹੈ ਹੁਣ
ਦੱਸੋ ਨਵੀਂ ਕਿਤਾਬ ਹੈ ਕਿੱਥੇ!

ਪਾਕ-ਪਵਿੱਤਰ ਧਰਤੀ ਉੱਤੇ
ਲੱਚਰ ਗੀਤਾਂ ਦਾ ਹੜ੍ਹ ਆਇਆ
ਵੰਝਲੀ ਅਤੇ ਰਬਾਬ ਹੈ ਕਿੱਥੇ?

ਹੀਰੇ-ਮੋਤੀ ਛੱਡ ਕੇ ਹੁਣ ਤਾਂ
ਘੋਗੇ 'ਕੱਠੇ ਕਰਨ 'ਚ ਲੱਗੇ
'ਵਿਰਸਾ' ਰਿਹਾ ਜਨਾਬ ਹੈ ਕਿੱਥੇ!

ਨੱਚਦਾ-ਟੱਪਦਾ ਢੋਲੇ ਗਾਉਂਦਾ
ਮੀਰੀ-ਪੀਰੀ ਦਾ ਜੋ ਵਾਰਿਸ
'ਪੰਜ-ਆਬ' ਦੀ ਆਬ ਹੈ ਕਿੱਥੇ?

ਹਾਏ, ਰੋਟੀ ਦੀ ਮਜਬੂਰੀ!
ਪੁੱਤ ਪਰਦੇਸਾਂ ਦੇ ਵਿਚ ਰੁਲਦੇ
'ਘਰ' ਦਾ ਮਿੱਠਾ ਖ਼ਾਬ ਹੈ ਕਿੱਥੇ?

ਅੰਮ੍ਰਿਤ ਵਰਗਾ ਪਾਣੀ ਯਾਰੋ
ਕਿਸਨੇ ਕੀਤਾ ਹੈ ਜ਼ਹਿਰੀਲਾ
ਮਿਲਦਾ ਕੋਈ ਜਵਾਬ ਹੈ ਕਿੱਥੇ!

ਨਸ਼ਿਆਂ ਨੇ ਹਨ ਖੋਰੇ ਗਭਰੂ
'ਨਾਮ-ਖ਼ੁਮਾਰੀ' ਦੇ ਵਿਚ ਰੰਗਿਆ
ਗੁਰੂਆਂ ਦਾ ਪੰਜਾਬ ਹੈ ਕਿੱਥੇ?

ਕਰਜ਼ੇ ਦੇ ਵਿਚ ਡੁੱਬ ਗਿਆ ਹੈ
ਕਰਦਾ ਹੈ ਖ਼ੁਦਕੁਸ਼ੀਆਂ ਜਿਹੜਾ
ਦੱਸੋ, ਜੱਟ 'ਨਵਾਬ' ਹੈ ਕਿੱਥੇ!

ਸਿਆਸਤ ਦਾ ਹੈ ਸਿੱਕਾ ਚੱਲਦਾ
ਧਰਮ ਉਡਾਰੀ ਮਾਰ ਗਿਆ ਹੈ
'ਕਿਰਤ-ਵਿਰਤ' ਦਾ ਖ਼ਾਬ ਹੈ ਕਿੱਥੇ?

ਖ਼ੁਸ਼ ਅਤੇ ਖ਼ੁਸ਼ਹਾਲ ਸੀ ਜਿਹੜਾ
ਕਦੇ-ਕਦੇ ਮੈਂ ਅਕਸਰ ਸੋਚਾਂ
ਮੇਰਾ ਉਹ ਪੰਜਾਬ ਹੈ ਕਿੱਥੇ?

ਮਜ਼ਦੂਰ ਦਿਵਸ ਤੇ ਵਿਸ਼ੇਸ਼

ਮੈਂ ਹਾਂ ਭਾਰਤ ਦਾ ਮਜ਼ਦੂਰ

—ਚਰਨ ਸੀਚੇਵਾਲਵੀ



ਜੇਠ-ਹਾੜ ਵਿਚ ਜਿਉਂ ਤੂਤਾਂ ਦੀ ਹੁੰਦੀ ਠੰਡੀ ਠੰਡੀ ਛਾਂ।
ਏਦਾਂ ਇਸਦੀ ਠੰਡੀ ਛਾਂ ਨੇ ਮੇਰੇ ਦੁਆਲੇ ਪਾਈ ਲਾਂ।
ਇਕ ਨਾਂ ਜਿਸਦਾ ਸੋਨ-ਚਿੜੀ ਹੈ ਦੂਜਾ ਜਿਸਦਾ ਭਾਰਤ ਨਾਂ।
ਇਸ ਵਿਚ ਹੈ ਇਕ ਕੁੱਲੀ ਮੇਰੀ ਜਿਸ ਵਰਗੀ ਨਾ ਕੋਈ ਥਾਂ।
ਇਸ ਕੁੱਲੀ ਦਾ ਮੈਂ ਹਾਂ ਸੂਰਜ ਇਸ ਸੂਰਜ ਦਾ ਮੈਂ ਹਾਂ ਨੂਰ।
ਮੈਨੂੰ ਇਸ ਤੇ ਮਾਣ ਬੜਾ ਹੈ ਮੈਂ ਹਾਂ ਭਾਰਤ ਦਾ ਮਜ਼ਦੂਰ।

ਜਿਸਦੀ ਜੀਵਨ-ਰਾਸ ਹੈ ਉੱਦਮ ਮੈਂ ਹਾਂ ਉਹ ਇਨਸਾਨ,
ਮੇਰਾ ਧਰਮ ਮੁਸ਼ੱਕਤ ਕਰਨੀ ਏਹੋ ਮੇਰਾ ਧਰਮ-ਈਮਾਨ।
ਏਹੋ ਮੇਰੀ ਅਸਲੀ ਪੂਜਾ ਏਹੋ ਮੇਰਾ ਹੈ ਭਗਵਾਨ।
ਇਸ ਪੂਜਾ ਵਿਚ ਲੁਕੀ ਹੋਈ ਹੈ ਮੇਰੇ ਜੀਵਨ ਦੀ ਮੁਸਕਾਨ?
ਇਹ ਉੱਦਮ ਮੇਰੀ ਰੂਹ ਦਾ ਖੇੜਾ ਜਿਸਦਾ ਚੜ੍ਹਿਆ ਰਹੇ ਸਰੂਰ।
ਮੈਨੂੰ ਇਸਤੇ ਮਾਣ ਬੜਾ ਹੈ.....................

ਮੇਰੇ ਇਕ ਦੋ ਰੂਪ ਨਹੀਂ ਹਨ ਰੂਪ ਮੇਰੇ ਹਨ ਕਈ ਹਜ਼ਾਰ।
ਬਣ ਜਾਵਾਂ ਕਿਰਸਾਨ ਕਦੇ ਮੈਂ ਬਣ ਜਾਵਾਂ ਮੈਂ ਕਦੇ ਲੁਹਾਰ।
ਬਣ ਜਾਵਾਂ ਮੈਂ ਕਦੇ ਜੁਲਾਹਾ ਕਦੇ ਮੈਂ ਬਣ ਜਾਵਾਂ ਚਮਿਆਰ।
ਦਾਤੀ, ਰੰਬਾ, ਕਹੀ, ਕਾਂਡੀ ਇਹ ਮੇਰੇ ਹਨ ਕੁਝ ਹਥਿਆਰ।
ਜਦ ਕਿੱਧਰੇ ਅੰਬਾਂ ਵੱਲ ਵੇਖਾਂ ਪੈ ਜਾਂਦਾ ਅੰਬਾਂ 'ਤੇ ਬੂਰ।
ਮੈਨੂੰ ਇਸ ਤੇ ਮਾਣ ਬੜਾ ਹੈ......................

ਮੇਰੇ ਲਹੂ ਵਿਚ ਉਹ ਲਾਲੋ ਹੈ ਹਰ ਇਕ ਲੋਚੇ ਜਿਦ੍ਹਾ ਸਹਿਯੋਗ।
ਰੁੱਖੀ-ਮਿੱਸੀ ਖਾ ਕੇ ਮੇਰੀ ਦੇਹ ਰਹਿੰਦੀ ਹੈ ਸਦਾ ਨਿਰੋਗ।
ਮੇਰੇ ਲਹੂ ਨਾਲ ਨੇ ਚੱਲਦੇ ਭਾਰਤ ਦੇ ਸਾਰੇ ਉਦਯੋਗ।
ਤੱਕ ਤੱਕ ਮੇਰੀ ਚੌੜੀ ਛਾਤੀ ਮੁੜ ਮੁੜ ਵਿਹੰਦੇ ਜਾਵਣ ਲੋਗ।
ਯੁੱਗ ਪਲਟਾ ਕੇ ਰੱਖ ਦਿੰਦਾ ਹਾਂ ਜੇ ਕੋਈ ਕਰ ਦੇਵੇ ਮਜਬੂਰ!
ਮੈਨੂੰ ਇਸਤੇ ਮਾਣ ਬੜਾ ਹੈ........................

ਮੈਂ ਆਪਣੀ ਹੋਣੀ ਦਾ ਮਾਲਕ! ਆਪਣੀ ਕਿਸਮਤ ਆਪ ਘੜਾਂਗਾ।
ਜ਼ਿੰਦਗੀ ਦੀ ਹਰ ਠੋਕਰ ਖਾ ਕੇ ਆਪਣੇ ਪੈਰੀਂ ਆਪ ਖੜਾਂਗਾ।
ਆਉਣ ਦਿਓ ਤੂਫਾਨ ਜੇ ਆਉਂਦਾ ਮੈਂ ਤੂਫਾਨਾਂ ਨਾਲ ਲੜਾਂਗਾ।
ਫੇਰ ਬਣੇਗਾ ਅਸਲੀ ਕੁੰਦਨ ਪਹਿਲੋਂ ਅੱਗ 'ਚ ਆਪ ਸੜਾਂਗਾ।
ਜਿਸਦੀ 'ਚਰਨ' ਲਗਨ ਹੈ ਸੱਚੀ ਉਸਨੂੰ ਮੰਜ਼ਲ ਮਿਲੇ ਜ਼ਰੂਰ!
ਮੈਨੂੰ ਇਸਤੇ ਮਾਣ ਬੜਾ ਹੈ........................

੪੨੯, ਗੁਰੂ ਨਾਨਕਪੁਰਾ (ਵੈਸਟ),
ਡਾਕਖਾਨਾ ਰੇਲਕੋਚ ਜਲੰਧਰ-੧੪੪੦੦੯
ਫੋਨ-੦੧੮੧-੨੨੩੧੬੫੪

ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ

–ਸਵਾਮੀ ਬ੍ਰਹਮਦੇਵ 'ਉਦਾਸੀ'

''धीरसमीरे यमुनातीरे वसति वने वनमाली।
गोपीपीतपयोधरमरदनचंचल कर युगशाली।''

(ਸਰਗ ੫, ਸ਼ਲੋਕ ੨)



ਅਰਥਾਤ ਇਕ ਸਖੀ ਰੁੱਸੀ ਹੋਈ ਰਾਧਾ ਨੂੰ ਮਨਾਉਣ ਵਾਸਤੇ ਕਹਿੰਦੀ ਹੈ ਕਿ ਜਮੁਨਾ ਦਾ ਉਹ ਕਿਨਾਰਾ ਯਾਦ ਕਰ ਜਿੱਥੇ ਸ਼ੀਤਲ, ਸੁਗੰਧਿਤ ਅਤੇ ਧੀਮੀ ਧੀਮੀ ਵਾਯੂ ਵਹਿੰਦੀ ਹੈ। ਉਸਦੇ ਨਾਲ ਹੀ ਉੱਥੇ ਇਕ ਮਨੋਹਰ ਕਦੰਬ ਦੇ ਬ੍ਰਿਖਾਂ ਦਾ ਬਣ ਹੈ ਜਿੱਥੇ ਵਣ ਮਾਲੀ ਉਹ ਸ੍ਰੀ ਕ੍ਰਿਸ਼ਨ ਤੈਨੂੰ ਯਾਦ ਕਰਦੇ ਹਨ ਆਦਿ।

ਇਸ ਕਰਕੇ ਕੀਰਤਨ ਭਗਵਾਨ ਦਾ ਹੀ ਰੂਪ ਮੰਨਿਆ ਜਾਂਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਬੰਸਰੀ ਸੰਗੀਤ ਵਿਚ ਕਿਤਨੀ ਖਿੱਚ ਸੀ ਕਿ ਉਸਦੀ ਅੰਮ੍ਰਿਤ ਤੋਂ ਵੀ ਮਿੱਠੀ ਧੁਨ ਨੂੰ ਸੁਣ ਕੇ ਬਾਲਕ ਬਿਰਧ, ਪਸ਼ੂ ਪੰਛੀ, ਸਥਾਵਰ ਜੰਗਮ, ਬੇਲ ਪੱਤੇ ਭਾਵ ਕਣ ਕਣ ਵਿਚ ਪ੍ਰੇਮਾਨੰਦ ਭਰ ਜਾਂਦਾ ਸੀ। ਉਹਨਾਂ ਦੇ ਉਸ ਬੰਸਰੀ ਨਾਦ ਨੂੰ ਸੁਣ ਕੇ ਵਿਮਾਨਾਂ ਉੱਪਰ ਚੜ੍ਹੀਆਂ ਹੋਈਆਂ ਦੇਵ ਕੰਨਿਆਵਾਂ ਦੇ ਧੀਰਜ ਦੇ ਬੰਨ੍ਹ ਟੁੱਟ ਜਾਂਦੇ ਸੀ। ਉਹਨਾਂ ਦੀਆਂ ਜ਼ੁਲਫਾਂ ਅਤੇ ਗਲਾਂ ਵਿਚ ਨੰਦਨ ਬਣ ਦੇ ਅਦਭੁਤ ਫੁੱਲ ਖੁੱਲ੍ਹ ਕੇ, ਖਿਸਕ ਕੇ ਮ੍ਰਿਤਯੂ ਲੋਕ ਉੱਪਰ ਗਿਰ ਜਾਂਦੇ ਸਨ। ਗੰਧਰਵ ਲੋਕ ਦੇ ਨਰ ਨਾਰੀ ਮਤਵਾਲੇ ਹੋ ਕੇ ਉਸ ਅਗੰਮੀ ਅਲਾਪ ਉੱਪਰ ਮਸਤ ਹੋ ਕੇ ਝੂਮਣ ਲੱਗ ਪਏ। ਰਿਸ਼ੀ ਮੁਨੀ, ਪਰਮ ਹੰਸ, ਤਪੱਸਵੀ, ਜੋਗੀਆਂ ਦੀਆਂ ਬ੍ਰਹਮ ਸਮਾਧੀਆਂ ਭੰਗ ਹੋ ਗਈਆਂ। ਚੰਦਰਮਾ ਆਪਣੀ ਚਾਲ ਭੁੱਲ ਗਿਆ। ਸੂਰਜ ਛੇ ਮਹੀਨਿਆਂ ਤੱਕ ਉਦੈ ਹੀ ਨਾ ਹੋਏ। ਵਛੜਿਆਂ ਦੇ ਮੂੰਹਾਂ ਵਿਚ ਗਊਆਂ ਦੇ ਸਤਨ ਫੜੇ ਦੇ ਫੜੇ ਰਹਿ ਗਏ ਭਾਵ ਉਹ ਦੁੱਧ ਚੁੰਘਣਾ ਹੀ ਭੁੱਲ ਗਏ ਅਤੇ ਗਊ ਨੂੰ ਚਾਰਾ ਚਰਨਾ ਭੁੱਲ ਗਿਆ। ਮੋਰਾਂ ਦੇ ਨ੍ਰਿਤ ਹੋਰ ਤੇਜ਼ ਹੋ ਗਏ ਅਤੇ ਸਿੰਘ ਸਿੰਘਣੀਆਂ, ਹਿਰਨ ਹਿਰਨੀਆਂ, ਹਾਥੀ ਹਥਨੀਆਂ ਅੱਖਾਂ ਮੀਟ ਕੇ ਖੜ੍ਹੇ ਹੋ ਗਏ। ਯਮੁਨਾ ਉੱਛਲ ਉੱਛਲ ਕੇ ਸ਼ਾਮ ਸੁੰਦਰ ਦੇ ਚਰਨ ਚੁੰਮਣਾ ਚਾਹੁੰਦੀ ਸੀ। ਚੇਤਨ ਜੀਵ ਜੜ੍ਹ ਹੋ ਗਏ ਅਤੇ ਜੜ੍ਹ ਪਹਾੜ ਉਸ ਰਸਰਾਜ ਦੀ ਰਸਧਾਰਾ ਵਿਚ ਲਿਵਲੀਨ ਹੋਏ ਡੋਲਣ ਲੱਗ ਪਏ। ਸ੍ਰੀ ਦਸਮ ਗ੍ਰੰਥ ਸਾਹਿਬ ਦੇ ਹੇਠ ਲਿਖੇ ਸਵੱਯੇ ਪੜ੍ਹਨ ਯੋਗ ਹਨ:

"ਰੂਖਨ ਤੇ ਰਸ ਚੂਵਨ ਲਾਗ
ਝਰੇ ਝਰਨਾ ਗਿਰ ਤੇ ਸੁਖਦਾਈ।
ਘਾਸ ਚੁਗੈ ਨ ਮ੍ਰਿਗਾ ਬਨ ਕੇ ਖਗ
ਰੀਝ ਰਹੇ ਧੁਨ ਜਾ ਸੁਨ ਪਾਈ॥
ਦੇਵਗੰਧਾਰ ਬਿਲਾਵਲ ਸਾਰੰਗ ਕੀ
ਰਿਝ ਕੈ ਜਿਹ ਤਾਨ ਬਸਾਈ।
ਦੇਵ ਸਭੈ ਮਿਲਿ ਦੇਖਤ ਕਉਤਕ
ਜਉ ਮੁਰਲੀ ਨੰਦ ਲਾਲ ਬਜਾਈ॥"

"ਠਾਢ ਰਹੀ ਜਮੁਨਾ ਸੁਨ ਕੈ ਧੁਨ
ਰਾਗ ਭਲੇ ਸੁਨਬੇ ਕੌ ਚਹੇ ਹੈ।
ਮੋਹਿ ਰਹੇ ਬਨ ਕੇ ਗਜ ਅਉ ਇਕਠੇ
ਮਿਲਿ ਆਵਤ ਸਿੰਘ ਸਹੇ ਹੈ॥
ਆਵਤ ਹੈ ਸੁਰ ਮੰਡਲ ਕੇ ਸੁਰ
ਤਜਾਗ ਸਭੈ ਸੁਰ ਧਯਾਨ ਫਹੇ ਹੈ।
ਸੋ ਸੁਨਿ ਕੈ ਬਨ ਕੇ ਖਗਵਾ
ਤਰ ਊਪਰ ਪੰਖ ਪਸਾਰ ਰਹੇ ਹੈ॥"

(ਕ੍ਰਿਸ਼ਨਾਵਤਾਰ ਛੰਦ ੬੪੯-੬੫੦)"

ਭਾਵ ਮੁਰਲੀ ਦੀ ਤਾਨ ਨੂੰ ਸੁਣ ਕੇ ਰੁੱਖਾਂ ਬ੍ਰਿਖਾਂ ਵਿਚੋਂ ਰਸ ਚੋਣ ਲੱਗ ਪਿਆ। ਪਹਾੜਾਂ ਵਿਚੋਂ ਝਰਨੇ ਵਹਿ ਤੁਰੇ, ਮ੍ਰਿਗਾਂ ਨੇ ਘਾਹ ਚਰਨਾ ਤਿਆਗ ਦਿੱਤਾ, ਪੰਛੀ ਮੋਹਿਤ ਹੋ ਉਠੇ, ਆਪਣੀ ਬੰਸਰੀ ਉੱਪਰ ਉਸ ਸੰਗੀਤਕਾਰਾਂ ਦੇ ਮਹਾਂਗੁਰੂ ਨੇ ਦੇਵਗੰਧਾਰੀ, ਸਾਰੰਗ ਆਦਿ ਰਾਗਾਂ ਦੇ ਪਲਟ ਪਲਟ ਕੇ ਐਸੇ ਤਾਨ ਛੇੜੇ ਕਿ ਅਰਸ਼ਾਂ ਵਿਚ ਖੜ੍ਹੇ ਦੇਵਤਾਗਣ ਵੀ ਝੂਮ ਉੱਠੇ। ਯਮੁਨਾ ਦਾ ਜਲ ਇਸਥਿਰ ਹੋ ਗਿਆ, ਜੰਗਲ ਦੇ ਹਾਥੀ, ਸਿੰਘ ਅਤੇ ਖ਼ਰਗੋਸ਼ ਮੋਹਿਤ ਹੋ ਉਠੇ, ਜਾਨਵਰਾਂ ਦੀਆਂ ਜੋਗ ਸਿੱਧ ਸਮਾਧੀਆਂ ਲੱਗ ਗਈਆਂ। ਬ੍ਰਿਖਾਂ ਵਿਚੋਂ ਪਾਣੀ ਵਹਿ ਤੁਰਨ ਦੀ ਇਹੋ ਗੱਲ ਇਕ ਸੰਸਕ੍ਰਿਤ ਦੇ ਕਵੀ ਨੇ ਵੀ ਬੜੇ ਸੁੰਦਰ ਢੰਗ ਨਾਲ ਆਖੀ ਹੈ :-

''मुरहर रन्धनसमये मा कुरू मुरलीखं मधुरम्।
नीरसमेधो रसतां कृशानुरप्येति कृशतरताम्।''

ਉਹ ਇਉਂ ਕਿ ਇਕ ਸਖੀ ਰਸੋਈ ਬਣਾ ਰਹੀ ਸੀ ਏਨੇ ਵਿਚ ਮੰਤਰ ਮੁਗਧ ਕਰ ਦੇਣ ਵਾਲੀ ਮੋਹਨ ਦੀ ਮੁਰਲੀ ਵੱਜ ਉਠੀ ਜਿਸ ਕਰਕੇ ਉਸ ਗਵਾਲਨ ਦੀਆਂ ਸਾਰੀਆਂ ਚੁੱਲੇ

ਵਿਚ ਬਲਣ ਯੋਗ ਲੱਕੜਾਂ ਗਿੱਲੀਆਂ ਹੋ ਗਈਆਂ। ਉਹਨਾਂ ਵਿਚੋਂ ਰਸ ਬਰਖਾ ਹੋਣ ਲੱਗ ਪਈ। ਅੱਗ ਬੁਝ ਗਈ ਅਤੇ ਗੋਪੀ ਭਗਵਾਨ ਨੂੰ ਉਲਾਂਭਾ ਦੇ ਰਹੀ ਹੈ ਕਿ ਹੇ ਮੁਰਾਰੀ! ਭੋਜਨ ਬਣਾਉਣ ਵੇਲੇ ਕ੍ਰਿਪਾ ਕਰਕੇ ਇਸ ਬੰਸਰੀ ਦੇ ਤਾਨ ਨਾ ਛੇੜਿਆ ਕਰੋ। ਦੇਖੋ ਇਸਦੇ ਅਨੋਖੇ ਨਾਦ ਨੇ ਮੇਰਾ ਸੁੱਕਿਆ ਹੋਇਆ ਈਂਧਨ ਰਸ ਯੁਕਤ ਭਾਵ ਜਲ ਮਈ ਬਣਾ ਦਿੱਤਾ ਹੈ ਅਤੇ ਅਗਨੀ ਆਪਣਾ ਸੁਭਾਵਿਕ ਸਾੜਨ ਦਾ ਧਰਮ ਤਿਆਗ ਗਈ। ਏਸੇ ਪ੍ਰਕਾਰ ਇਕ ਕਵੀ ਦਿਆਂ ਸ਼ਬਦਾਂ ਵਿਚ ਇਕ ਗੋਪੀ ਗੋਕੁਲ ਵਿਚ ਆਈ ਇਕ ਨਵੀਂ ਬਹੂ ਨੂੰ ਸਾਵਧਾਨ ਕਰਦੀ ਹੈ :-

सुनती हो कहा भजि जाहु घरै
बिध जाओगी नैनके बानन में।
यह बंसी निवाज भरी बिषसों
बगरावति है बिष प्रानन में।
अबहीं सुधि भूलिहौ भोरी भटु
भंवरौ जल मीठी सी तानन में।
कुलकानि जो आपनी राखि चहौ दै
रहौ अंगुरी दोउ कानन में।

ਇਸਦਾ ਭਾਵ ਹੈ ਕਿ ਇਕ ਗੋਪੀ ਕਿਸੇ ਨਵੀਂ ਨਵੇਲੀ ਦੁਲਹਨ ਨੂੰ ਕਹਿੰਦੀ ਹੈ ਕਿ ਕੁੜੇ ਏਥੇ ਖੜ੍ਹ ਨਾ, ਆਪਣੇ ਘਰ ਨੂੰ ਨੱਠ ਜਾ ਨਹੀਂ ਤਾਂ ਉਸ ਨੰਦ ਲਾਲ ਦੇ ਨੈਣਾਂ ਦੇ ਬਾਣ ਤੈਨੂੰ ਘਾਇਲ ਕਰ ਦੇਣਗੇ। ਉਸਦੀ ਬੰਸਰੀ ਦੇ ਬੋਲਾਂ ਵਿਚ ਅਜਿਹੀ ਜਾਦੂਗਰ ਜ਼ਹਿਰ ਘੁਲ ਜਾਂਦੀ ਹੈ। ਅਜੇ ਤੱਕ ਤਾਂ ਤੈਨੂੰ ਹੋਸ਼ ਹੈ ਇਸ ਲਈ ਭੋਲੀਏ ਵਹੁਟੀਏ! ਉਹਨਾਂ ਮਿੱਠੀਆਂ ਤਾਨਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਨੱਠ ਜਾ। ਜੇ ਆਪਣੇ ਸਹੁਰੇ ਪੇਕਿਆਂ ਦੀ ਜਾਂ ਲੋਕ ਲਾਜ ਦੀ ਕਾਨਤ ਨੂੰ ਮੰਨਣਾ ਹੈ ਤਾਂ ਕੰਨਾਂ ਵਿਚ ਉਂਗਲੀਆਂ ਦੇ ਕੇ ਦੌੜ ਜਾ ਤੇ ਪਿੱਛਾ ਭਉਂ ਕੇ ਨਾ ਵੇਖੀਂ ਇਸ ਤੋਂ ਅੱਗੇ ਭਾਵੁਕ ਭਗਤਾਂ ਦੇ ਸਿਰਤਾਜ ਮਹਾਂਕਵੀ ਰਸਖਾਨ ਜੀ ਲਿਖਦੇ ਹਨ :

''कौन ठगौरी भरी हरि आजु
बजाई है बाँसुरिया रंगमीनी।
तान सुनी जिनहीं तिनहीं
तब ही कुल लाज बिदा करि दीनी।
घूमे घरी घरी नंद के द्वार
नवीनी कहा कहूं बात प्रबीनी।
या ब्रजमंडल मैं रसखानि
सु कौन भटु जो लटू नहिं कीनी।''

ਇਸਦਾ ਭਾਵ ਹੈ ਕਿ ਜਿਹੜੀ ਬੰਸਰੀ ਰੰਗ ਭਿੱਜੀ, ਰਸ ਭਰੀ ਕਾਹਨ ਗੋਪਾਲ ਨੇ ਅੱਜ ਵਜਾਈ ਹੈ ਇਸ ਵਿਚ ਤਾਂ ਪਤਾ ਹੀ ਨਹੀਂ ਠੱਗ ਵਿੱਦਿਆ ਦੀ ਕਿਹੜੀ ਠਗਉਰੀ ਭਰੀ ਹੈ ਕਿ ਜਿਸ ਗੋਪੀ ਨੇ ਵੀ ਉਸਨੂੰ ਸੁਣ ਲਿਆ ਓਸੇ ਨੇ ਹੀ ਕੁਲ ਲਾਜ ਨੂੰ ਤਿਆਗ ਕੇ ਬਾਰ ਬਾਰ ਨੰਦ ਭਵਨ ਦੇ ਦਰਵਾਜ਼ੇ ਮੂਹਰੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਲਈ ਰਸਖਾਨ ਜੀ ਕਹਿੰਦੇ ਹਨ ਕਿ ਅਜਿਹੀ ਕੌਣ ਗੋਪੀ ਹੈ ਜਿਸਨੂੰ ਇਸਨੇ ਆਪਣੀਆਂ ਤਾਨਾਂ ਉੱਪਰ ਲੱਟੂ ਨਾ ਕੀਤਾ ਹੋਵੇ? ਇਕ ਹੋਰ ਸਹੇਲੀ ਕੋਲੇ ਬੈਠੀ ਬੋਲੀ ਕਿ ਕੀ ਦੱਸਾਂ ਭੈਣੇ! ਸਾਡੇ ਗੁਆਂਢ ਇਕ ਬਹੁਤ ਹੀ ਸਿਆਣੀ ਵਹੁਟੀ ਰਹਿੰਦੀ ਸੀ। ਉਸਦੀ ਮਾਂ ਉਸਦੀਆਂ ਸਿਫਤਾਂ ਕਰਦੀ ਨਹੀਂ ਥੱਕਦੀ ਸੀ। ਸੱਸ ਸੌ ਸੌ ਸੌਂਹਾਂ ਨਾਲ ਸਲਾਹੁੰਦੀ ਸੀ ਪਰ ਪਤਾ ਨਹੀਂ ਉਸ ਨੰਦ ਕੁਮਾਰ ਦੀ ਬੰਸਰੀ ਵਿਚ ਕਿਹੜੀ ਕਲਾਕਾਰੀ ਹੈ ਕਿ ਉਹ ਵਹੁਟੀ ਹੁਣ ਪਾਗਲ ਹੋਈ ਫਿਰਦੀ ਹੈ। ਇਕ ਤਾਂ ਗੋਪੀ ਬੰਸਰੀ ਉੱਪਰ ਇਤਨੀ ਖਿਝ ਗਈ ਕਿ ਉਸਨੇ ਉਸਨੂੰ ਆਪਣੀ ਕੁਲ ਨੂੰ ਕਲੰਕ ਲਾਉਣ ਵਾਲੀ ਹੀ ਸਿੱਧ ਕਰ ਦਿੱਤਾ-

वै मगदायक अंधनि के तुम
अच्छिनहूकी सुचाल बिगारयो।
वै जलथाह बतावत हैं तुम
प्रेम अथाह बारिधि पारयो।
वै बर बास बसाय भले तुम
बास छोडाय उजार में डारयो।
का कहिये हरिकी मुरली!
तुम आपने बंस के नाम बिगारयो॥

ਭਾਵ ਕਿ ਹੇ ਮੁਰਲੀਏ! ਤੇਰੀ ਜਾਤ ਦੀਆਂ ਕੁਝ ਉਹ ਬਾਂਸ ਦੀਆਂ ਸੋਟੀਆਂ ਹਨ ਜਿਨ੍ਹਾਂ ਦੇ ਆਸਰੇ ਅੰਧੇ ਆਪਣੇ ਮਾਰਗ ਤੈਅ ਕਰ ਲੈਂਦੇ ਹਨ ਪਰ ਇਸ ਤੋਂ ਉਲਟ ਤੂੰ ਅੱਖਾਂ ਵਾਲਿਆਂ ਨੂੰ ਦ੍ਰਿਸ਼ਟੀ ਹੀਣ ਕਰ ਰਹੀ ਹੈਂ। ਦੂਜੀ ਗੱਲ ਅਜਿਹੇ ਤੇਰੀ ਕੁੱਲ ਦੇ ਬਾਂਸ ਜਾਂ ਵੰਝ ਹਨ ਜਿਨ੍ਹਾਂ ਨਾਲ ਜਲ ਦੀ ਥਾਹ ਪਾਈ ਜਾਂਦੀ ਹੈ ਪਰ ਤੇਰੇ ਸੁਰਾਂ ਦੇ ਸਮੁੰਦਰ ਦੀ ਤਹਿ ਨੂੰ ਵੱਡੇ ਵੱਡੇ ਸਾਗਰਾਂ ਦੇ ਤਾਰੂ ਵੀ ਨਹੀਂ ਜਾਣ ਸਕਦੇ। ਤੀਜੀ ਗੱਲ ਇਹ ਕਿ ਕੁਝ ਬਾਂਸ ਦੀਆਂ ਸੋਟੀਆਂ ਨਾਲ ਗਰੀਬ ਲੋਕ ਝੁੱਗੀਆਂ ਝੋਂਪੜੀਆਂ ਤੇ ਛੰਨਾਂ ਛੱਪਰ ਬੰਨ੍ਹ ਕੇ ਘਰ ਵਸਾ ਲੈਂਦੇ ਹਨ ਪਰ ਤੂੰ ਤਾਂ ਅੜੀਏ ਮਹਿਲਾਂ ਵਿਚ ਵੱਸਦਿਆਂ ਨੂੰ ਵੀ ਉਜਾੜ ਰਹੀ ਹੈਂ। ਇਸ ਵਾਸਤੇ ਹੇ ਬਦਮਾਸ਼

ਬੰਸਰੀਏ! ਤੂੰ ਤਾਂ ਆਪਣੀ ਕੁਲ ਨੂੰ ਹੀ ਕਲੰਕਿਤ ਕਰ ਦਿੱਤਾ। ਅੱਗੋਂ ਫਿਰ ਬੰਸਰੀ ਬੋਲੀ ਕਿ ਕੰਨ ਕਰਕੇ ਸੁਣ ਨੀ ਵੱਡੀਏ ਸਿਆਣੀਏ! ਤੈਨੂੰ ਪਤਾ ਹੈ ਕਿ ਮੈਂ ਕਿਤਨੇ ਕਿਤਨੇ ਵੱਡੇ ਤਪ ਕੀਤੇ ਹਨ? ਪਤਾ ਨਹੀਂ ਕਿਤਨੀਆਂ ਸਰਦੀਆਂ ਗਰਮੀਆਂ, ਵਰਖਾ ਰੁੱਤਾਂ, ਝੱਖੜ ਝੋਲੇ, ਤੂਫਾਨ ਤੇ ਹਨੇਰੀਆਂ ਆਪਣੇ ਸਿਰ ਉੱਪਰ ਝੱਲੀਆਂ ਹਨ। ਫਿਰ ਆਪਣੇ ਆਪ ਨੂੰ ਕਟਵਾਇਆ। ਟੋਟੇ ਟੋਟੇ ਕਰਵਾਏ, ਢਿੱਡ ਵਿਚ ਸੱਤ ਸੁਰਾਖ ਬਣਵਾਏ ਫਿਰ ਵੀ ਉਸ ਨਟਖਟ ਗਵਾਲੇ ਨੇ ਮੈਨੂੰ ਪਿਆਰ ਕਰਨ ਵਾਸਤੇ ਆਪਣੇ ਹੋਠਾਂ ਨਾਲ ਨਹੀਂ ਲਗਾਇਆ ਬਲਕਿ ਤੁਹਾਨੂੰ ਘਰਾਂ ਵਿਚੋਂ ਬੁਲਾਉਣ ਵਾਸਤੇ ਮੇਰਾ ਪ੍ਰਯੋਗ ਕੀਤਾ ਹੈ। ਹੱਦ ਹੋ ਗਈ, ਇਕ ਤਾਂ ਸੁੱਤੀਆਂ ਪਈਆਂ ਨੂੰ ਜਗਾਵਾਂ ਵੀ ਮੈਂ, ਬੁਲਾਵਾਂ ਵੀ ਮੈਂ ਤੇ ਉਲਟਾ ਤੂੰ ਕੁਲ ਕਲੰਕਨ ਵੀ ਮੈਨੂੰ ਕਹਿ ਰਹੀ ਹੈਂ। ਚੰਗੀ ਛਾਪ ਪਾਉਣ ਲੱਗੀ ਹੈਂ ਵਿਚੋਲਗਿਰੀ ਦੀ! ਨੀ ਬੇ-ਸ਼ਰਮ ਖ਼ੁਦਗਰਜ਼ਨੇਂ! ਕੁਝ ਤਾਂ ਸੰਗ ਮੰਨ! ਆਪਣਾ ਭਲਾ ਸੋਚਣ, ਚਾਹੁਣ ਅਤੇ ਕਰਨ ਵਾਲਿਆਂ ਨਾਲ ਇਹੋ ਜਿਹਾ ਦੁਰਵਿਵਹਾਰ ਕਰਨਾ ਸਾਊਪੁਣੇ ਤੋਂ ਉਲਟ ਗੱਲ ਹੈ।

ਏਥੇ ਹੀ ਕ੍ਰਿਸ਼ਨ ਦੇ ਇਲਾਹੀ ਰਾਗ ਵਿਚ ਅਧਮੋਈ, ਮੱਛੀ ਵਾਂਗੂੰ ਤੜਪਦੀ, ਬਿਸਮਿਲ ਅਵਸਥਾ ਵਿਚ ਪਹੁੰਚੀ ਹੋਈ, ਬੇਜ਼ਾਰ ਹੋਈ ਇਕ ਗੋਪੀ ਨੂੰ ਦੂਜੀ ਗੋਪੀ ਆ ਕੇ ਪੁੱਛਦੀ ਹੈ ਕਿ ਗੁਜਰੀਏ! ਕਿਹੜਿਆਂ ਖਿਆਲਾਂ 'ਚ ਗੁਆਚੀ ਹੋਈ ਏਂ? ਤਾਂ ਉਹ ਮੁਨਾਰੇ ਉੱਪਰ ਬੈਠੇ ਹੋਏ ਕਾਗ ਵੱਲ ਇਸ਼ਾਰਾ ਕਰ ਕੇ ਕਹਿੰਦੀ ਹੈ ਕਿ ਉਸਦੇ ਬੋਲਣ ਉੱਪਰ ਵਿਸ਼ਵਾਸ ਕਰ ਕੇ ਉਸ ਅਨਾਹਦ ਨਾਦ ਦੇ ਜਾਦੂਗਰ ਨੂੰ ਉਡੀਕ ਰਹੀ ਹਾਂ ਤਾਂ ਅੱਗੋਂ ਜਿਹੜਾ ਉੱਤਰ ਉਸਨੂੰ ਬਾਹਰੋਂ ਆਈ ਗੋਪੀ ਦਿੰਦੀ ਹੈ ਉਸਦਾ ਵਰਨਣ ਵੀਰ-ਰਸ ਦੇ ਮਹਾਨ ਉਜਾਗਰ ਕਰਤਾ ਮਹਾਂਕਵੀ ਭੂਸ਼ਣ ਦਿਆਂ ਸ਼ਬਦਾਂ ਵਿਚ ਪੜ੍ਹ ਕੇ ਦੇਖੋ ਕਿ ਜੰਗਾਂ ਯੁੱਧਾਂ ਦਾ ਚਿਤਰਨ ਕਰਨ ਵਾਲੀ, ਵੀਰ ਰਸ ਦੇ ਬੋਲਾਂ ਨਾਲ ਸ਼ਾਂਤ, ਸੁੱਤੇ ਸਮੁੰਦਰਾਂ ਨੂੰ ਵੀ ਅੱਗ ਲਾ ਦੇਣ ਵਾਲੀ, ਕਾਇਰਾਂ ਨੂੰ ਬਹਾਦੁਰ ਤੇ ਅਣਖ ਜਾਂ ਸਵੈਮਾਨ ਭੁੱਲ ਚੁੱਕੇ ਹਿੰਦੂ ਵੀਰਾਂ ਨੂੰ ਮੁੜ ਸੁਰਜੀਤ ਕਰਨ ਵਾਲੀ ਕਲਮ ਏਥੇ ਇਕੋ ਵਾਰ ਕਿਵੇਂ ਪਲਟਾ ਖਾਂਦੀ ਹੈ -

"ਕਾਰੋ ਜਲ ਯਮੁਨਾ ਕੋ ਕਾਲ ਸੋ ਲਗਤ ਆਲੀ,
ਮਾਨੋ ਵਿਸ਼ ਭਰਿਓ ਰੋਮ ਰੋਮ ਕਾਰੇ ਨਾਗ ਕੋ।
ਤੈਸੀ ਹੀ ਭਈ ਹੈ ਕਾਰੀ ਕੋਇਲ ਨਿਗੋੜੀ ਯਹ,
ਤੈਸੋ ਹੀ ਭੰਵਰ ਸਦਾ ਬਾਸੀ ਬਣ ਬਾਗ ਕੋ॥
ਭੂਸ਼ਣ ਕਹਤ ਕਾਰੇ ਕਾਹਨ ਕੋ ਵਿਜੋਗ ਹਮੇ,
ਐਸੇ ਮੇਂ ਸੰਜੋਗ ਕਹਾਂ ਵਰ ਅਨੁਰਾਗ ਕੋ।
ਕਾਰੋ ਘਨ ਘੇਰਿ ਘੇਰਿ ਮਾਰਿਓ ਅਬ ਚਾਹਤ ਹੈ,
ਤਾਂ ਪੈ ਤੂੰ ਭਰੋਸੋ ਰੀ ਕਰਤ ਕਾਰੇ ਕਾਗ ਕੋ॥

(ਭੂਸ਼ਣ ਗ੍ਰੰਥਾਵਲੀ)

ਇਸਦਾ ਭਾਵ ਹੈ ਕਿ ਹੇ ਸਖੀ! ਆਪਾਂ ਨੂੰ ਤਾਂ ਯਮੁਨਾ ਦਾ ਕਾਲਾ ਜਲ ਕਾਲ ਵਾਂਗੂੰ ਲੱਗਦਾ ਹੈ। ਇਉਂ ਜਿਵੇਂ ਉਸਦੇ ਬੂੰਦ ਬੂੰਦ ਵਿਚ ਕਾਲੇ ਨਾਗ ਦਾ ਜ਼ਹਿਰ ਭਰਿਆ ਹੋਵੇ। ਏਸੇ ਪ੍ਰਕਾਰ ਦੀ ਇਹ ਜਲ ਥਲ ਜਾਣੀ ਕਾਲੀ ਕੋਇਲ ਹੈ ਅਤੇ ਅੱਗੇ ਉਸਦਾ ਵੀ ਬਾਪ ਹੈ ਹਰਜਾਈ ਕਾਲਾ ਭੰਵਰਾ ਜਿਹੜਾ ਕਿਸੇ ਇਕ ਥਾਂ ਉੱਪਰ ਟਿਕਦਾ ਹੀ ਨਹੀਂ। ਮਹਾਂਕਵੀ ਭੂਸ਼ਣ ਕਹਿੰਦੇ ਹਨ ਕਿ ਇਸ ਪ੍ਰਕਾਰ ਕਾਲੇ ਕਾਹਨ ਦਾ ਵਿਜੋਗ ਸਾਨੂੰ ਹੁਣ ਸੰਜੋਗ ਰੂਪ ਵਿਚ ਨਹੀਂ ਮਿਲ ਸਕਦਾ। ਭੋਲੀਏ ਕੁੜੀਏ ਤੂੰ ਕਾਲੇ ਬੱਦਲਾਂ ਨੂੰ ਜਿਹੜਾ ਤੱਕ ਰਹੀ ਹੈਂ ਇਹ ਤਾਂ ਇਉਂ ਜਾਣ ਕਿ ਆਪਾਂ ਨੂੰ ਮਾਰਨਾ ਹੀ ਚਾਹੁੰਦੇ ਹਨ, ਪਰ ਫੇਰ ਵੀ ਤੂੰ ਅਜਿਹੀ ਮੂਰਖ ਹੈਂ ਕਿ ਕਾਲੇ ਕਾਗ ਦੇ ਬੋਲਣ ਉੱਪਰ ਉਸ ਮਨਹਰ ਮੁਰਲੀ ਦੇ ਵਾਦਕ ਨੂੰ ਉਡੀਕ ਰਹੀ ਹੈਂ। ਇਸ ਕਰਕੇ ਇਹ ਕਾਲਾ ਰੰਗ ਤਾਂ ਆਪਾਂ ਨੂੰ ਫਿੱਟ ਬੈਠਦਾ ਹੀ ਨਹੀਂ। ਏਥੇ ਦੇਸ਼ਭਗਤ ਸ਼ਿਰੋਮਣੀ ਮਹਾਂਕਵੀ ਭੂਸ਼ਣ ਨਿੰਦਾ ਵਯਾਜ ਉਸਤਤੀ ਨਾਮਕ ਅਲੰਕਾਰ ਬੜੀ ਵਿਲੱਖਣ ਵਿਧੀ ਨਾਲ ਵਰਤ ਰਹੇ ਹਨ। ਜਿੱਥੋਂ ਉੱਪਰੋਂ ਉੱਪਰੋਂ ਸ਼ਬਦ ਕਿਸੇ ਦੀ ਬੁਰਾਈ ਕਰਨ ਵਾਲੇ ਪ੍ਰਤੀਤ ਹੋਣ ਪਰ ਅੰਦਰੋਂ ਉਹਨਾਂ ਦੀ ਰੂਹ ਪ੍ਰਸੰਸਾਮਈ ਹੋਵੇ। ਜਿਵੇਂ ਏਥੇ ਉੱਬ ਭਾਵੇਂ ਗੋਪੀ ਇਹ ਕਹਿ ਰਹੀ ਹੈ ਕਿ ਕਾਲੀਆਂ ਚੀਜ਼ਾਂ ਸਦਾ ਹੀ ਆਪਣੇ ਉਲਟ ਰਹੀਆਂ ਹਨ ਪਰ ਅੰਦਰੋਂ ਭਾਵ ਇਹ ਪੈਦਾ ਹੁੰਦੇ ਹਨ ਕਿ ਯਮੁਨਾ ਦਾ ਜਲ, ਕੋਇਲ ਦੀ ਮਿੱਠੀ ਕੂਹੂ-ਕੂਹੂ, ਭੰਵਰਿਆਂ ਦੀ ਗੁੰਜਾਰ ਤੇ ਘਣਘੋਰ ਕਾਲੇ ਬੱਦਲਾਂ ਦੀ ਛਟਾ ਘਟਾ ਇਹ ਸਾਰੇ ਵਿਯੋਗਣਾਂ ਜਾਂ ਸੰਜੋਗਣਾਂ ਦੇ ਪ੍ਰੇਮ ਰਸ ਵਿਚ ਵਾਧਾ ਕਰਨ ਵਾਲੇ ਹੀ ਹਨ।

ਇਸਦੇ ਜਵਾਬ ਵਿਚ ਉਹ ਵਿਜੋਗਣ, ਗੋਪੀ ਦੀ ਗੱਲ ਨੂੰ ਭੁੱਲ ਕੇ ਸਿੱਧੀ ਕ੍ਰਿਸ਼ਨ ਨੂੰ ਹੀ ਮੁਖਾਤਿਬ ਹੋ ਕੇ ਆਖਦੀ ਹੈ। ਉਸਦੀ ਬਿਰਹਾ ਵੇਦਨਾ ਨੂੰ ਪ੍ਰੇਮ-ਰਸ ਸਿਧਾਂਤ ਦੇ ਭਗਤ ਕਵੀ ਘਨਾਨੰਦ ਦੇ ਸ਼ਬਦਾਂ ਵਿਚ ਪੜ੍ਹ ਕੇ ਵੇਖੋ-

"ਰਾਵੇ ਰੂਪ ਕੀ ਰੀਤਿ ਅਨੂਪ
ਨਯੋ ਨਯੋ ਲਾਗਤ ਜਿਉਂ ਜਿਉਂ ਨਿਹਾਰਿਐ।
ਤਿਉਂ ਇਨ ਆਂਖਨ ਬਾਣ ਅਨੋਖੀ ਅਘਾਨਿ
ਕਹੂੰ ਨਹੀਂ ਆਨਿ ਤਿਹਾਰਿਐ॥
ਏਕ ਹੀ ਜੀਵ ਹੁਤੋ ਸੁ ਤੋ ਵਾਰਯੋ
ਸੁਜਾਨ ਸਕੋਚ ਔ ਸੋਚ ਸਹਾਰਿਐ।
ਰੋਕੀ ਰਹੈ ਨਾ ਦਹਿ ਘਨਆਨੰਦ
ਬਾਵਰੀ ਰੀਝ ਕੇ ਹਾਥਨ ਹਾਰਿਐ॥"

(ਘਨਾਨੰਦ ਸ਼ੱਤਕ-੧)

(ਚਲਦਾ...)

ਮੇਰੀ ਪਾਕਿਸਤਾਨ ਯਾਤਰਾ

—ਗੁਰਬਖਸ਼ ਸਿੰਘ ਮਠਾੜੂ

ਬਚਪਨ ਤੋਂ ਹੀ ਲਾਹੌਰ ਬਾਰੇ ਬਹੁਤ ਸੁਣੀਂਦਾ ਸੀ ਅਤੇ ਦੇਖਣ ਦਾ ਚਾਅ ਵੀ ਬਹੁਤ ਸੀ ਪਰ ਕੋਈ ਮੌਕਾ ਨਾ ਬਣ ਸਕਿਆ। ਜਲੰਧਰ ਮਿਊਜ਼ਕ ਦਾ ਕਾਰੋਬਾਰ ਸੀ ਅਤੇ ਜ਼ਿਆਦਾ ਸਾਮਾਨ ਲਾਹੌਰ ਤੋਂ ਹੀ ਲਿਆਈਦਾ ਸੀ ਪਰ ਵੱਡੇ ਭਾਈ ਸਾਹਿਬ ਹੀ ਜਾਂਦੇ ਰਹੇ। ੧੯੪੬ ਵਿਚ ਵਿਆਹ ਹੋ ਗਿਆ ਧਰਮ ਪਿਤਾ ਲਾਹੌਰ ਰੇਲਵੇ ਵਰਕਸ਼ਾਪ ਵਿਚ ਕੰਮ ਕਰਦੇ ਸੀ ਉਨਾਂ ਨੇ ਵੀ ਕਹਿਣਾ ਕਿ ਲਾਹੌਰ ਦਾ ਚੱਕਰ ਲਗਾ ਜਾਵਾਂ। ਹਾਲੇ ਪ੍ਰੋਗਰਾਮ ਹੀ ਬਣਾ ਰਿਹਾ ਸੀ ਕਿ ਮਾਰਚ ੪੭ ਵਿਚ ਹਾਲਾਤ ਬਿਗੜਨੇ ਸ਼ੁਰੂ ਹੋ ਗਏ ਅਤੇ ਅਗਸਤ ੪੭ ਵਿਚ ਤਾਂ ਦੇਸ਼ ਦੀ ਵੰਡ ਹੋ ਗਈ ਅਤੇ ਸਭ ਕੁਝ ਹੀ ਬਦਲ ਗਿਆ। ਲਾਹੌਰ ਦੇਖਣ ਦੀ ਹਸਰਤ ਦਿਲ ਵਿਚ ਹੀ ਰਹਿ ਗਈ।

ਦਿੱਲੀ ਬੇਸ਼ਕ ਦੇਸ਼ ਦੀ ਰਾਜਧਾਨੀ ਸੀ ਪਰ ਲਾਹੌਰ ਦੀ ਉਨਾਂ ਦਿਨਾਂ ਵਿਚ ਬਹੁਤ ਚੜ੍ਹਤ ਸੀ। ਇਸਨੂੰ ਪੰਜਾਬ ਦਾ ਦਿਲ ਕਿਹਾ ਜਾਂਦਾ ਸੀ। ਪੰਜਾਬ ਵੀ ਉਹ ਜੇਹੜਾ ਪਿਸ਼ਾਵਰ ਤੋਂ ਦਿੱਲੀ ਤਕ ਸੀ। ਜੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਪੰਜਾਬ ਸਦੀਆਂ ਤੋਂ ਬੜਾ ਖੁਸ਼ਹਾਲ ਸੀ। ਇਸਦੇ ਬੁਰੇ ਦਿਨ ਉਦੋਂ ਸ਼ੁਰੂ ਹੋਏ ਜਦ ੧੦੨੧ ਵਿਚ ਮਹਿਮੂਦ ਗਜ਼ਨਵੀ ਨੇ ਹਿੰਦ ਤੇ ਪਹਿਲਾ ਹਮਲਾ ਕੀਤਾ। ਉਸਦੇ ਕਈ ਹਮਲਿਆਂ ਤੋਂ ਬਾਦ ਹੋਰ ਕਈ ਮੁਸਲਮਾਨ ਧਾੜਵੀ ਆਏ ਜਿਨ੍ਹਾਂ ਨੇ ਹਿੰਦ ਤੇ ਹਕੂਮਤ ਕੀਤੀ। ਇਹ ਸਿਲਸਿਲਾ ਤਕਰੀਬਨ ੫੦੦ ਸਾਲ ਚਲਿਆ ਅਤੇ ਉਦੋਂ ਖਤਮ ਹੋਇਆ ਜਦ ਮਹਾਰਾਜਾ ਰਣਜੀਤ ਸਿੰਘ ਨੇ ੧੭੯੯ ਵਿਚ ਲਾਹੌਰ ਤੇ ਕਬਜ਼ਾ ਕੀਤਾ। ਉਸ ਤੋਂ ਬਾਦ ੧੮੪੯ ਵਿਚ ਇਹ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। ਇਹ ਸਾਰੇ ਮੁਸਲਮਾਨ ਧਾੜਵੀ ਅਫਗਾਨਿਸਤਾਨ ਵਲੋਂ ਹੀ ਆਏ ਸੀ, ਇਨਾਂ ਦਾ ਕੰਮ ਕਤਲੋਗਾਰਤ, ਲੁਟਮਾਰ ਅਤੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਨਾ ਹੁੰਦਾ ਸੀ। ਪੰਜਾਬ ਵਿਚੋਂ ਹੋ ਕੇ ਇਹ ਦਿੱਲੀ ਜਾਂਦੇ ਸੀ, ਇਸ ਲਈ ਪੰਜਾਬ ਨੂੰ ਬਹੁਤ ਮਾਰ ਝਲਣੀ ਪਈ। ਅੰਗਰੇਜ਼ ਨੇ ੪੭ ਵਿਚ ਇਸਦੇ ਦੋ ਟੁਕੜੇ ਕਰ ਦਿੱਤੇ ਅਤੇ ਨਵਾਂ ਮੁਲਕ ਪਾਕਿਸਤਾਨ ਬਣਾ ਦਿੱਤਾ (ਆਪਨਿਆਂ ਦੀ ਸੌੜੀ ਸੋਚ ਨੇ ਤਾਂ ਆਪਨੇ ਹਿੱਸੇ ਦੇ ਹੋਰ ਤਿੰਨ ਟੁਕੜੇ ਕਰ ਦਿੱਤੇ)।

ਕੁਪੱਤੇ ਗਵਾਂਢੀ ਵਾਂਗ ਕਦੀ ਤਾਂ ਹਾਲਾਤ ਚੰਗੇ ਹੋ ਜਾਣੇ ਕਦੀ ਬੋਲਚਾਲ ਹੀ ਬੰਦ ਹੋ ਜਾਣੀ। ਫਿਰ ਹੌਲੀ ਹੌਲੀ ਦੋਨਾਂ ਪਾਸਿਆਂ ਤੋਂ ਧਰਮ ਸਥਾਨਾਂ ਦੀ ਯਾਤਰਾ ਦਾ ਸਿਲਸਿਲਾ ਸ਼ੁਰੂ ਹੋਇਆ। ਪਰ ਇਨ੍ਹਾਂ ਦਾ ਵੀਜ਼ਾ ਸਿਰਫ ਧਰਮ ਅਸਥਾਨਾਂ ਤੱਕ ਹੀ ਸੀਮਤ ਹੁੰਦਾ ਹੈ ਤੁਸੀਂ ਬਾਹਰ ਖੁਲੇ ਤੌਰ ਤੇ ਨਹੀਂ ਫਿਰ ਸਕਦੇ। ੧੯੯੬ ਵਿਚ ਪੱਕੇ ਤੌਰ ਇੰਗਲੈਂਡ ਰਹਿਣ ਆ ਗਏ। ਜਥੇ ਤਾਂ ਇਥੋਂ ਵੀ ਜਾਣ ਲੱਗ ਪਏ ਪਰ ਬੰਦਿਸ਼ ਇਨ੍ਹਾਂ ਤੇ ਵੀ ਹੁੰਦੀ ਹੈ, ਇਸ ਲਈ ਇਨਾਂ ਨਾਲ ਵੀ ਨਾ ਜਾ ਸਕਿਆ। ਆਖੀਰ ਇਹ ਸੱਧਰ ੨੦੦੬ ਵਿਚ ਪੂਰੀ ਹੋ ਗਈ।



ਮੇਰੇ ਦਾਮਾਦ ਸ. ਨਿਰਮਲ ਸਿੰਘ ਦੀ ਫੈਕਟਰੀ ਵਿਚ ਲਾਹੌਰ ਦਾ ਇਕ ਫਜ਼ਲ ਹੁਸੈਨ ਕੰਮ ਕਰਦਾ ਹੈ। ਉਸ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ ਕਿ ਉਸਦਾ ਲੜਕਾ ਉਥੇ ਹੈ ਅਤੇ ਉਹ ਸਾਰਾ ਇੰਤਜ਼ਾਮ ਕਰ ਦੇਵੇਗਾ। ਇਹ ਜਾਣ ਕੇ ਬੜੀ ਖੁਸ਼ੀ ਹੋਈ ਅਤੇ ਤਿਆਰੀ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲਾ ਕੰਮ ਪਾਕਿਸਤਾਨ ਦਾ ਵੀਜ਼ਾ ਲੈਣ ਦਾ ਸੀ, ਮੇਰੇ ਨਾਲ ਦਾਮਾਦ ਨੇ ਜਾਣਾ ਸੀ, ਭਤੀਜਾ ਗੁਰਦੇਵ ਸਿੰਘ ਵੀ ਤਿਆਰ ਹੋ ਗਿਆ। ਜਦ ਪਾਕਿਸਤਾਨ ਦੇ ਸਫਾਰਤਖਾਨੇ ਗਏ ਤਾਂ ਕਲਰਕ ਕਹਿਣ ਲੱਗਾ ਕਿ ਬ੍ਰਿਟਿਸ਼ ਪਾਸਪੋਰਟ ਕਰਕੇ ਸਾਨੂੰ ਤਾਂ ਅੱਜ ਹੀ ਮਿਲ ਜਾਵੇਗਾ ਪਰ ਗੁਰਦੇਵ ਪਾਸ ਇੰਡੀਅਨ ਪਾਸਪੋਰਟ ਸੀ ਇਸ ਲਈ ੧੫-੨੦ ਦਿਨ ਲੱਗ ਸਕਦੇ ਹਨ। ਇਹ ਜਾਣ ਕੇ ਮਨ ਬੜਾ ਖਰਾਬ ਹੋਇਆ, ਪੁੱਛਿਆ ਕੋਈ ਜਲਦੀ ਮਿਲਣ ਦਾ ਰਸਤਾ ਨਹੀਂ, ਤਾਂ ਕਹਿਣ ਲੱਗਾ ਕਿ ਉਪਰ ਜਾ ਕੇ ਫਸਟ ਸੈਕਰਟਰੀ ਨੂੰ ਮਿਲ ਲਵੋ ਸ਼ਾਇਦ ਕੋਈ ਮਦਦ ਕਰ ਸਕਣ। ਸੈਕਰਟਰੀ ਜਿਸ ਦਾ ਨਾਮ ਆਸਿਫ ਸਲੀਮ ਸੀ ਬੜੀ ਗਰਮਜੋਸ਼ੀ ਨਾਲ ਮਿਲਿਆ। ਜਦ ਮੁਸ਼ਕਲ ਦਸੀ ਤਾਂ ਕਹਿਣ ਲੱਗਾ ਕਿ ਇੰਡੀਅਨ ਪਾਸਪੋਰਟ ਕਰ ਕੇ ਕੁਛ ਵਕਤ ਲੱਗ ਜਾਂਦਾ ਹੈ। ਮੈਂ ਕਿਹਾ ਕਿ ਅਸੀਂ ਤਾਂ ੫ ਦਿਨ ਬਾਦ ਦੀ ਏਅਰ ਬੁਕਿੰਗ ਕਰਵਾ ਚੁੱਕੇ ਹਾਂ। ਗੁਰਦੇਵ ਨੇ ਹੀ ਮੇਰੀ ਦੇਖਭਾਲ ਕਰਨੀ ਸੀ ਜੇ ਇਹ ਨ ਜਾ ਸਕਿਆ ਤਾਂ ਅਸੀਂ ਵੀ ਪ੍ਰੋਗਰਾਮ ਕੈਂਸਲ ਕਰ ਦਿੰਦੇ ਹਾਂ। ਕੁਝ ਸੋਚ ਕੇ ਕਹਿਣ ਲੱਗਾ ਕਿ ਮੈਨੂੰ ੨ ਦਿਨ ਦੇ ਦਿਓ ਪਰਸੋਂ ਆ ਕੇ ਵੀਜ਼ਾ ਲੈ ਜਾਓ। ਵਾਅਦੇ ਮੁਤਾਬਕ ਗੁਰਦੇਵ ਦਾ ਵੀਜ਼ਾ ਲੱਗ ਗਿਆ। ਸੈਕਰਟਰੀ ਨੇ ਸਾਨੂੰ ਆਪਨਾ ਕਾਰਡ ਵੀ ਦਿੱਤਾ ਕਿ ਜੇ ਲੋੜ ਪਵੇ ਤਾਂ ਬਾਰਡਰ ਤੇ ਦਿਖਾ

ਦੇਣਾ (ਇਸਦੇ ਉਲਟ ਆਪਣੀ ਐਂਬੈਸੀ ਦੇ ਸਟਾਫ ਦਾ ਰਵਈਆ ਐਨਾ ਖੁਸ਼ਕ ਹੁੰਦਾ ਹੈ ਕਿ ਸਿਧੇ ਮੂੰਹ ਗੱਲ ਵੀ ਨਹੀਂ ਕਰਦੇ) ੨ ਦਿਨ ਜਲੰਧਰ ਰੁੱਕ ਕੇ ਲਾਹੌਰ ਦੀ ਤਿਆਰੀ ਕਰ ਲਈ। ਜਦ ਵਾਹਗਾ ਬਾਰਡਰ ਪਹੁੰਚੇ ਤਾਂ ਸਾਡੇ ਤਾਂ ਪਾਸਪੋਰਟਾਂ ਤੇ ਸਟੈਂਪ ਲੱਗਾ ਦਿੱਤੀ, ਪਰ ਗੁਰਦੇਵ ਨੂੰ ਨਾਂਹ ਕਰ ਦਿੱਤੀ, ਕਿਉਂਕਿ ਇੰਡੀਆ ਗੌਰਮਿੰਟ ਦਾ ਕਾਨੂੰਨ ਹੈ ਕੇ ੬੫ ਸਾਲ ਤੋਂ ਘਟ ਉਮਰ ਦਾ ਵਾਹਗੇ ਬਾਰਡਰ ਰਾਹੀਂ ਸੜਕ ਰਾਹੀਂ ਨਹੀਂ ਜਾ ਸਕਦਾ। ਮਨ ਬੜਾ ਖਰਾਬ ਹੋਇਆ ਪਰ ਦੂਸਰਾ ਕੋਈ ਰਸਤਾ ਵੀ ਨਹੀਂ ਸੀ, ਸੋ ਗੁਰਦੇਵ ਨੂੰ ਤਾਂ ਵਾਪਿਸ ਜਾਣਾ ਪਿਆ। ਅਸੀਂ ਜਦੋਂ ਆਪਨਾ ਬਾਰਡਰ ਪਾਰ ਕਰਕੇ ਪਾਕਿਸਤਾਨ ਪਾਸੇ ਪਹੁੰਚੇ ਤਾਂ ਕੀ ਪੁਲੀਸ ਵਾਲੇ ਅਤੇ ਕੀ ਇਮੀਗਰੇਸ਼ਨ ਵਾਲੇ ਕਹਿਣ ਕਿ ਜੀ ਆਇਆਂ ਨੂੰ ਤੁਸੀਂ ਤਾਂ ਸਾਡੇ ਮਹਿਮਾਨ ਹੋ। ਸਰਦਾਰਾਂ ਦੀ ਖਾਸ ਕਰਕੇ ਪਗੜੀ ਵਾਲੇ ਦੀ ਬਹੁਤ ਇੱਜ਼ਤ ਕਰਦੇ ਹਨ। ਸਾਨੂੰ ਬਗੈਰ ਸੋਡਾ ਪੀਤੇ ਜਾਣ ਨਹੀਂ ਦਿੱਤਾ। ਫਜ਼ਲ ਹੁਸੈਨ ਦਾ ਲੜਕਾ ਹਾਮਿਦ ਆਪਨੇ ਬੇਹਨੋਈ ਅਤੇ ਇਕ ਦੋਸਤ ਨਾਲ ਸਾਡੀ ਇੰਤਜ਼ਾਰ ਕਰ ਰਹੇ ਸਨ। ਮੈਂ ਬੜਾ ਖੁਸ਼ ਸੀ ਕਿ ਲਾਹੌਰ ਦੇਖਣ ਦੀ ਬਚਪਨ ਦੀ ਰੀਝ ਪੂਰੀ ਹੋ ਰਹੀ ਸੀ। ਹਾਮਿਦ ਦੀ ਕਾਰ ਵਿਚ ਲਾਹੌਰ ਲਈ ਚਲ ਪਏ। ਸ਼ਹਿਰ ਵੜਦੇ ਹੀ ਆਪਣੇ ਵਾਂਗ ਟਰੈਫਿਕ ਦਾ ਬਹੁਤ ਰਸ਼ ਸੀ। ਕਾਰਾਂ, ਟਰਕ, ਆਟੋ ਰਿਕਸ਼ਾ ਵਿਚ ਤਾਂਗਾ ਵੀ, ਪਰ ਸਾਈਕਲ ਰਿਕਸ਼ਾ ਬਿਲਕੁਲ ਨਹੀਂ ਇਹ ਤਾਂ ਸਾਰੇ ਮੁਲਕ ਵਿਚ ਬੰਦ ਹਨ। ਜਦ ਇਨ੍ਹਾਂ ਦੇ ਘਰ ਪਹੁੰਚੇ ਤਾਂ ਦੇਖਿਆ ਕੇ ਫਜ਼ਲ ਹੁਸੈਨ ਹੁਰਾਂ ਦੀ ਬੀਵੀ ਉਨਾਂ ਦੀ ਬੀ. ਏ. ਵਿਚ ਪੜ੍ਹਦੀ ਬੇਟੀ ਅਤੇ ੨ ਵੱਡੀਆਂ ਬੇਟੀਆਂ ਆਪਣੇ ਬੱਚਿਆਂ ਨਾਲ ਸਾਨੂੰ ਮਿਲਣ ਲਈ ਉਡੀਕ ਕਰ ਰਹੀਆਂ ਹਨ। ਹੋਰ ਹੈਰਾਨੀ ਇਸ ਗੱਲ ਦੀ ਹੋਈ ਕਿ ਫਜ਼ਲ ਹੁਰਾਂ ਦਾ ਸੁਸਰ ੯੫ ਸਾਲ ਦੀ ਉਮਰ ਹੁੰਦੇ ਹੋਏ ਵੀ ਅੱਧਾ ਮੀਲ ਚੱਲ ਕੇ ਸਾਨੂੰ ਮਿਲਣ ਲਈ ਆਇਆ ਹੋਇਆ ਹੈ। ਸਾਨੂੰ ਬਿਲਕੁਲ ਮਹਿਸੂਸ ਨਹੀਂ ਹੋਇਆ ਕਿ ਕਿਸੇ ਓਪਰੇ ਮੁਲਕ ਵਿਚ ਆਏ ਹਾਂ। ਮੈਨੂੰ ਬਚਪਨ ਦੇ ਦਿਨ ਯਾਦ ਆ ਗਏ। ਮੇਰੇ ਨਾਨਕੇ ਰੇਲ ਕੋਚ ਫੈਕਟਰੀ ਦੇ ਪਾਸ ਇਕ ਛੋਟੇ ਜਿਹੇ ਪਿੰਡ ਵਿਚ ਹਨ। ਇਹ ਸਾਰਾ ਪਿੰਡ ਮੁਸਲਮਾਨਾਂ ਦਾ ਸੀ ਅਤੇ ਸਿਰਫ ੭-੮ ਘਰ ਹੀ ਆਪਨੇ ਸੀ। ਜਦੋਂ ਛੁੱਟੀਆਂ ਵਿਚ ਜਾਣਾ ਤਾਂ ਇਦਾਂ ਹੀ ਸਭ ਨੇ ਬੜਾ ਪਿਆਰ ਕਰਨਾ ਕੇ ਪਿੰਡ ਦਾ ਦੋਹਤਾ ਆਇਆ ਹੈ ਫਿਰ ਘਰ ਲਿਜਾ ਕੇ ਦੁੱਧ ਵਗੈਰਾ ਪਿਲਾਣਾ।

ਥੋੜਾ ਆਰਾਮ ਕੀਤਾ ਫਿਰ ਹਾਮਿਦ ਸਾਨੂੰ ਪਹਿਲੇ ਡੇਹਰਾ ਸਾਹਿਬ ਦਿਖਾਣ ਲਈ ਲੈ ਗਿਆ। ਇਸ ਜਗਹ ਤੇ ਹੀ ਗੁਰੂ ਅਰਜਨ ਦੇਵ ਸਾਹਿਬ ਨੂੰ ਤਸੀਹੇ ਦਿੱਤੇ ਗਏ ਸੀ। ਇਹ ਗੁਰਦਵਾਰਾ ਸਾਹਿਬ ਦੀ ਸੁੰਦਰ ਬਿਲਡਿੰਗ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ। ਇਸ ਵਿਚ ਰਹਿਣ ਲਈ ਪਹਿਲੇ ਹੀ ਬਹੁਤ ਕਮਰੇ ਹਨ। ਇਕ ਨਵਾਂ ਮਾਡਰਨ ੪੭ ਕਮਰਿਆਂ ਦਾ ਸਾਈਂ ਮੀਆਂ ਮੀਰ ਹੁਰਾਂ ਦੇ ਨਾਮ ਤੇ ਬਲਾਕ ਵਕਫ ਬੋਰਡ ਨੇ ਬਣਵਾਇਆ ਹੈ। ਆਪ ਸਭ ਜਾਣਦੇ ਹੀ ਹੋ ਕੇ ਇਨਾਂ ਪਾਸੋਂ ਗੁਰੂ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰਖਾਈ ਸੀ। ਲੰਗਰ ਹਾਲ ਵੀ ਕਾਫੀ ਬੜਾ ਹੈ ਅਤੇ ਲੰਗਰ ਵੀ ਚਲਦਾ ਹੈ, ਗਰੰਥੀ ਸਿੰਘ ਵੀ ਪਕੇ ਰਹਿੰਦੇ ਹਨ ਪਰ ਮੈਨੇਜਰ ਵਕਫ ਬੋਰਡ ਵਲੋਂ ਪਾਕਿਸਤਾਨੀ ਹੀ ਹੈ। ਗੁਰਦਵਾਰਾ ਸਾਹਿਬ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਇਹ ਵੀ ਸੰਗਮਰਮਰ ਦੀ ਬੜੀ ਖੂਬਸੂਰਤ ਬਣੀ ਹੋਈ ਹੈ। ਇਸ ਦੇ ਸੈਂਟਰ ਵਿਚ ਇਕ ਚਬੂਤਰਾ ਹੈ ਜਿਸ ਵਿਚ ਇਕ ਕਮਲ ਦਾ ਬੜਾ ਫੁਲ ਅਤੇ ੧੧ ਛੋਟੇ ਫੁਲ ਬਣੇ ਹੋਏ ਹਨ। ਬੜਾ ਮਹਾਰਾਜਾ ਲਈ ਅਤੇ ਛੋਟੇ ਉਸਦੀਆਂ ੪ ਰਾਣੀਆਂ ਤੇ ੭ ਦਾਸੀਆਂ ਦੀ ਯਾਦ ਵਿਚ ਹਨ ਜੋ ਉਸਦੇ ਨਾਲ ਹੀ ਸਤੀ ਹੋ ਗਈਆਂ ਸੀ। ਗੁਰਦਵਾਰਾ ਸਾਹਿਬ ਦੇ ਪਾਸ ਹੀ ਲਾਹੌਰ ਦਾ ਸ਼ਾਹੀ ਕਿਲਾ ਹੈ ਜੋ ਮੁਗਲ ਬਾਦਸ਼ਾਹ ਅਕਬਰ ਨੇ ਬਣਵਾਇਆ ਸੀ। ਉਸ ਤੋਂ ਬਾਦ ਜਹਾਂਗੀਰ ਨੇ ਵੀ ਇਸ ਵਿਚ ਵਾਧਾ ਕੀਤਾ, ਪਰ ਸ਼ਾਹ ਜਹਾਨ ਜਿਸ ਦਾ ਜਨਮ ਵੀ ਲਾਹੌਰ ਦਾ ਸੀ ਨੇ ਇਸ ਵਿਚ ਬਹੁਤ ਇਮਾਰਤਾਂ ਬਣਵਾਈਆਂ ਜਿਵੇਂ ਰਿਹਾਇਸ਼ ਲਈ ਸ਼ੀਸ਼ ਮਹਲ, ਨੌ ਲਖਾ ਬੁੰਗਾ (ਇਸ ਉਪਰ ਉਨ੍ਹਾਂ ਦਿਨਾਂ ਵਿਚ ਵੀ ੯ ਲੱਖ ਰੁਪਏ ਖਰਚ ਆਏ ਸੀ), ਦੀਵਾਨੇ ਆਮ, ਦੀਵਾਨੇ ਖਾਸ ਅਤੇ ਮੋਤੀ ਮਸਜਿਦ ਦੇਖਣਯੋਗ ਹਨ। ਉਸਨੇ ਜਹਾਂਗੀਰ ਤੇ ਉਸ ਦੀ ਮਲਕਾ ਨੂਰਜਹਾਨ ਦੇ ਮਕਬਰੇ ਵੀ ਬਣਵਾਏ, ਇਨਾਂ ਤੋਂ ਬਾਦ ਇਹ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਆਇਆ ਉਸਨੇ ਵੀ ਇਸ ਵਿਚ ਬਹੁਤ ਵਾਧਾ ਕੀਤਾ, ਇਸ ਵਿਚ ਮਿਊਜ਼ੀਅਮ ਵੀ ਹੈ। ਵੈਸੇ ਤਾਂ ਬਾਗਾਂ ਦਾ ਸਭ ਨੂੰ ਸ਼ੌਕ ਸੀ ਪਰ ਸ਼ਾਹ ਜਹਾਨ ਦਾ ਬਣਾਇਆ ਸ਼ਾਲੀਮਾਰ ਬਾਗ਼ ਦੇਖਣ ਵਾਲਾ ਹੈ। ਇਸ ਵਿਚ ਸੰਗਮਰਮਰ ਦੀ ਬਣੀ ਬਾਰਾਦਰੀ ਪੈਦਲ ਚਲਣ ਦੇ ਫੁਟਪਾਥ, ਰੰਗ ਬਰੰਗੇ ਫੁਲ ਬੂਟੇ ਅਤੇ ਫੁਆਰੇ ਦਿਲ ਨੂੰ ਮੋਹ ਲੈਂਦੇ ਹਨ। ਕਿਲੇ ਦੇ ਨਾਲ ਹੀ ਬਾਦਸ਼ਾਹੀ ਮਸਜਿਦ ਹੈ ਜੋ ਔਰੰਗਜ਼ੇਬ ਨੇ ਬਣਵਾਈ ਸੀ। ਇਹ ਦਿਲੀ ਦੀ ਜਾਮਾ ਮਸਜਿਦ ਦੇ ਮਾਡਲ ਉਪਰ ਹੈ, ਇਸ ਦਾ ਮੇਨ ਗੇਟ ੨੦ ਮੀਟਰ ਉੱਚਾ ਹੈ, ਵਿਹੜਾ ਐਡਾ ਕਿ ਇਸ ਵਿਚ ਇਕ ਲੱਖ ਨਮਾਜ਼ੀ ਬੈਠ ਸਕਦੇ ਹਨ। ਇਸ ਤੇ ਸਰਸਰੀ ਨਜ਼ਰ ਮਾਰ ਕੇ ਸਾਹਮਣੇ ਇਕਬਾਲ ਪਾਰਕ ਵਿਚ ਆ ਗਏ,

ਇਸ ਪਾਰਕ ਵਿਚ ਹੀ ਮੁਸਲਮ ਲੀਗ ਨੇ ੧੯੪੦ ਵਿਚ ਮੁਹੰਮਦ ਅਲੀ ਜਿਨਾਹ ਦੀ ਪ੍ਰਧਾਨਗੀ ਹੇਠ ਪਾਕਿਸਤਾਨ ਦਾ ਮਤਾ ਪਾਸ ਕੀਤਾ ਸੀ, ਓਸਦੀ ਯਾਦ ਵਿਚ ਦਿੱਲੀ ਦੇ ਕੁਤਬਮੀਨਾਰ ਵਾਂਗ ਇਕ ਮੀਨਾਰੇ ਪਾਕਿਸਤਾਨ ਬਣਿਆ ਹੋਇਆ ਹੈ, ਇਹ ੧੯੫ ਫੁੱਟ ਉੱਚਾ ਹੈ। ਉਪਰ ਜਾਣ ਲਈ ਲਿਫਟ ਵੀ ਹੈ ਅਤੇ ਪੌੜੀਆਂ ਵੀ ਹਨ। ਓਪਰੋਂ ਸਾਰਾ ਸ਼ਹਿਰ ਦੂਰ ਦੂਰ ਤਕ ਨਜ਼ਰ ਆਂਦਾ ਹੈ। ਸ਼ਾਮ ਨੂੰ ਇਥੇ ਬੜੀ ਰੌਣਕ ਹੋ ਜਾਂਦੀ ਹੈ। ਇਥੇ ਘੁੰਮ ਹੀ ਰਹੇ ਸੀ ਕੇ ਕਾਲਜ ਦੇ ੮-੧੦ ਲੜਕਿਆਂ ਦਾ ਗਰੁੱਪ ਜਿਨਾ ਪਾਸ ਕੈਮਰਾ ਵੀ ਸੀ ਸਾਡੇ ਪਾਸ ਆ ਗਿਆ ਅਤੇ ਕਹਿਣ ਲੱਗਾ ਕਿ ਅੰਕਲ ਇਕ ਫੋਟੋ ਸਾਡੇ ਨਾਲ ਖਿਚਵਾਓ। ਫੋਟੋ ਖਿਚ ਕੇ ਬੜੇ ਪਿਆਰ ਨਾਲ ਸਲਾਮ ਕਰ ਕੇ ਚਲੇ ਗਏ। ਇਨੇ ਨੂੰ ਇਕ ਹੋਰ ਲੜਕਾ ਜਿਸ ਪਾਸ ਕਾਪੀ ਤੇ ਪੈਨ ਸੀ ਕਹਿਣ ਲੱਗਾ ਕਿ ਅੰਕਲ ਮੇਰਾ ਹਿੰਦੀ ਵਿਚ ਨਾਮ ਲਿਖ ਦਿਓ। ਮੈਂ ਸੋਚ ਰਿਹਾ ਸੀ ਕਿ ਪਾਰਟੀਸ਼ਨ ਵੇਲੇ ਕਿਸ ਤਰ੍ਹਾਂ ਦੋਹਾਂ ਪਾਸਿਆਂ ਦਾ ਹੀ ਜਾਣ ਮਾਲ ਦਾ ਨੁਕਸਾਨ ਹੋਇਆ ਸੀ ਅਤੇ ਕਿਸ ਤਰਾਂ ਅਦਲਾ ਬਦਲੀ ਵੇਲੇ ਲੋਕਾਂ ਨੇ ਤਕਲੀਫਾਂ ਕਟੀਆ ਸੀ। ਫਿਰ ਓਸ ਵੇਲੇ ਜੋ ਓਧਰ ਨਾਵਲ ਕਹਾਣੀਆਂ ਲਿਖੇ ਗਏ ਓਨਾਂ ਵਿਚ ਸਿੱਖ ਦਾ ਕਿਰਦਾਰ ਬੜਾ ਖਰਾਬ ਦਿਖਾਇਆ ਜਾਂਦਾ ਸੀ,ਪਰ ਹੁਣ ਇਹ ਨਵੀਂ ਪੀੜ੍ਹੀ ਸਭ ਭੁਲ ਭੁਲਾ ਚੁੱਕੀ ਹੈ। ਅੱਜ ਇਨਾਂ ਹੀ ਦੇਖ ਕੇ ਵਾਪਿਸ ਆ ਗਏ।

ਦੂਸਰੇ ਦਿਨ ਹਾਮਿਦ ਨੇ ਟੈਕਸੀ ਦਾ ਇੰਤਜ਼ਾਮ ਕਰ ਦਿੱਤਾ ਅਤੇ ਅਸੀਂ ਪਹਿਲੇ ਪੰਜਾ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ ਜੋ ਰਾਵਲਪਿੰਡੀ ਤੋਂ ੫੦ ਕਿਲੋਮੀਟਰ ਪਿਸ਼ਾਵਰ ਰੋਡ ਓਪਰ ਹੈ। ਰਾਵਲਪਿੰਡੀ ਜਾਣ ਲਈ ੨ ਰਸਤੇ ਹਨ। ਇਕ ਤਾਂ ਇੰਗਲੈਂਡ ਵਾਂਗ ਬਹੁਤ ਵਧੀਆ ਮੋਟਰ ਵੇਅ ਹੈ ਜੋ ਸਾਢੇ ਤਿੰਨ ਘੰਟੇ ਵਿਚ ਪਹੁੰਚਾ ਦਿੰਦੀ ਹੈ ਪਰ ਇਸ ਓਪਰ ਕੋਈ ਸ਼ਹਿਰ ਨਹੀਂ ਆਉਂਦਾ, ਦੂਸਰੀ ਹੈ ਜੀ. ਟੀ. ਰੋਡ ਜੋ ਟਾਇਮ ਤਾਂ ੫ ਘੰਟੇ ਲੈਂਦੀ ਹੈ ਪਰ ਸ਼ਹਿਰਾਂ ਵਿਚ ਦੀ ਜਾਂਦੀ ਹੈ। ਅਸੀਂ ਇਸ ਤੇ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਜੋ ਮੁਲਕ ਵੀ ਦੇਖ ਸਕੀਏ। ਰਾਵੀ ਨੂੰ ਪਾਰ ਕਰਕੇ ੩੪ ਕਿਲੋਮੀਟਰ ਤੇ ਗੁਜਰਾਂਵਾਲਾ ਪਹੁੰਚ ਗਏ। ਇਸ ਸ਼ਹਿਰ ਓਪਰ ੧੭੬੫ ਵਿਚ ਸ਼ੁਕਰਚਕੀਆ ਮਿਸਲ ਦੇ ਸਰਦਾਰ ਚੜਤ ਸਿੰਘ ਨੇ ਕਬਜ਼ਾ ਕੀਤਾ ਅਤੇ ਇਸਨੂੰ ਆਪਨੀ ਰਾਜਧਾਨੀ ਬਣਾਇਆ। ਓਸ ਤੋਂ ਬਾਦ ਓਸ ਦੇ ਲੜਕੇ ਮਹਾਂ ਸਿੰਘ ਦੇ ਪਾਸ ਰਿਹਾ। ਰਣਜੀਤ ਸਿੰਘ ਦਾ ਜਨਮ ਇਥੇ ਦਾ ਹੀ ਹੈ। ਓਸਨੇ ਆਪਨੇ ਪਿਤਾ ਦੀ ਯਾਦ ਵਿਚ ਇਥੇ ਸਮਾਧ ਬਣਵਾਈ ਹੈ। ਪਾਰਟੀਸ਼ਨ ਤੋਂ ਪਹਿਲੇ ਇਸ ਸ਼ਹਿਰ ਵਿਚ ਹਾਰਮੋਨੀਅਮ ਬਹੁਤ ਬਣਦਾ ਸੀ ਜੋ ਸਾਰੇ ਹਿੰਦੁਸਤਾਨ ਵਿਚ ਸਪਲਾਈ ਹੁੰਦਾ ਸੀ। ਗੁਜਰਾਂਵਾਲੇ ਤੋਂ ਬਾਦ ਵਜ਼ੀਰਾਬਾਦ ਲੰਘ ਕੇ ਦਰਿਆ ਚਿਨਾਬ ਨੂੰ ਪਾਰ ਕੀਤਾ। ਚਿਨਾਬ ਨੂੰ ਝਨਾਂ ਵੀ ਕਹਿੰਦੇ ਹਨ, ਜਿਸ ਬਾਰੇ ਪ੍ਰੋ. ਮੋਹਣ ਸਿੰਘ ਨੇ ਲਿਖਿਆ ਸੀ ਕਿ-

"ਮੇਰੇ ਫੁੱਲਾਂ ਝਨਾਂ ਵਿਚ ਪਾਣੇ ਮੈਂ ਸ਼ਾਇਰ ਮੇਰੇ ਫੁਲ ਸੁਹਾਣੇ, ਕਦਰ ਇਨ੍ਹਾਂ ਵੀ ਕੋਈ ਆਸ਼ਿਕ ਪਾਵੇ, ਗੰਗਾ ਬਾਹਮਣੀ ਕੀ ਜਾਣੇ ਮੇਰੇ ਫੁੱਲ ਝਨਾਂ ਵਿਚ ਪਾਣੇ।"

ਫਿਰ ਗੁਜਰਾਤ ਅਤੇ ਖਾਰੀਆਂ ਲੰਘ ਕੇ ਦਰਿਆ ਜੇਹਲਮ ਨੂੰ ਪਾਰ ਕਰ ਕੇ ਜੇਹਲਮ ਸ਼ਹਿਰ ਪਹੁੰਚ ਗਏ। ਇਸ ਤੋਂ ਅੱਗੇ ਇਕ ਛੋਟਾ ਸ਼ਹਿਰ ਦੀਨਾ ਆਇਆ। ਇਥੇ ਇਕ ਢਾਬੇ ਤੇ ਚਾਹ ਪੀਣ ਲਈ ਰੁਕੇ। ਢਾਬੇ ਵਾਲਾ ਕਹਿਣ ਲੱਗਾ ਕੇ ਇੱਥੇ ੫-੬ ਕਿਲੋਮੀਟਰ ਓਪਰ ਬਹੁਤ ਪੁਰਾਣਾ ਰੋਹਤਾਸ ਕਿਲਾ ਦੇਖਣ ਵਾਲਾ ਹੈ ਸੋ ਇਹ ਦੇਖਣ ਚਲੇ ਗਏ। ਇਹ ਸੱਚਮੁੱਚ ਹੀ ਬਹੁਤ ਬੜਾ ਕਿਲਾ ਹੈ ਜੋ ਸ਼ੇਰਸ਼ਾਹ ਸੂਰੀ ਨੇ ੧੫੪੩ ਵਿਚ ਬਣਵਾਇਆ ਸੀ। ਇਸ ਦੀ ਬਾਹਰਲੀ ਚਾਰ ਦੀਵਾਰੀ ੪ ਕਿਲੋਮੀਟਰ ਤੋਂ ਜ਼ਿਆਦਾ ਹੈ ਅਤੇ ਇਸ ਦੇ ੧੨ ਗੇਟ ਨੇ ਕਈ ਇਮਾਰਤਾਂ ਦੇਖਣਯੋਗ ਹਨ, ਪਰ ਵਕਤ ਦੀ ਘਾਟ ਕਰਕੇ ਦੇਖ ਨ ਸਕੇ। ਇਥੇ ਪਤਾ ਲੱਗਾ ਕਿ ਪਹਾੜੀ ਓਪਰ ੧੫ ਕਿਲੋਮੀਟਰ ਤੇ ਜੋਗੀਆਂ ਦਾ ਟਿੱਲਾ ਹੈ। ਇਥੇ ਜੋਗੀਆਂ ਦਾ ਬਹੁਤ ਬੜਾ ਮਠ ਸੀ ਜੋ ਅਹਿਮਦਸ਼ਾਹ ਦੁਰਾਨੀ ਨੇ ਤਬਾਹ ਕਰ ਦਿੱਤਾ ਸੀ। ਇਸ ਜਗਹ ਤੇ ਸਤਿਗੁਰੂ ਨਾਨਕ ਦੇਵ ਜੀ ਹੁਰਾਂ ਨੇ ਵੀ ਚਰਣ ਪਾਏ ਸੀ। ਓਨਾਂ ਦੀ ਓਥੇ ਕੋਈ ਯਾਦਗਾਰ ਵੀ ਬਣੀ ਹੋਈ ਹੈ ਪਰ ਦੇਖ ਨ ਸਕੇ। ਦੀਨਾ ਤੋਂ ਅੱਗੇ ਗੁਜਰਖਾਨ ਤੇ ਹੋਰ ਛੋਟੇ ਸ਼ਹਿਰ ਲੰਘਦੇ ੨ ਵਜੇ ਰਾਵਲਪਿੰਡੀ ਪਹੁੰਚ ਗਏ। ਇਸਦੇ ਪਾਸ ਹੀ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਹੈ। ਇਹ ਚੰਡੀਗੜ੍ਹ ਵਾਂਗ ਬਿਲਕੁਲ ਨਵਾਂ ਸ਼ਹਿਰ ਹੈ। ਰਾਵਲਪਿੰਡੀ ਤੋਂ ਅੱਗੇ ੩੫ ਕਿਲੋਮੀਟਰ ਤੇ ਟੈਕਸਲਾ ਹੈ। ਇਹ ਬੁੱਧ ਮਤ ਦਾ ਬਹੁਤ ਬੜਾ ਸੈਂਟਰ ਸੀ। ਹਜ਼ਾਰਾਂ ਸਾਲ ਪਹਿਲੇ "ਟੈਕਸਲਾ" ਅਤੇ "ਨਾਲੰਦਾ" ਬਹੁਤ ਵੱਡੀਆਂ ਬੋਧੀ ਯੁਨੀਵਰਸਿਟੀਆਂ ਸਨ ਜਿਥੇ ਦੂਰ ਦੂਰ ਤੋਂ ਵਿਦਿਆਰਥੀ ਪੜ੍ਹਨ ਆਂਦੇ ਸੀ। ਇਥੇ ਅਜੈਬ ਘਰ ਵੀ ਹੈ ਜਿਸ ਵਿਚ ਪੁਰਾਣੇ ਕਾਲ ਦੇ ਬਰਤਨ, ਸਿਕੇ ਅਤੇ ਬੁੱਧ ਕਾਲ ਦੀਆਂ ਮੂਰਤੀਆਂ ਦੇਖਣਯੋਗ ਹਨ। ਪਾਕਿਸਤਾਨ ਵਿਚ ਟੈਕਸਲਾ ਵਰਗੇ ੨ ਹੋਰ ਵੀ ਪੁਰਾਣੇ ਸ਼ਹਿਰ "ਮੋਹਿੰਜੋਦਾਰੋ" ਅਤੇ "ਹੜੱਪਾ" ਨਿਕਲੇ ਹਨ। ਵਕਤ ਦੀ ਘਾਟ ਕਰਕੇ ਜਲਦੀ ਬਾਹਰ ਆ ਗਏ, ਇਸ ਤੋਂ ੧੫ ਕਿਲੋਮੀਟਰ ਅਗੇ ਹਸਨ ਅਬਦਾਲ ਹੈ, ਜਿਥੇ ਗੁਰਦਵਾਰਾ

ਪੰਜਾ ਸਾਹਿਬ ਹੈ, ਇਹ ਦੇਖਣ ਦੀ ਬੜੀ ਰੀਝ ਸੀ ਸੋ ਪੂਰੀ ਹੋ ਗਈ। ਅਸੀਂ ਸਭ ਜਾਣਦੇ ਹਾਂ ਕਿਸ ਤਰਾਂ ਵਲੀ ਕੰਧਾਰੀ ਨੇ ਉਪਰੋਂ ਇਕ ਬੜਾ ਪੱਥਰ ਸੁਟਿਆ ਸੀ ਅਤੇ ਗੁਰੂ ਨਾਨਕ ਜੀ ਨੇ ਹੱਥ ਨਾਲ ਰੋਕਿਆ ਸੀ ਅਤੇ ਇਹ ਨਿਸ਼ਾਨ ਓਸ ਤਰਾਂ ਹੀ ਕਾਇਮ ਹੈ। ਇਸ ਵਿਚ ਪੂਰਾ ਪੰਜਾ ਫਿਟ ਹੋ ਜਾਂਦਾ ਹੈ। ਵਕਫ ਬੋਰਡ ਦਾ ਜੋ ਗੁਰਦਵਾਰੇ ਵਿਚ ਕੇਅਰ ਟੇਕਰ ਰਹਿੰਦਾ ਹੈ ਓਸ ਦੇ ਹਿਸਾਬ ਨਾਲ ਉਪਰੋਂ ਇਕ ਪੱਥਰ ਰਿੜ ਕੇ ਆ ਗਿਆ ਜਿਸਨੂੰ ਗੁਰੂ ਜੀ ਨੇ ਰੋਕਿਆ। ਗੁਰਦਵਾਰਾ ਸਾਹਿਬ ਦੀ ਸੁੰਦਰ ਇਮਾਰਤ ਹਰੀ ਸਿੰਘ ਨਲਵਾ ਨੇ ਬਣਵਾਈ ਸੀ। ਇਥੇ ਵੀ ਰਹਿਣ ਲਈ ਬਹੁਤ ਕਮਰੇ ਹਨ ਅਤੇ ਲੰਗਰ ਵੀ ਚਲਦਾ ਰੈਂਹਦਾ ਹੈ। ਗਰੰਥੀ ਵੀ ਪੱਕੇ ਹਨ ਜੋ ਸੇਵਾ ਕਰਦੇ ਹਨ, ਇਸ ਇਲਾਕੇ ਵਿਚ ਕਈ ਸਿੱਖ ਰਹਿੰਦੇ ਹਨ। ਜਿਦਨ ਅਸੀਂ ਗਏ ਓਦਨ ਓਥੇ ਇਕ ਅਨੰਦ ਕਾਰਜ ਹੋ ਕੇ ਹਟਿਆ ਸੀ, ਅਸੀਂ ਵੀ ਓਨਾਂ ਨਾਲ ਹੀ ਲੰਗਰ ਛੱਕਿਆ। ਤਕਰੀਬਨ ੯ ਵਜੇ ਰਾਤ ਵਾਪਿਸ ਲਾਹੌਰ ਪਹੁੰਚ ਗਏ। ਸ਼ਹਿਰ ਦੇ ਬਾਹਰ ਇਕ ਜਗਹ ਦੇਖਿਆ ਕਿ ਬੜੀ ਰੌਣਕ ਹੈ- ਡਰਾਈਵਰ ਨੇ ਦੱਸਿਆ ਕਿ ਇਹ ਦਾਤਾ ਗੰਜ ਬਖਸ਼ ਦਾ ਦਰਬਾਰ ਹੈ-ਇਸ ਜਗਹ ਦੀ ਬਹੁਤ ਮਾਣਤਾ ਹੈ। ਇਹ ਸੂਫੀ ਮਤ ਦੇ ਬਹੁਤ ਪਹੁੰਚੇ ਹੋਏ ਫਕੀਰ ਸਨ ਜੋ ਮਹਿਮੂਦ ਗਜ਼ਨਵੀ ਦੇ ਵੇਲੇ ਆਏ ਸਨ, ਇਥੇ ਹੀ ਇਨਾਂ ਦਾ ਮਜ਼ਾਰ ਹੈ। ਪਹਿਲੇ ਤਾਂ ਛੋਟੀ ਜਗਹ ਸੀ ਹੁਣ ਤਾਂ ਬਹੁਤ ਇਮਾਰਤਾਂ ਜਿਵੇਂ ਹਸਪਤਾਲ, ਡਿਸਪੈਂਸਰੀ ਵਗੈਰਾ ਬਣ ਗਈਆਂ ਹਨ, ਲੰਗਰ ਵੀ ਚਲਦਾ ਰਹਿੰਦਾ ਹੈ। ਡਰਾਈਵਰ ਨੂੰ ਕਿਹਾ ਕਿ ਕਿਸੇ ਚੰਗੇ ਹੋਟਲ ਵਿਚ ਛੱਡ ਦੇਵੇ ਰਾਤ ਦਾ ਵਕਤ ਸੀ ਅਤੇ ਜੋ ਓਸ ਨੇ ਰਸਤਾ ਲਿਆ ਓਹ ਵੀ. ਆਈ. ਪੀ. ਏਰੀਆ ਸੀ। ਜਗ੍ਹਾ ਜਗ੍ਹਾ ਸਿਕਓਰਟੀ ਵਾਲੇ ਖੜੇ ਸੀ, ਅਸੀਂ ਘਬਰਾਏ ਕਿ ਕਿਧਰੇ ਲੈ ਆਇਆ! ਅੱਗੇ ਜਾ ਕੇ ਓਹੋ ਗਲ ਹੋਈ ਇਕ ਸਿਕਓਰਟੀ ਵਾਲੇ ਨੇ ਗੱਡੀ ਖੜੀ ਕਰਵਾਈ। ਮੈਂ ਪਿਛਲੀ ਸੀਟ ਤੇ ਬੈਠਾ ਸੀ ਜਦ ਸ਼ੀਸ਼ਾ ਚੁੱਕ ਕੇ ਬਾਹਰ ਦੇਖਿਆ ਤਾਂ ਕਹਿਣ ਲੱਗਾ ਓਹ ਸਰਦਾਰ ਸਾਹਿਬ ਜਾਓ ਤੁਸੀਂ ਤਾਂ ਸਾਡੇ ਮਹਿਮਾਨ ਹੋ। ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਸਫਰ ਠੀਕ ਰਿਹਾ। ਰਾਤ ਹੋਟਲ ਵਿਚ ਆਰਾਮ ਕੀਤਾ ਤੇ ਸਵੇਰ ਟੈਕਸੀ ਵਾਲਾ ੯ ਵਜੇ ਆ ਗਿਆ ਤਾਂ ਨਨਕਾਣਾ ਸਾਹਿਬ ਲਈ ਚਲ ਪਏ। ਲਾਹੌਰ ਤੋਂ ਚਲ ਕੇ ੩੫ ਕਿਲੋਮੀਟਰ ਤੇ ਸ਼ੇਖੂਪੁਰਾ ਪਹੁੰਚੇ। ਇਹ ਇਲਾਕਾ ਸਾਰਾ ਜੰਗਲ ਹੀ ਹੁੰਦਾ ਸੀ, ਇਸ ਸ਼ਹਿਰ ਵਿਚ ਇਕ ਜਹਾਂਗੀਰ ਨੇ ਕਿਲਾ ਬਣਵਾਇਆ ਜੋ ਅਸਲ ਵਿਚ ਓਸਦਾ ਰੈਸਟ ਹਾਓਸ ਸੀ ਓਹ ਇਸ ਇਲਾਕੇ ਵਿਚ ਸ਼ਿਕਾਰ ਖੇਲਣ ਆਂਦਾ ਸੀ। ਸ਼ੇਖੂਪੁਰੇ ਤੋਂ ਅੱਗੇ ੪੫ ਕਿਲੋਮੀਟਰ ਤੇ ਸ੍ਰੀ ਨਨਕਾਣਾ ਸਾਹਿਬ ਹੈ। ਇਹ ਛੋਟਾ ਜਿਹਾ ਸ਼ਹਿਰ ਹੈ। ਬਾਜ਼ਾਰ ਵਿਚ ਸਿੱਖਾਂ ਦੀਆਂ ਵੀ ਕੁਛ ਦੁਕਾਨਾਂ ਹਨ। ਗੁਰੂ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ, ਇਥੇ ਬਾਬਾ ਨਾਨਕ ਜੀ ਨੇ ੧੪੬੯ ਵਿਚ ਅਵਤਾਰ ਧਾਰਿਆ ਸੀ। ਇਹ ਗੁਰਦਵਾਰਾ ਸਾਹਿਬ ਵੀ ਮਹਾਰਾਜਾ ਰਣਜੀਤ ਸਿੰਘ ਨੇ ੧੮੨੦ ਵਿਚ ਬਣਵਾਇਆ ਸੀ। ਗੁਰਦਵਾਰਾ ਸਾਹਿਬ ਦੀ ਬਿਲਡਿੰਗ ਬਹੁਤ ਸੋਹਣੀ ਦੇਖਣਯੋਗ ਹੈ। ਜਨਮ ਅਸਥਾਨ ਤੋਂ ਇਲਾਵਾ ਗੁਰੂ ਜੀ ਨਾਲ ਸਬੰਧਤ ਹੋਰ ਵੀ ੫ ਗੁਰਦਵਾਰੇ ਹਨ ਜਿਵੇਂ ਗੁਰਦਵਾਰਾ "ਬਾਲ ਲੀਲ੍ਹਾ" ਗੁਰਦਵਾਰਾ "ਪਟੀ ਸਾਹਿਬ", ਗੁਰਦਵਾਰਾ "ਮਲ ਸਾਹਿਬ", ਗੁਰਦਵਾਰਾ "ਤੰਬੂ ਸਾਹਿਬ" ਅਤੇ "ਕਿਆਰਾ ਸਾਹਿਬ"। ਇਥੇ ਪੰਜਵੀਂ ਅਤੇ ਛੇਵੀਂ ਪਾਤਸ਼ਾਹੀ ਵੀ ਯਾਤਰਾ ਕਰਨ ਆਏ ਓਨਾਂ ਦੀ ਯਾਦ ਵਿਚ ਵੀ ੨ ਗੁਰਦਵਾਰੇ ਇਕੋ ਚਾਰ ਦਿਵਾਰੀ ਵਿਚ ਹਨ।

ਵਾਪਿਸ ਆ ਕੇ ਥੋੜਾ ਆਰਾਮ ਕੀਤਾ ਤਾਂ ਸ਼ਾਮ ਨੂੰ ਹਾਮਿਦ ਸਾਨੂੰ ਰਾਵਲਪਿੰਡੀ ਵਿਚ ਲਾਹੌਰ ਦਾ ਮਸ਼ਹੂਰ ਫੂਡ ਬਾਜ਼ਾਰ ਦਿਖਾਣ ਲੈ ਗਿਆ। ਇਹ ਕਾਫੀ ਲੰਬਾ ਹੈ ਅਤੇ ਦੋਨੋਂ ਪਾਸੇ ਰੈਸਟੋਰੈਂਟ ਹੀ ਹਨ। ਸ਼ਾਮ ਨੂੰ ਇਸ ਵਿਚ ਟਰੈਫਿਕ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਸੜਕ ਉਪਰ ਵੀ ਮੇਜ਼ ਕੁਰਸੀਆਂ ਰੱਖ ਦਿੱਤੀਆਂ ਜਾਂਦੀਆਂ ਹਨ। ਸਿਰਫ ਥੋੜ੍ਹਾ ਪੈਦਲ ਜਾਣ ਲਈ ਰਸਤਾ ਛੱਡ ਦਿੱਤਾ ਜਾਂਦਾ ਹੈ। ਲਾਹੌਰੀਏ ਖਾਣ ਪੀਣ ਦੇ ਬੜੇ ਸ਼ੌਕੀਨ ਹਨ। ਟੱਬਰਾਂ ਨਾਲ ਆਂਦੇ ਹਨ ਅਤੇ ਮੇਲੇ ਵਰਗਾ ਮਾਹੌਲ ਹੁੰਦਾ ਹੈ। ਵੈਸੇ ਤਾਂ ਸਭ ਰੈਸਟੋਰੈਂਟ ਮੀਟ ਮੱਛੀ ਵਾਲੇ ਹੀ ਹਨ, ਪਰ ਇਹ ਦੇਖ ਕੇ ਹੈਰਾਨੀ ਹੋਈ ਕਿ ਇਕ ਵੈਸ਼ਨੋ ਵੀ ਸੀ ਜਿਥੇ ਸਿਰਫ ਸਰੋਂ ਦਾ ਸਾਗ ਅਤੇ ਮਕੀ ਦੀ ਰੋਟੀ ਹੀ ਮਿਲਦੇ ਹਨ! ਮਜ਼ੇ ਦੀ ਗੱਲ ਇਹ ਕਿ ਓਨ੍ਹਾਂ ਨੇ ਬਾਹਰ ਬੋਰਡ ਵੀ ਗੁਰਮੁਖੀ ਵਿਚ ਹੀ "ਮੱਕੀ ਦੀ ਰੋਟੀ ਤੇ ਸਾਗ" ਦਾ ਲਾਇਆ ਹੋਇਆ ਹੈ। ਇਥੇ ਚੱਕਰ ਲਗਾ ਕੇ ਮਸ਼ਹੂਰ ਬਾਜ਼ਾਰ ਅਨਾਰਕਲੀ ਦਿਖਾਣ ਲੈ ਗਿਆ। ਇਥੇ ਦਿੱਲੀ ਦੇ ਕਨਾਟ ਪਲੇਸ ਵਾਂਗ ਬਹੁਤ ਵੱਡੀਆਂ ਵੱਡੀਆਂ ਦੁਕਾਨਾਂ ਹਨ, ਕਿਉਂਕਿ ਓਨ੍ਹਾਂ ਦਿਨਾਂ ਵਿਚ ਮੁਹਰਮ ਚਲ ਰਿਹਾ ਸੀ ਇਸ ਲਈ ਰੌਣਕ ਬਹੁਤ ਘੱਟ ਸੀ। ਰਾਤ ਨੂੰ ਹੋਟਲ ਵਿਚ ਆਰਾਮ ਕੀਤਾ।

ਸਵੇਰੇ ਪੈਹਲੇ ਰੇਡਿਓ ਸਟੇਸ਼ਨ ਤੇ ਸ਼ਮਸ਼ੇਰ ਅਲੀ ਨੂੰ ਮਿਲਨ ਗਏ। ਇਹ ਓਥੇ ਮਿਓਜ਼ਿਕ ਡਾਇਰੈਕਟਰ ਲੱਗਾ ਹੋਇਆ ਹੈ, ਇਸਦੇ ਬਜ਼ੁਰਗ ਫਗਵਾੜੇ ਤੋਂ ਗਏ ਸੀ ਜੋ ਜਲੰਧਰ ਸਾਡੇ ਗਾਹਕ ਹੁੰਦੇ ਸੀ। ਇਸ ਬਾਰੇ ਪਿਆਰੇ ਵੀਰ ਬਲਬੀਰ ਸਿੰਘ ਕੰਵਲ ਹੁਰਾਂ ਪਾਸੋਂ ਪਤਾ ਲਗਾ ਸੀ। ਸਟੇਸ਼ਨ

ਤੇ ਗਏ ਤਾਂ ਪਤਾ ਲਗਾ ਕਿ ਓਹ ਰੀਕਾਰਡਿੰਗ ਕਰਵਾ ਰਿਹਾ ਹੈ। ਬਾਹਰ ਇੰਤਜ਼ਾਰ ਕਰ ਰਹੇ ਸਾਂ ਕਿ ਇਕ ਨੌਜਵਾਨ ਆਇਆ ਜੋ ਡਰਾਮਾ ਆਰਟਿਸਟ ਸੀ। ਪੁਛਣ ਲੱਗਾ ਕਿ ਪੰਜਾਬ ਤੋਂ ਕਿਥੋਂ ਆਏ ਹੋ ਜਦ ਕਿਹਾ ਜਲੰਧਰੋਂ ਤਾਂ ਮੇਰੇ ਗੋਡਿਆਂ ਨੂੰ ਹੱਥ ਲਾ ਕੇ ਕਹਿੰਦਾ ਕੇ ਓਹਦੇ ਬਜ਼ੁਰਗ ਹੁਸ਼ਿਆਰਪੁਰ ਤੋਂ ਗਏ ਸੀ ਇਸ ਲਈ ਓਹ ਜਲੰਧਰ ਵਾਲਿਆਂ ਦੀ ਬਹੁਤ ਇਜ਼ਤ ਕਰਦਾ ਹੈ। ਇਸ ਤਰਾਂ ਹੀ ਜਿਥੇ ਜਾਈਦਾ ਸੀ ਝੱਟ ਲੋਕ 'ਕਠੇ ਹੋ ਜਾਂਦੇ ਸਨ ਅਤੇ ਪਹਿਲਾ ਸਵਾਲ ਇਹ ਹੁੰਦਾ ਸੀ ਕੇ ਕਿਥੋਂ ਆਏ ਹੋ? ਜਿਨ੍ਹਾਂ ਦੇ ਬਜ਼ੁਰਗ ਜਲੰਧਰ ਜ਼ਿਲ੍ਹੇ ਵਿਚੋਂ ਗਏ ਸਨ ਓਨ੍ਹਾਂ ਨੇ ਬਹੁਤ ਖੁਸ਼ ਹੋਣਾ। ਦਸਣਾ ਕੇ ਸਾਡੇ ਬਜ਼ੁਰਗ ਹਰ ਵੇਲੇ ਓਥੇ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਸੀ। ਸ਼ਮਸ਼ੇਰ ਮਿਲ ਕੇ ਬੜਾ ਖੁਸ਼ ਹੋਇਆ, ਘਰ ਲੈ ਗਿਆ ਅਤੇ ਕੁਛ ਹੋਰ ਸੰਗੀਤਕਾਰਾਂ ਨੂੰ ਮਿਲਾਇਆ। ਇਸ ਤੋਂ ਬਾਦ ਸਾਨੂੰ ਹਾਮਿਦ ਮਾਲ ਰੋਡ ਦਿਖਾਣ ਲੈ ਗਿਆ। ਇਹ ਅੰਗਰੇਜ਼ਾਂ ਦੇ ਵੇਲੇ ਦੀ ਬੜੀ ਮਸ਼ਹੂਰ ਰੋਡ ਹੈ, ਇਥੇ ਵੀ ਬੜੀਆਂ ਬੜੀਆਂ ਦੁਕਾਨਾਂ ਤੇ ਬੈਂਕ ਵਗੈਰਾ ਹਨ। ਦੁਕਾਨਾਂ ਵਿਚ ਜ਼ਿਆਦਾ ਮਾਲ ਚੀਨ ਦਾ ਹੀ ਸੀ-ਅੰਗਰੇਜ਼ਾਂ ਦੇ ਦੌਰ ਦੀਆਂ ਵੀ ਕਾਫੀ ਇਮਾਰਤਾਂ ਹਨ ਜਿਵੇਂ ਹਾਈਕੋਰਟ, ਮਿਊਜ਼ੀਅਮ, ਜੈਨਰਲ ਪੋਸਟ ਆਫਿਸ, ਯੂਨੀਵਰਸਿਟੀ ਕੈਂਪਸ, ਕਾਲਜ ਅਤੇ ਕਈ ਚਰਚਾਂ ਇਸ ਤੋਂ ਬਾਦ ਸਾਨੂੰ ਨਵਾਂ ਲਾਹੌਰ ਦਿਖਾਇਆ ਜਿਥੇ ਬੜੀਆਂ ਬੜੀਆਂ ਕੋਠੀਆਂ ਅਤੇ ਨਵੇਂ "ਮਾਲ" ਸ਼ਾਪਿੰਗ ਸੈਂਟਰ ਹਨ।

ਅੱਜ ਸਾਡੀ ਵਾਪਿਸੀ ਸੀ। ਹਾਮਿਦ ਨਾਲ ਜਾ ਕੇ ਘਰ ਸਭ ਨੂੰ ਮਿਲੇ, ਹਾਮਿਦ ਸਾਨੂੰ ਵਾਹਗੇ ਬਾਰਡਰ ਤੇ ਛੱਡਣ ਆ ਰਿਹਾ ਸੀ ਕਿ ਰਸਤੇ ਵਿਚ ਗੱਡੀ ਦਾ ਪੈਟਰੋਲ ਮੁੱਕ ਗਿਆ। ਓਹ ਤਾਂ ਪੈਟਰੋਲ ਲੈਣ ਚਲੇ ਗਿਆ, ਸਾਨੂੰ ਸੜਕ ਤੇ ਖੜੇ ਦੇਖ ਕੇ ਸਾਹਮਣੇ ਇਕ ਡੇਰੇ ਤੋਂ ਕੁਛ ਆਦਮੀ ਆ ਗਏ। ਇਨ੍ਹਾਂ ਪਾਸ ਕਾਫੀ ਮੱਝਾਂ ਸਨ, ਇਹ ਗੁੱਜਰ ਸਨ। ਚਾਹ ਪਾਣੀ ਦਾ ਪੁਛਣ ਲੱਗੇ। ਪੁੱਛਿਆ ਕਿ ਤੁਹਾਡਾ ਪਿੰਡ ਕਿਹੜਾ ਹੈ ਤਾਂ ਇਕ ਪਿੰਡ ਜੋ ਸੜਕ ਤੋਂ ਨਜ਼ਰ ਆਉਂਦਾ ਸੀ, ਵਲ ਹੱਥ ਕਰਕੇ ਕਹਿਣ ਲੱਗੇ ਕਿ ਸਾਡੇ ਤਾਂ ਘਰ ਕੱਚੇ ਹੀ ਹਨ ਪਰ ਜੋ ਪੱਕੇ ਚੁਬਾਰੇ ਦਿਸਦੇ ਹਨ ਓਹ ਤੁਹਾਡੇ ਸਰਦਾਰਾਂ ਦੇ ਹੀ ਹਨ ਜੋ ਤੁਸੀਂ ਛੱਡ ਗਏ ਹੋ। ਜਲਦੀ ਹੀ ਹਾਮਿਦ ਆ ਗਿਆ ਤੇ ਸਾਨੂੰ ਵਾਹਗੇ ਬਾਰਡਰ ਤੇ ਛੱਡ ਗਿਆ।

ਸੰਤ ਕਾਲਾ ਸਿੰਘ ਗਿਆਨੀ

—ਲੇਖਕ ਸਵਰਗੀ ਸ. ਰਣਜੀਤ ਸਿੰਘ ਖੜਗ

ਸ੍ਰੀਮਾਨ ਸੰਤ ਕਾਲਾ ਸਿੰਘ ਜੀ ਗਿਆਨੀ ਦਾ ਜਨਮ ਸੰਮਤ ੧੯੨੫ (੧੮੬੮ ਈਸਵੀ) ਵਿਚ ਅੱਸੂ ਮਹੀਨੇ ਪਿੰਡ ਨੰਗਲ ਵਡੇ, ਪਰਗਣਾ ਪੱਖੋਵਾਲ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਕਰਮੋ ਅਤੇ ਪਿਤਾ ਦਾ ਰਾਮਾ ਸੀ। ਆਪ ਟਾਂਕ ਕਸ਼ਤਰੀ ਨਿੱਝਰ ਗੋਤ ਦੇ ਨੌਨਿਹਾਲ ਸਨ। ਆਪ ਦੀ ਸ਼ਾਦੀ ਬਾਲ ਵਰੇਸੇ ਮਾਤਾ ਆਸ ਕੌਰ ਨਾਲ ਹੋਈ। ਗਿਆਨੀ ਜੀ ਨੂੰ ਛੋਟੀ ਅਵਸਥਾ ਤੋਂ ਹੀ ਵਿਦਿਆ ਪ੍ਰਾਪਤੀ ਦੀ ਲਗਨ ਸੀ। ਥੋੜ੍ਹੇ ਦਿਨਾਂ ਵਿਚ ਹੀ ਆਪ ਨੇ ਪਿੰਗਲ ਅਤੇ ਗਿਆਨ ਮੰਜਰੀ ਆਦਿਕ ਕਾਵਯ ਦੇ ਪੁਸਤਕ ਪੜ੍ਹ ਕੇ ਮਾਲਵੇ ਦੇ ਪੁਰਾਣੇ ਕਵੀਆਂ ਵਾਂਗ ਅਖਾੜੇ ਲਗਾਉਣੇ ਸ਼ੁਰੂ ਕਰ ਦਿੱਤੇ। ੨੪ ਸਾਲ ਦੀ ਅਵਸਥਾ ਵਿਚ ਕੁਰਆਨ ਕਰੀਮ ਦਾ ਸਬਕ ਲਿਆ ਅਤੇ ਹਿੰਦੀ ਪੜ੍ਹ ਕੇ ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦਾ ਅਧਿਐਨ ਕੀਤਾ। ਹਿਕਮਤ ਦਾ ਸ਼ੌਕ ਹੋਣ ਕਰ ਕੇ ਤਿਬੇ ਅਕਬਰੀ ਆਦਿਕ ਤਿਬ ਯੂਨਾਨੀ ਦੀਆਂ ਪੁਸਤਕਾਂ ਭਲੀ ਭਾਂਤ ਵਾਚੀਆਂ।



ਭਾਈ ਗੁਜਰ ਸਿੰਘ, ਜੋ ਇਕ ਕਾਨੂੰਗੋ ਦਾ ਚਪੜਾਸੀ ਅਤੇ ਭੈਣੀ ਸਾਹਿਬ ਤੋਂ ਨਵਾਂ-ਨਵਾਂ ਸਿੰਘ ਸੱਜ ਕੇ ਆਇਆ ਸੀ, ਦੀ ਸੰਗਤ ਕਰਕੇ ਸੰਮਤ ੧੯੪੨ ਬਿਕਰਮੀ ਵਿਚ ੧੭ ਸਾਲ ਦੀ ਅਵਸਥਾ ਵਿਚ ਪਰਮ ਪੂਜ ਬਾਬਾ ਹਰੀ ਸਿੰਘ ਜੀ ਤੋਂ ਨਾਮ ਲੈ ਕੇ ਵਰੋਸਾਏ ਅਤੇ ਅੰਮ੍ਰਿਤ ਛਕ ਕੇ ਸਿੰਘ ਸਜੇ। ਆਪਨੇ ਸਵੈ ਰਚਿਤ ਪੈਂਤੀਸ ਅੱਖਰੀ ਵਿਚ ਇਸ ਸਬੰਧੀ ਇਸ ਤਰ੍ਹਾਂ ਲਿਖਿਆ ਹੈ :-

ਨੰਗਲ ਵਡਾ ਪਖੋਵਾਲ ਖਾਸ ਮੇਰਾ,
ਭੈਣੀ ਸਾਹਿਬ ਤੋਂ ਸੋਲਹ ਕੋਹ ਧਾਮ ਹੈ ਜੀ।
ਸੁੰਦਰ ਸਿੰਘ ਤੇ ਸਿੰਘ ਮਤਾਬ ਭਾਈ,

ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀ ਸੈ ਵਿਚ ਬਤਾਲੀਏ ਦੇ,
ਅਸਾਂ ਪੁੱਛਿਆ ਗੁਰੂ ਦਾ ਨਾਮ ਹੈ ਜੀ।
ਸਤਿਗੁਰੂ ਬਗੈਰ ਅੰਧੇਰ ਸਾਰੇ,
ਉਹਦੀ ਬੰਦਗੀ ਵਿਚ ਆਰਾਮ ਹੈ ਜੀ।

ਭੈਣੀ ਸਾਹਿਬ ਆਪ ਨੇ ਸ੍ਰੀ ਬਾਬਾ ਜੀ ਨੂੰ ਆਪਣੀ ਕਵਿਤਾ ਦੇ ਚਮਤਕਾਰ ਨਾਲ ਮੋਹਿਤ ਕਰ ਲਿਆ ਅਤੇ ਬਾਬਾ ਜੀ ਦੀ ਆਗਿਆ ਨਾਲ ਆਪ ਨੇ ਆਪਣਾ ਜੱਦੀ ਪੇਸ਼ਾ ਛੱਡ ਕੇ ਸੁਨਿਆਰਾਂ ਅਤੇ ਠਠਿਆਰਾਂ ਦਾ ਕੰਮ ਸ਼ੁਰੂ ਕੀਤਾ। ਜਿੱਥੇ ਆਪ ਧਾਤ ਦੇ ਭਾਂਡਿਆਂ ਨੂੰ ਕਲੀ ਕਰਕੇ ਲਿਸ਼ਕਾਂਦੇ ਅਤੇ ਸੋਨੇ ਚਾਂਦੀ ਦੇ ਗਹਿਣਿਆਂ ਨਾਲ ਲੋਕਾਂ ਨੂੰ ਸ਼ੰਗਾਰਦੇ ਉਥੇ ਆਪ ਨਾਮਧਾਰੀ ਸਿਖਿਆ ਦਾ ਪ੍ਰਚਾਰ ਕਰਦੇ ਸਤ ਸੰਤੋਖ ਅਤੇ ਦੇਸ਼ ਭਗਤੀ ਦੀ ਕਲਈ ਫੇਰ ਕੇ ਕਾਲੇ ਹਿਰਦਿਆਂ ਨੂੰ ਲਿਸ਼ਕਾਂਦੇ ਅਤੇ ਦਯਾ, ਖਿਮਾ, ਕੁਰਬਾਨੀ ਦੇ ਗਹਿਣਿਆਂ ਨਾਲ ਸ਼ੰਗਾਰਦੇ।

ਸੰਮਤ ੧੯੨੮ (੧੮੭੧ ਈਸਵੀ*) ਵਿਚ ਸੰਨ ੧੮੭੨ : ਸੰਪਾਦਕ ਸਤਿਗੁਰ ਰਾਮ ਸਿੰਘ ਜੀ ਮਹਾਰਾਜ ਜਲਾਵਤਨ ਕੀਤੇ ਗਏ। ਗਿਆਨੀ ਜੀ ਚੌਦਾਂ ਸਾਲ ਪਿਛੋਂ ਨਾਮਧਾਰੀ ਸੰਪਰਦਾਏ ਵਿਚ ਸ਼ਾਮਲ ਹੋਏ। ਉਦੋਂ ਘਾਉ ਹਾਲੇ ਤੱਤਾ ਸੀ, ਨਾਮਧਾਰੀਆਂ ਦੇ ਦਿਲ ਜਲ ਰਹੇ ਸਨ ਅਤੇ ਕਾਲਜੇ ਸੜ ਰਹੇ ਸਨ। ਆਪ ਦਾ ਨਗਰ ਸ਼ਹੀਦਾਂ ਦੇ ਪਿੰਡਾਂ ਦੇ ਵਿਚਕਾਰ ਸੀ। ਆਪ ਨੂੰ ਨਾਮਧਾਰੀ ਇਤਿਹਾਸ ਲਿਖਣ ਦਾ ਖਿਆਲ ਆਇਆ, ਮਸਾਲਾ ਚੰਗਾ ਮਿਲ ਗਿਆ। ਪਰ ਉਹ ਦਿਨ ਸਿੱਖਾਂ ਅਤੇ ਖਾਸ ਕਰਕੇ ਦੇਸ਼ ਭਗਤ ਅਤੇ ਨਾਮਧਾਰੀ ਸਿੱਖਾਂ ਲਈ ਮੀਰ ਮਨੂੰ ਅਤੇ ਜ਼ਕਰੀਆ ਖਾਨ ਵਾਲੇ ਦਿਨਾਂ ਵਾਂਗ ਕਹਿਰ ਦੇ ਦਿਨ ਸਨ। ਕੈਨੇਡੀਅਨ ਸਿੱਖਾਂ ਨੇ ਆਜ਼ਾਦੀ ਦਾ ਬਿਗਲ ਵਜਾਕੇ ਲੱਖਾਂ ਪਰਵਾਨਿਆਂ ਨੂੰ ਇਸ ਸ਼ਮ੍ਹਾਂ ਦੇ ਭੇਂਟ ਬਣਾ ਛਡਿਆ ਸੀ। ਇਨ੍ਹਾਂ ਸਖਤੀ ਦੇ ਦਿਨਾਂ ਵਿਚ ਨਿਡਰ ਅਤੇ ਨਿਸ਼ੱਕ ਹੋ ਕੇ ਨਾਮਧਾਰੀ ਪੰਥ ਪ੍ਰਕਾਸ਼ ਅਤੇ ਸ਼ਹੀਦ ਬਿਲਾਸ ਗ੍ਰੰਥ ਰਚਨਾ ਅਤੇ ਫਿਰ ਗੁਰਦੁਆਰਾ ਸੁਧਾਰ ਲਹਿਰ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ ਸਾਕਾ ਤਰਨਤਾਰਨ ਲਿਖਣਾ ਕੇਵਲ ਆਪ ਦੇ ਹੀ ਦਿਲ ਗੁਰਦੇ ਦਾ ਕੰਮ ਸੀ। ਇਸ ਤੋਂ ਬਿਨਾਂ ਆਪ ਨੇ ਉਸਤਤਨਾਮਾ, ਪੈਂਤੀਸ ਅੱਖਰੀ, ਕਬਿਤ ਬਾਰਾ ਮਾਂਹਾ, ਭਗਤ ਨਾਮਦੇਵ ਜੀ ਦਾ ਜੀਵਨ ਅਤੇ ਉਨ੍ਹਾਂ ਦੀ ਬਾਣੀ ਦਾ ਟੀਕਾ, ਜਨਮ ਸਾਖੀ ਭਗਤ ਰਵਿਦਾਸ ਜੀ, ਸੰਮਨ ਮੂਸਨ ਗੁਰਗੱਦੀ ਆਦਿਕ ਕਈ ਪੁਸਤਕਾਂ ਰਚੀਆਂ। ਆਪ ਜੀ ਖੋਜ ਦੀ ਲਗਨ ਬਾਰੇ, ਨਾਮਧਾਰੀ ਸੰਪਰਦਾਏ ਦੇ ਚਮਕਦੇ ਸਿਤਾਰੇ ਅਤੇ ਮਸ਼ਹੂਰ ਜਰਨਲਿਸਟ ਤੇ ਇਤਿਹਾਸਕਾਰ ਸੰਤ ਇੰਦਰ ਸਿੰਘ ਜੀ 'ਚਕਰਵਰਤੀ' 'ਸਤਿਜੁਗ' ਦੇ ਸੰਤ ਅੰਕ (੨) ਬਾਬਤ ੨੦ ਭਾਦਰੋਂ ਸੰਮਤ ੧੯੯੮ ਵਿਚ ਲਿਖਦੇ ਹਨ -

".....ਫਿਰ ਆਪ ਵਿਚ ਕੰਮ ਕਰਨ ਦੀ ਲਗਨ ਵੀ ਅਦੁੱਤੀ ਸੀ। ਮੈਨੂੰ ਕਈ ਵਾਰ ਆਪ ਜੀ ਦੇ ਚਰਨਾਂ ਵਿਚ ਨਿਵਾਸ ਕਰਨ ਦਾ ਸੁਭਾਗਯ ਹਾਸਲ ਹੋਇਆ ਹੈ। ਬਿਨਾਂ ਇਤਿਹਾਸਕ ਚਰਚਾ ਤੋਂ ਆਪ ਦੂਜੀ ਗੱਲ ਨਹੀਂ ਸਨ ਕਰਦੇ। ਏਨੀ ਲਗਨ, ਏਨਾ ਉਤਸ਼ਾਹ, ਆਪ ਤੋਂ ਬਿਨਾਂ ਮੈਂ ਬਹੁਤ ਘੱਟ ਦੇਖਿਆ ਹੈ। ਜੇ ਇਹ ਕਿਹਾ ਜਾਵੇ ਕਿ ਆਪ ਨੇ ਆਪਣੀ ਸਾਰੀ ਉਮਰ ਹੀ ਨਾਮਧਾਰੀ ਇਤਿਹਾਸ ਦੀ ਖੋਜ ਵਿਚ ਗੁਜ਼ਾਰੀ ਤਾਂ ਕੋਈ ਬੜੀ ਗਲ ਨਹੀਂ" ।

ਮਲੇਰਕੋਟਲੇ ਵਿਚ ਜੋ ਸਿੰਘ ਸਭਾ ਦਾ ਗੁਰਦੁਆਰਾ ਬਣਿਆ ਹੈ, ਇਸਦੇ ਬਨਾਉਣ ਵਿਚ ਆਪ ਦਾ ਬਹੁਤ ਸਾਰਾ ਹੱਥ ਸੀ। ੨੦ ਮਾਘ ਸੰਮਤ ੧੯੭੭ ਵਿਚ ਸਤਿਗੁਰ ਪ੍ਰਤਾਪ ਸਿੰਘ ਮਹਾਰਾਜ ਨੇ ਸਹੇਵੇ ਸਾਹਿਬ (ਬੀਕਾਨੇਰ) ਜਦ ਇਕ ਸੌ ਇਕ ਅਖੰਡ ਪਾਠ ਕਰਵਾਇਆ ਸੀ, ਉਸ ਵੇਲੇ ਗਿਆਨੀ ਜੀ ਪਰਿਵਾਰ ਸਮੇਤ ਸ਼ਾਮਲ ਹੋਏ। ਆਖਰ ੨੬ ਮਾਘ ਸੰਮਤ ੧੯੮੫ ਦਿਨ ਵੀਰਵਾਰ, ਮੁਤਾਬਿਕ ੭ ਫਰਵਰੀ ੧੯੨੬ ਨੂੰ ਮਾਲਵੇ ਦਾ ਲਟਬੌਰਾ ਕਵੀਸ਼ਰ ਅਤੇ ਨਾਮਧਾਰੀ ਸੰਪਰਦਾਏ ਦਾ ਇਤਿਹਾਸਕਾਰ ਸਵਰਗਵਾਸ ਹੋ ਗਿਆ। ਆਪ ਜੀ ਦੇ ਚਲਾਣੇ ਨੇ ਨਾਮਧਾਰੀ ਸੰਪਰਦਾਏ, ਸਾਹਿਤਕ ਸੰਸਾਰ ਅਤੇ ਟਾਂਕ ਕਸ਼ਤਰੀ ਜਾਤੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ ਹੈ।

ਆਪ ਜੀ ਦੇ ਵੱਡੇ ਸਪੁੱਤਰ ਸੰਤ ਹੀਰਾ ਸਿੰਘ ਬੜੇ ਸਾਧੂ ਸੁਭਾ, ਸ਼ਾਂਤ ਪ੍ਰਕ੍ਰਿਤੀ ਅਤੇ ਨਾਮ ਜਪਣ ਵਾਲੇ ਨੇ ਨਿਹਾਲ ਸਨ। ਭਾਂਡਿਆਂ ਦੇ ਕੰਮ ਦੀ ਚੰਗੇਰੀ ਤਰਬੀਅਤ ਹਾਸਲ ਕਰਨ ਲਈ ਆਪ ਜਗਾਧਰੀ ਗਏ। ਜਿਸ ਠਠਿਆਰ ਦੇ ਸ਼ਾਗਿਰਦ ਬਣੇ, ਉਸਨੂੰ ਨਾਮਧਾਰੀ ਬਣਾਇਆ। ਆਪ ਜੀ ਦੇ ਦੂਜੇ ਸਪੁੱਤਰ ਸੰਤ ਬਿਸ਼ਨ ਸਿੰਘ ਜੀ ਬੜੇ ਉਤਸਾਹੀ ਅਤੇ ਨਾਮਧਾਰੀ ਸੰਪਰਦਾਏ ਨਾਲ ਦਿਲੀ ਪਿਆਰ ਰੱਖਣ ਵਾਲੇ ਹੱਸਮੁੱਖ ਅਤੇ ਬੀਬੇ ਰਾਣੇ ਸਿਖ ਹਨ।

*(ਕੌਮੀ ਸੁਤੰਤਰ ਨਵੀਂ ਦਿੱਲੀ
੧੩ ਅਪ੍ਰੈਲ, ੧੯੪੯)*

"ਤੂੰ 'ਕੱਲਾ ਕਿਉਂ...ਮੈਂ ਤੇਰੇ ਨਾਲ ਹਾਂ"

—ਪ੍ਰੀਤਮ ਸਿੰਘ

ਮੇਰੇ ਵੱਡੇ ਭਰਾ ਤ੍ਰਲੋਕ ਸਿੰਘ ਨੂੰ ਸੱਪ ਨੇ ਡੱਸ ਲਿਆ। ਡਸੇ ਹੋਏ ਦਾ ਇਲਾਜ ਦਾ ਮਾਹਰ ਮਾਂਦ੍ਰੀ 'ਟੋਡਾ ਭਗਤ' ਮਮੇਰਾਂ ਪਿੰਡ ਵਿਚ ਰਹਿੰਦਾ ਸੀ। ਅਸੀਂ ਭਾਅ ਜੀ ਨੂੰ ਉਸਦੀ ਮੈੜੀ ਵਿਚ ਲੈ ਗਏ। ਉਸ ਕੋਲ ਮਾਂਦ੍ਰੀ ਵੀ ਸਨ। ਓਹਨਾਂ ਮੰਤਰ ਪੜ੍ਹਨੇ ਸ਼ੁਰੂ ਕੀਤੇ। ਦਿਨ ਛਿਪ ਗਿਆ, ਕੋਈ ਫ਼ੈਦਾ ਨਾ ਹੋਇਆ।

ਰਾਤ ਨੂੰ ਟੋਡੇ ਨੇ ਆਪ ਆਪਣੇ ਇਸ਼ਟ ਦੀ ਬੜੀ ਕਠਨ ਅਰਾਧਨਾ ਕੀਤੀ। ਇਕ ਸੌ ਕੜੀਆਂ ਲੋਹਾ ਗੁੱਛਾ ਬਹੁਤ ਭਾਰਾ ਸੀ, ਆਪਣੇ ਸਿਰ ਵਿਚ ਜੜਨ ਲੱਗ ਪਿਆ। ਲਹੂ ਲੁਹਾਣ ਹੁੰਦਾ ਵੇਖ ਕੇ ਪਿਤਾ ਜੀ ਨੇ ਓਹਦੇ ਹੱਥ ਫੜ ਲਏ। ਤੇ ਕਿਹਾ-ਬੱਸ ਕਰੋ ਭਗਤ ਜੀ! ਤੁਸੀਂ ਤੇ ਸਾਡੇ ਸਿਰੇ ਹੀ ਚੜ੍ਹਨ ਲੱਗੇ ਜੇ।

ਓਹਨੂੰ ਕੋਈ ਅੰਦਰੋਂ ਹੁਕਮ ਹੋਂਦਾ ਸੀ ਤਾਂ ਬਬੂਤੀ ਮਲਦਾ ਸੀ ਤੇ ਮਰੀਜ਼ ਠੀਕ ਹੋ ਜਾਂਦਾ ਸੀ। ਅੱਜ ਉਸਦੀ ਬਹੁਤ ਮੇਹਨਤ ਕਰਨ ਤੇ ਵੀ ਹੁਕਮ ਨਾ ਹੋਇਆ। ਸਾਡੇ ਦਿਲ ਪ੍ਰਚਾਵੇ ਲਈ, ਉਸਨੇ ਬਬੂਤੀ ਭਾ ਤ੍ਰਲੋਕ ਦੇ ਮੱਥੇ ਤੇ ਲਾ ਦਿੱਤੀ ਅਤੇ ਕਿਹਾ, ਯੇਹ ਤੌਂ ਬਚ ਜਾਏਗਾ-ਪਰ ਮੰਨੇ ਮਰਵਾਇਗੋ। ਮਰੀਜ਼ ਠੀਕ ਨਾ ਹੋਣ ਤੇ ਬਹੁਤ ਸ਼ਰਮਸਾਰ ਹੋ ਕੇ ਉਸਨੇ ਇਹ ਲਫ਼ਜ਼ ਆਖੇ। ਅਤੇ ਮੈੜੀ ਤੋਂ ਬਾਹਰ ਹੋ ਜਾਣ ਵਾਸਤੇ ਸਾਨੂੰ ਕਹਿ ਦਿੱਤਾ।

ਪਿਤਾ ਜੀ ਨੇ ਕਿਹਾ-ਭਗਤ ਜੀ! ਤੁਹਾਡਾ ਕੋਈ ਕਸੂਰ ਨਹੀਂ। ਕਸੂਰ ਸਾਡਾ ਹੀ ਹੈ। ਅਸੀਂ ਗੁਰੂ ਵਾਲੇ ਸਾਂ, ਸਾਡੇ ਤੇ ਤੁਹਾਡੇ ਮੰਤਰ ਨਹੀਂ ਸਨ ਚੱਲਣੇ। ਹੁਣ ਤਾਂ ਸਤਿਗੁਰੂ ਪਰਤਾਪ ਸਿੰਘ ਹੈ, ਜੋ ਸਾਡੀ ਰਖਿਆ ਕਰੇ। ਬਹੁਤ ਨਿਰਾਸਚਿੱਤ-ਕਰੀਬ ਬਾਰਾਂ ਵਜੇ ਰਾਤ, ਅਸੀਂ ਕਿਸ਼ਨੇ ਚਾਹੜ-ਭੇਡਾਂਵਾਲੇ ਦੇ ਘਰ ਆ ਗਏ।

ਭਾ. ਤ੍ਰਲੋਕ ਸਿੰਘ ਦੀ ਹਾਲਤ ਇਤਨੀ ਖਰਾਬ ਹੋ ਚੁੱਕੀ ਸੀ ਕਿ ਲੱਤ ਸੁੱਜ ਕੇ ਭੜੋਲੇ ਵਾਂਗ ਹੋ ਗਈ। ਉਸ ਵਿਚੋਂ ਲਹੂ-ਸੀਰਾਂ ਫੁੱਟ ਨਿਕਲੀਆਂ। ਮੂੰਹ ਵਿਚੋਂ ਵੀ ਲਹੂ, ਦਿਲ ਬਹੁਤ ਉਤਾਵਲਾ, ਜਾਨ ਗਈ-ਜਾਨ ਗਈ ਤੇਜ਼ੀ ਨਾਲ ਰੌਲਾ ਪਾਣ ਲੱਗ ਪਿਆ। ਜਾਂਦਾ ਵੇਖ ਪਿਤਾ ਜੀ ਨੇ ਸੋਚਿਆ-ਇਸ ਨੂੰ ਅਟੈਕ ਹੋਇਗਾ। ਫੌਰਨ ਪਾਣੀ ਦੇ ਟੱਬ ਵਿਚ ਬਿਠਾ ਦਿੱਤਾ। ਅਟੈਕ ਹੋਣ ਤੋਂ ਸੰਭਲ ਗਿਆ ਪ੍ਰੰਤੂ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ। ਪਿਤਾ ਜੀ ਕਲਪਨਾ ਵਿਚ ਉਸਦੀ ਰਜ਼ਾ ਸਮਝ-ਔਂਥਰੂ ਵਹਾਂਦਿਆਂ-ਨਾ ਜਾਣੇ ਕਿਵੇਂ ਨੀਂਦ ਆ ਗਈ।

ਮੈਨੂੰ ਯਕੀਨ ਹੋ ਗਿਆ, ਇਹ ਨਹੀਂ ਬਚ ਸਕਦਾ। ਪਿਤਾ ਜੀ ਪਾਸੋਂ ਸਤਿਗੁਰੂ ਪਰਤਾਪ ਸਿੰਘ ਜੀ ਦੀਆਂ ਰਖਿਆ ਕਰਨ ਵਾਲੀਆਂ ਪ੍ਰਤੱਖ ਵਾਰਦਾਤਾਂ ਸੁਣੀਆਂ ਹੋਈਆਂ ਸਨ, ਸੋਚ ਕੇ ਭਜਨ ਕਰਨ ਲੱਗ ਪਿਆ। ਅਤੇ ਇਹ ਪ੍ਰਣ ਕਰ ਲਿਆ-ਜੇ ਇਹ ਨਾਂ ਬਚਿਆ...ਫਿਰਨੀ ਲਗੇ ਖੂਹੀ ਸੀ, ਮੈਂ ਉਸ ਵਿਚ ਛਾਲ ਮਾਰ ਕੇ ਮਰ ਜਾਵਾਂਗਾ।

ਮਨ ਵਿਚ ਖਿਆਲ ਔਣ ਲੱਗਾ ਆਹ-ਕਲ੍ਹ ਨੂੰ ਕੀ ਹੋਣ ਵਾਲਾ ਹੈ। ਸਵੇਰੇ ਦੋ ਲਾਸ਼ਾਂ ਘਰੋਂ ਨਿਕਲਣਗੀਆਂ। ਇਤਨਾ ਸਦਮਾ ਪਿਤਾ ਜੀ ਨੂੰ ਵੇਖਣਾ ਪਏਗਾ?

ਮੈਂ ਫਿਰ ਭਜਨ ਕਰਨ ਵਿਚ ਜੁੱਟ ਗਿਆ। ਮਨ ਵਿਚ ਆਵੇ ਕਿ ਸਮਰੱਥ ਗੁਰੂ ਦੇ ਹੋਂਦਿਆਂ ਵੀ ਇੰਜ ਮੌਤਾਂ ਹੋ ਜਾਣਗੀਆਂ। ਇਹ ਕਦੇ ਨਹੀਂ ਹੋ ਸਕਦਾ। ਮੈਂ ਹੁਣੇ ਪ੍ਰਤੱਖ ਗੁਰੂ ਨੂੰ ਸੱਦ ਕੇ ਛੱਡਾਂਗਾ। ਗੁੱਸੇ ਦੀ ਦਸ਼ਾ ਵਿਚ ਤੇਜ਼ੀ ਨਾਲ ਭਜਨ ਕਰਨ ਲੱਗ ਪਿਆ। ਵਾਸਤਾ ਪਾਇਆ ਹੀ ਸੀ ਕਿ ਉਧਰ ਦੁਖੀਆਂ ਦੇ ਸਹਾਰੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਭੜਥੂ ਪੈ ਗਿਆ। ਮੈਨੂੰ ਲੱਗ ਗਿਆ ਘੋੜੇ ਦੀ ਛਲਾਂਗ ਪਾਣੀ ਵਿਚ ਹੀ ਲਵਾ ਦਿੱਤੀ, ਮੈਂ ਆ ਗਿਆ...ਮੈਂ ਆਗਿਆ ਕਰਦੇ, ਗਹਿਰੇ ਪਾਣੀ ਦਾ ਚਾਰ ਮੀਲ ਪੰਧ ਪਲਾਂ ਵਿਚ ਤੈ ਕਰਦੇ ਮਮੇਰਾਂ ਪਹੁੰਚ ਕੇ ਖੂਹ ਦੇ ਇਰਦ ਗਿਰਦ ਫਿਰਨੀ ਵਿਚ ਤੇਜ਼ੀ ਨਾਲ ਚੱਕਰ ਲਾਣ ਲੱਗੇ।

ਮੇਰਾ ਮਨ ਇਤਨਾ ਦ੍ਰਿੜ ਹੋ ਗਿਆ ਕਿ ਬਾਹਰ ਜੁ ਚੱਕਰ ਲਾ ਰਹੇ ਨੇਂ-ਅੰਦਰ ਕਿਓਂ ਨਹੀਂ ਔਂਦੇ? ਮੈਂ ਅੰਦਰ ਪ੍ਰਤੱਖ ਹੀ ਦਰਸ਼ਨ ਕਰਨੇ ਨੇ। ਫਿਰ ਬਹੁਤ ਤੇਜ਼ੀ ਨਾਲ ਭਜਨ ਕਰਨ ਲੱਗ ਪਿਆ। ਪਰ ਇਸ ਵਿਚ ਅੜਿੱਚਣ ਪੈ ਗਈ।

ਭਾ ਜੀ ਨੇ-ਪਾਣੀ ਪਿਆ-ਪਾਣੀ ਪਿਆ ਦੀ ਰੱਟ ਲਾ ਦਿੱਤੀ। ਕਈ ਚਿਰ ਉਸਦੀ ਗੱਲ ਅਨਸੁਣੀ ਕਰਦਾ ਰਿਹਾ। ਅਖ਼ੀਰ ਆਤੁਰ ਸੁਰ ਵਿਚ ਉਸਨੇ ਕਿਹਾ-ਮਰ ਈ ਜਾਵਾਂਗਾ, ਫਿਰ ਪਾਣੀ ਪਿਆਏਂਗਾ? ਮੈਂ ਪਾਣੀ ਪਿਆਣ ਲੱਗ ਪਿਆ ਤੇ ਓਹ ਅਨੋਖਾ ਸੀਨ ਅਧੂਰਾ ਈ ਰਹਿ ਗਿਆ।

ਸੁਭਾ ਉੱਠ ਕੇ ਅਸੀਂ ਆਪਣੇ ਡੇਰੇ ਆ ਗਏ। ਥੋੜੀ ਦੇਰ ਬਾਦ-ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਘਟਘਟ ਦੇ ਜਾਨਣਹਾਰ ਦੇ ਭੇਜੇ ਹੋਏ ਆ ਪਹੁੰਚੇ।

ਅਚਾਨਕ ਔਣ ਤੇ ਬਹੁਤ ਖੁਸ਼ੀ ਹੋਈ। ਦੀਵੇ 'ਚ ਤੇਲ

ਪੈ ਗਿਆ। ਤ੍ਰਲੋਕ ਸਿੰਘ ਦੀ ਹਾਲਤ ਵੇਖ ਕੇ ਬਾਬਾ ਜੀ ਨੇ, ਗਿੱਦੜਾਂ ਵਾਲੀਏ ਸੁਦਾਗਰ ਹਕੀਮ ਨੂੰ ਇਲਾਜ ਵਾਸਤੇ ਭੇਜਿਆ। ਕੁਝ ਦਿਨਾਂ ਵਿਚ ਭਾ ਜੀ ਬਿਲਕੁਲ ਠੀਕ ਹੋ ਗਏ।

ਪੂਰਨ ਖੁਸ਼ੀ ਉਸ ਵੇਲੇ ਹੋਈ ਜਦੋਂ ਜੀਵਨਨਗਰ ਗਿਆਂ-ਪਿਤਾ ਜੀ ਨੂੰ ਸੰਤ ਰਤਨ ਸਿੰਘ ਲਾਂਗਰੀ ਨੇ ਦੱਸਿਆ, ਉਸਤਾਦ ਜੀ! ਸਤਿਗੁਰੂ ਪਰਤਾਪ ਸਿੰਘ ਜੀ ਨੇ ਇਕ ਰਾਤ ਅਜੀਬ ਗੱਲ ਸੁਣਾਈ। ਮੈਂ ਬੜੇ ਬੇਚੈਨ ਵੇਖ ਅਰਜ਼ ਕੀਤੀ ਪਾਤਸ਼ਾਹ ਜੀ! ਸਰੀਰ ਨੂੰ ਕੋਈ ਤਕਲੀਫ਼ ਹੈ? ਕਹਿਣ ਲੱਗੇ-ਤੇਰੇ ਉਸਤਾਦ ਦਾ ਪੁੱਤਰ ਪ੍ਰੀਤਮ ਬਹੁਤ ਯਾਦ ਕਰਦਾ ਪਿਐ।

ਪਿਤਾ ਜੀ ਪਾਸੋਂ ਇਹ ਬਚਨ ਸੁਣ ਕੇ ਮਨ ਗਦ ਗਦ ਹੋ ਗਿਆ। ਉਸ ਵੇਲੇ ਦਾ ਦ੍ਰਿਸ਼ ਅਕੱਥਨੀਅ ਹੈ। ਮੇਰੀ ਪ੍ਰਤੱਖ ਦਰਸ਼ਨ ਵਾਲੀ ਸੱਧਰ-ਜੋ ਅਧੂਰੀ ਰਹਿ ਗਈ ਸੀ-ਜਾਨਣਹਾਰ ਜੀ ਨੇ-ਓਹ ਪੂਰੀ ਕਰ ਦਿੱਤੀ। ਦਿਲ ਕੀਤਾ-ਮੱਖਣ ਸ਼ਾਹ ਲੁਬਾਣੇ ਵਾਂਗੂੰ-ਰੌਲਾ ਪਾ ਕੇ ਉਪਮਾ ਕਰਾਂ। ਪ੍ਰੰਤੂ ਚੁੱਪ ਚੁੱਪ ਕਹਿ ਕੇ ਚੁੱਪ ਕਰਾ ਦਿੱਤਾ। ਮੇਰੇ ਮੂੰਹ ਤੇ ਐਸਾ ਤਾਲਾ ਲਾਇਆ, ਤਕਰੀਬਨ ਬਵੰਜਾ ਸਾਲ ਤੱਕ ਚੁੱਪ ਰਿਹਾ।

ਹੁਣ ਪਿਛਲੇ ਅੱਸੂ ਦੇ ਮੇਲੇ-ਬੀਬੀ ਜਸਬੀਰ ਕੌਰ ਸ਼ਿਮਲੇ ਵਾਲੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਕੋਈ ਨਿੱਜੀ ਵਾਪਰਿਆ ਕੌਤਕ ਵਰਨਣ ਕਰੋ—ਕਹਿ ਕੇ ਮੇਰੇ ਮੂੰਹ ਦਾ ਤਾਲਾ ਖੋਲ੍ਹਿਆ ਹੈ। ਮੇਰੀ ਕ੍ਰਿਤ ਘਨਤਾ ਸਮਝੋ-ਚਾਹੇ ਮਾਇਆ ਦਾ ਜਾਲ-ਅੰਜਾਣਪੁਣੇ ਕਰਕੇ ਕੰਮ ਵਿਚ ਬਹੁਤ ਬਿਜ਼ੀ ਰਿਹਾਂ।

ਇਸ ਕੌਤਕ ਤੋਂ ਥੋੜ੍ਹੇ ਦਿਨ ਬਾਦ-ਸਤਿਗੁਰੂ ਪਰਤਾਪ ਸਿੰਘ ਜੀ ਮੋਜੂਖੇੜਾ ਨਹਿਰ ਪੁਲ ਤੋਂ ਪਾਰ ਹੋ ਰਹੇ ਵੇਖਿਆ। ਮੈਂ ਭੱਜ ਕੇ ਅਰਜ਼ ਕੀਤੀ ਘਰ ਚੱਲੋ! ਕਹਿਣ ਲੱਗੇ-'ਮੈਂ ਤੇਰੇ ਕੋਲ ਹਾਂ'। ਮਨ ਨੂੰ ਧਰਾਸ ਹੋਇਆ, ਠੀਕ ਹੀ ਹਾਜ਼ਰ ਨਾਜ਼ਰ ਰਹਿੰਦੇ ਸਨ-ਮਨ ਦੀ ਅਵਸਥਾ ਕੁਝ ਐਸੀ ਹੀ ਸੀ।

ਕਰੀਬਨ ੧੯੯੯ ਦੀ ਗੱਲ ਹੈ। ਜ਼ਮੀਨ ਦੇ ਇਕ ਮਸਲੇ ਵਿਚ-ਬੰਦੇ ਮਰਨ ਵਾਲਾ ਮਾਹੌਲ ਬਣ ਗਿਆ। ਸਤਿਗੁਰੂ ਜੀ ਦਾ ਬਚਨ-ਮੈਂ ਤੇਰੇ ਕੋਲ ਹਾਂ, ਨੂੰ ਮੁੱਖ ਰੱਖ ਮਨ ਹੀ ਮਨ ਫਰਿਆਦ ਕੀਤੀ-ਘਬਰਾਇਆ ਨਹੀਂ। ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਮਸਤਾਨਗੜ੍ਹ ਸੱਦ ਲਿਆ। ਕਹਿੰਦੇ-ਤਗੜਾ ਨਿਕਲਿਆ ਹੈਂ, ਘਬਰਾਇਆ ਨਹੀਂ। ਮੈਂ ਅਰਜ਼ ਕੀਤੀ, ਜੀ ਮੈਂ ਪਿੰਡ ਵਿਚ 'ਕੱਲਾ ਹਾਂ, ਉੱਕਾ ਹੀ ਕੋਈ ਚੀਜ਼ ਨਹੀਂ। ਸਤਿਗੁਰੂ ਜੀ ਕਿਹਾ- 'ਤੂੰ ਕੱਲਾ ਕਿਓਂ ਹੈ-ਮੈਂ ਤੇਰੇ ਨਾਲ ਹਾਂ, ਇਹ ਸਤਿਗੁਰੂ ਪਰਤਾਪ ਸਿੰਘ ਜੀ ਵਾਲਾ ਬਚਨ 'ਮੈਂ ਤੇਰੇ ਕੋਲ ਹਾਂ' ਚੇਤੇ ਕਰਾਇਆ।

ਅਸੀਂ ਤੇ ਭੁੱਲੇ ਹੀ ਭੁੱਲੇ ਹਾਂ, ਇਹ ਤਾਂ ਬਖ਼ਸ਼ਿਸ਼ਾਂ ਕਰਦੇ ਰਹਿੰਦੇ ਹਨ। ਜ਼ਮੀਨ ਦੇ ਰੌਲੇ ਦੀ ਕਸ਼ਮਕਸ਼ੀ-ਵਿਚ ਪੈ ਕੇ ਫ਼ੈਸਲਾ ਕਰ ਦਿੱਤਾ। ਦੋਵੇਂ ਧਿਰਾਂ ਸੁਖੀ ਵਸ ਰਹੇ ਨੇ। ਅਸੀਂ ਗੁਨਾਹ ਕਰਦੇ ਥੱਕ ਜਾਂਦੇ ਹਾਂ-ਇਹ ਕਰਮ ਕਰਦੇ ਥੱਕਦੇ ਨਹੀਂ, ਬਖ਼ਸ਼ਿਸ਼ ਹੀ ਰੱਖਣ।

ਸਪੁੱਤਰ ਉਸਤਾਦ ਨੱਥਾ ਸਿੰਘ ਜੀ

ਵੀ. ਪੀ. ਓ ਪਿੰਡ ਮੋਜੂ ਖੇੜਾ

ਸਿਰਸਾ-ਹਰਿਆਣਾ

ਫੋਨ-੦੯੪੧੬੫-੯੬੩੨੯

ਵਿਚਾਰ ਮਾਲਾ

ਧਰਮ ਅਸਲ ਵਿਚ ਇਕ ਹੀ ਲਕਸ਼ ਦੀ ਤਰਫ ਲੈ ਜਾਣ ਵਾਲੇ ਵਖ-ਵਖ ਮਾਰਗ ਹਨ, ਜਦੋਂ ਅਸੀਂ ਇਕ ਹੀ ਲਕਸ਼ ਉੱਤੇ ਪਹੁੰਚਣਾ ਚਾਹੁੰਦੇ ਹਾਂ, ਤਾਂ ਕਿਸੇ ਵੀ ਮਾਰਗ ਰਾਹੀਂ ਜਾਣ ਵਿਚ ਕੀ ਅੰਤਰ ਪੈਂਦਾ ਹੈ।

—ਮਹਾਤਮਾ ਗਾਂਧੀ

ਜੇਕਰ ਮਨੁੱਖ ਧਰਮ ਦੀ ਹਾਜ਼ਰੀ ਵਿਚ ਇੰਨੇ ਦੁਸ਼ਟ ਹਨ, ਤਾਂ ਧਰਮ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੀ ਕੀ ਦਸ਼ਾ ਹੁੰਦੀ ਹੈ।

—ਫਰੈਂਕਲਿਨ

ਵਾਸਤਵਿਕ ਧਰਮ ਇਹ ਹੈ ਕਿ ਜਿਨ੍ਹਾਂ ਗੱਲਾਂ ਨੂੰ ਮਨੁੱਖ ਆਪਣੇ ਲਈ ਔਖਾ ਨਹੀਂ ਸਮਝਦੇ, ਦੂਸਰਿਆਂ ਦੇ ਨਾਲ ਵੀ ਉਹੋ ਜਿਹੀਆਂ ਗੱਲਾਂ ਬਿਲਕੁਲ ਨਾ ਕਰਨ।

—ਮਹਾਂਭਾਰਤ

ਮੌਨ ਸਰਬਉਤਮ ਭਾਸ਼ਣ ਹੈ, ਜੇਕਰ ਬੋਲਣਾ ਹੈ, ਤਾਂ ਘੱਟ ਤੋਂ ਘੱਟ ਬੋਲੋ। ਇਕ ਸ਼ਬਦ ਨਾਲ ਕੰਮ ਚੱਲੇ, ਤਾਂ ਦੋ ਨਹੀਂ।

—ਮਹਾਤਮਾ ਗਾਂਧੀ

ਜੋ ਆਪਣੀ ਜੀਭ ਉੱਤੇ ਕੰਟਰੋਲ ਰੱਖਦਾ ਹੈ, ਉਹ ਜੀਵਨ-ਭਰ ਨਿਯੰਤਰਣ ਰੱਖਦਾ ਹੈ, ਪ੍ਰੰਤੂ ਜਿਸਦਾ ਜੀਭ ਉੱਤੇ ਵਸ ਨਹੀਂ, ਉਹ ਨਾਸ਼ ਨੂੰ ਪ੍ਰਾਪਤ ਹੁੰਦਾ ਹੈ।

—ਬਾਈਬਲ

ਜਿਥੇ ਨਦੀ ਗਹਿਰੀ ਹੁੰਦੀ ਹੈ, ਉਥੇ ਜਲ-ਪ੍ਰਵਾਹ ਅਤਿਅੰਤ ਸ਼ਾਂਤ ਅਤੇ ਗੰਭੀਰ ਹੁੰਦਾ ਹੈ।

—ਸ਼ੇਕਸਪੀਅਰ

ਮੈਨੂੰ ਕਦੇ ਇਸਦਾ ਅਫਸੋਸ ਨਹੀਂ ਹੋਇਆ ਕਿ ਮੈਂ ਮੌਨ ਕਿਉਂ ਰਿਹਾ, ਪ੍ਰੰਤੂ ਇਸਦਾ ਅਫਸੋਸ ਅਨੇਕ ਵਾਰ ਹੋਇਆ ਕਿ ਮੈਂ ਬੋਲ ਕਿਉਂ ਪਿਆ।

—ਸਾਈਰਸ

ਯੁੱਧ ਮਨੁੱਖਤਾ ਦੇ ਲਈ ਸਭ ਤੋਂ ਭਿਆਨਕ ਮਹਾਂਮਾਰੀ ਹੈ, ਇਹ ਧਰਮ ਨੂੰ ਮਿਟਾ ਦਿੰਦਾ ਹੈ, ਰਾਸ਼ਟਰਾਂ ਦਾ ਵਿਨਾਸ਼ ਕਰ ਦਿੰਦਾ ਹੈ ਅਤੇ ਪਰਿਵਾਰਾਂ ਨੂੰ ਤਬਾਹ ਕਰ ਦਿੰਦਾ ਹੈ।

—ਮਾਰਟਨ ਲੂਥਰ

ਚੇਤੇ ਦੀ ਪੈੜ

—ਡਾ. ਗੁਰਪ੍ਰੀਤ ਸਿੰਘ ਸਿੰਧਰਾਂ ਰਾਣੀਆਂ

ਇਨਸਾਨ ਹੀ ਏਸ ਧਰਤੀ ਉਪਰ ਐਸਾ ਜੀਵ ਹੈ ਜਿਸ ਨੂੰ ਇਹ ਸ਼ਰਫ ਪ੍ਰਾਪਤ ਹੋਇਆ ਹੈ ਕਿ ਬੱਚਪਨ ਤੋਂ ਲੈ ਕੇ ਜਵਾਨੀ ਤੀਕ ਅਤੇ ਫਿਰ ਜਵਾਨੀ ਤੋਂ ਅਧੇੜ ਹੁੰਦੇ ਹੋਏ ਬੁੱਢਾਪੇ ਤੀਕ ਪੁਜਦੇ-ਪੁਜਦੇ ਆਪਣੀਆਂ ਪੰਜਾਂ ਗਿਆਨ ਇੰਦ੍ਰੀਆਂ ਰਾਹੀਂ ਜੋ ਵੇਖਦਾ ਸੁਣਦਾ, ਚਖਦਾ, ਸੁੰਘਦਾ ਜਾਂ ਛੋਂਹਦਾ ਹੈ, ਉਹਦਾ ਨਿਚੋੜ ਆਪਣੇ ਦਿਮਾਗ ਦੇ ਵਿਸ਼ੇਸ਼ ਹਿੱਸਿਆ ਵਿਚ ਜਮ੍ਹਾਂ ਕਰਦਾ ਰਹਿੰਦਾ ਹੈ। ਏਸੇ ਜਮ੍ਹਾਂ ਪੂੰਜੀ ਨੂੰ 'ਚੇਤਾ' ਕਿਹਾ ਜਾਂਦਾ ਹੈ। ਇਹ ਚੇਤਾ ਹੀ ਆਦਮੀ ਨੂੰ ਆਪਣੇ ਜੀਵਨ ਨੂੰ ਸੁਖੀ ਜਾਂ ਦੁਖੀ ਬਣਾਉਣ ਦਾ ਕਾਰਨ ਬਣਦਾ ਹੈ। ਪੁਰਾਣੀਆਂ ਅਸਫ਼ਲਤਾਵਾਂ ਨੂੰ ਚੇਤੇ ਰਖਕੇ, ਗਲਤੀ ਨੂੰ ਮੁੜ ਦੁਹਰਾਉਣ ਤੋਂ ਬਚ ਸਕਦੇ ਹਾਂ, ਅਤੇ ਸਫ਼ਲਤਾ ਪ੍ਰਾਪਤੀ ਉਪਰੰਤ ਉਸ ਰਾਹ ਉਪਰ ਆਈਆਂ ਦੁਸ਼ਵਾਰੀਆਂ, ਉਲਝਣਾਂ ਨੂੰ ਭੁੱਲ ਕੇ ਆਦਮੀ ਹੱਥ ਆਈ ਸਫਲਤਾ ਵੀ ਗੁਆ ਸਕਦਾ ਹੈ। ਪਰ ਫਿਰ ਵੀ ਹਰ ਵਿਅਕਤੀ ਦਾ ਚੇਤਾ ਅਲਗ-ਅਲਗ ਹੁੰਦਾ ਹੈ। ਬਹੁਤੇ ਲੋਕ ਤਾਂ ਇਸ ਚੇਤੇ ਨੂੰ ਅਚੇਤ ਰੂਪ ਵਿਚ ਹੀ ਭੁੱਲ ਜਾਂਦੇ ਹਨ। ਕੁਝ ਕੁ ਲੋਕ ਏਸ ਚੇਤੇ ਨੂੰ ਆਪਣੀ ਔਲਾਦ, ਪਰਿਵਾਰ ਤੇ ਖਾਨਦਾਨ ਦੇ ਜੀਆਂ ਨਾਲ ਸਾਂਝੇ ਕਰਦੇ ਰਹਿੰਦੇ ਹਨ। ਇੰਝ ਕਥਾ ਕਹਾਣੀਆਂ ਬਾਤਾਂ ਦਾ ਜਨਮ ਹੋਇਆ, ਅਤੇ ਕੇਵਲ ਨਾਮਾਤਰ ਕੁਝ ਸਿਆਣੇ ਸੂਝਵਾਨ ਇਨਸਾਨ ਹੁੰਦੇ ਹਨ ਜੋ ਆਪਣੇ ਜੀਵਨ ਤਜਰਬੇ ਨੂੰ ਚੇਤਿਆਂ ਦੀ ਪਟਾਰੀ ਵਿਚੋਂ ਬਾਹਰ ਕੱਢ ਕੇ, ਲਿਖਤੀ ਰੂਪ ਦੇ ਕੇ ਵੇਦ, ਉਪਨਿਸ਼ਦ, ਬਾਈਬਲ, ਕੁਰਾਨ, ਗੀਤਾ, ਕਿੱਸੇ, ਕਹਾਣੀਆਂ, ਗ੍ਰੰਥਾਂ, ਕਿਤਾਬਾਂ ਆਦਿ ਰਚ ਕੇ, ਨਾ ਕੇਵਲ ਆਪਣੇ ਨਿੱਜੀ ਖਾਨਦਾਨ ਨੂੰ ਹੀ ਅਮੀਰ ਤੇ ਅਮਰ ਨਹੀਂ ਕਰਦੇ ਹਨ ਬਲਕਿ ਬੇਗਾਨੇ ਅਜਨਬੀਆਂ ਨੂੰ ਪਾਠਕ ਬਣਨ ਲਈ ਸਮੱਗਰੀ ਦੇ ਜਾਂਦੇ ਹਨ।

ਸਾਧੂ ਸਿੰਘ ਕਿਸਾਨ ਨੇ "ਚੇਤੇ ਦੀ ਪੈੜ" ਲਿੱਖਤ ਵਿਚ ਸੰਖੇਪ ਪਰ ਸਲਾਹੁਣਯੋਗ ਸਮੱਗਰੀ ਇੱਕਠੀ ਕਰ ਕੇ, ਇਕ ਹੋਰ ਕਿਰਤ ਪੰਜਾਬੀ ਪਾਠਕਾਂ ਸਨਮੁੱਖ ਪੇਸ਼ ਕੀਤੀ ਹੈ। ਇਸ ਤੋਂ ਪਹਿਲਾਂ ਲੇਖਕ ਨੇ ਆਪਣੇ ਪਿਤਾ ਸੰਤ ਤਰਨ ਸਿੰਘ ਵਹਿਮੀ ਜੀ ਦੀ ਜੀਵਨ ਗਾਥਾ "ਸੱਚ ਦਾ ਸਾਥੀ" ਕਿਤਾਬ ਸਿਰਜੀ ਸੀ।

'ਚੇਤੇ ਦੀ ਪੈੜ' ਪੁਸਤਕ ਨੂੰ ਪੜ੍ਹਦੇ ਹੋਏ ਪਾਠਕ ਨੂੰ ਨਾ ਕੇਵਲ ਕਿਸਾਨ ਦੇ ਨਿੱਜੀ ਜੀਵਨ ਜਾਚ ਤੇ ਤਜਰਬਿਆਂ ਦੀ ਜਾਣਕਾਰੀ ਮਿਲਦੀ ਹੈ ਬਲਕਿ ਉਸ ਦੇ ਗੱਲ ਕਹਿਣ ਦੇ ਢੰਗ, ਨਵੇਕਲੇ ਅੰਦਾਜ਼, ਜੱਟਕੀ ਮੁਹਾਵਰੇਦਾਰ, ਕੁਝਰਾਂ ਵਾਲੇ ਇਲਾਕੇ ਦੀ ਲੋਕ ਬੋਲੀ ਤੇ ਭਾਸ਼ਾ ਦਾ ਪ੍ਰਯੋਗ-ਲਿਖਤ ਨੂੰ ਰੋਚਕ ਤੇ ਸੁਵਾਦਲੀ ਰਵਾਨਗੀ ਪ੍ਰਦਾਨ ਕਰਦਾ ਹੈ। 'ਕਿਸਾਨ' ਵਲੋਂ ਸਿਰਜੇ ਗਏ ਪਾਤਰ ਜਿਵੇਂ ਮਹਾਂ ਮਾਨਵ, ਲਹਿਣੇਦਾਰ, ਦਾਦੀ ਜੀ, ਬਾਪੂ ਜੀ, ਜਨਕ ਨੰਦਨੀ, ਗਿਆਨ ਦਾ ਸੂਰਜ, ਮਾਸਟਰ ਜੀ, ਯਾਰ ਬੇਲੀ ਬਸ਼ੀਰ ਤੇ ਨਜ਼ੀਰ, ਭਾਬੀ 'ਆਇਸ਼ਾ' ਵਿਰੋਧੀ ਤੇ ਧਿਰਾਂ ਵਾਲੇ, ਸਜਨ ਮੀਤ ਪਿਆਰੇ, ਹਮਸਫ਼ਰ, ਗਾਲੜੀ ਤੇ ਸਾਧਕ ਕਰਮਯੋਗੀ, ਗੁਰੂ ਤੇ ਚੇਲੇ ਆਦਿ ਕਿਸੇ ਨਾ ਕਿਸੇ ਰੂਪ ਵਿੱਚ ਹਰ ਇਨਸਾਨ ਦੀ ਜ਼ਿੰਦਗੀ ਵਿਚ ਆਉਂਦੇ ਹਨ, ਨਾਲ ਨਿਭਦੇ ਹਨ ਅਤੇ ਫਿਰ ਆਪੋ ਆਪਣਾ ਕਿਰਦਾਰ ਵਿਖਾਕੇ ਤੁਰ ਜਾਂਦੇ ਹਨ। ਬਸ ਫਰਕ ਏਨਾਂ ਹੈ ਕਿ ਬਹੁਤੇ ਲੋਕ ਏਨ੍ਹਾਂ ਪਾਤਰਾਂ ਨੂੰ ਭੁਲ ਜਾਂਦੇ ਹਨ ਅਤੇ ਕੁਝ ਕੁ ਦੇ ਚੇਤਿਆਂ ਵਿਚ ਇਹ ਪਾਤਰ ਹਮੇਸ਼ਾ ਹੀ ਜਿਉਂਦੇ ਰਹਿੰਦੇ ਹਨ ਟੁੰਬਦੇ ਰਹਿੰਦੇ ਨੇ। ਕਦੇ ਚੜ੍ਹਦੀ ਕਲਾ ਵਿਚ ਲੈ ਜਾਂਦੇ ਹਨ ਅਤੇ ਕਦੇ ਧੁਰ ਉਦਾਸੀ ਵਿਚ ਸੁੱਟ ਦੇਂਦੇ ਹਨ।

ਇਨਸਾਨੀ ਫਿਤਰਤ ਵੀ ਕੈਸੀ ਗੁੰਝਲਦਾਰ ਪ੍ਰਕਿਰਿਆ ਹੈ ਕਿ ਅਸੀਂ ਭਾਵੇਂ ਅਨੇਕਾਂ ਨਵੇਂ-ਨਵੇਂ ਯਾਰ, ਮਿੱਤਰ, ਸੰਗੀ-ਸਾਥੀ ਬਣਾ ਲਈਏ ਪਰ ਬਚਪਨ ਅਤੇ ਚੜ੍ਹਦੀ ਜਵਾਨੀ ਅੰਦਰ ਹੰਢਾਏ ਰਿਸ਼ਤੇ ਉਮਰ ਭਰ ਨਹੀਂ ਭੁਲਦੇ। ਦੇਸ਼-ਦੇਸ਼ਾਂਤਰ ਘੁੰਮਦੇ ਹੋਏ ਵੀ ਜੰਮਣ ਭੋਂਅ, ਘਰ, ਵੇਹੜਾ ਅਤੇ ਰਾਹਾਂ ਤੇ ਗਲੀਆਂ ਨੂੰ ਮੁੜ-ਮੁੜ ਚੇਤੇ ਕਰੀਦਾ ਹੈ। ਇਹ 'ਚੇਤੇ ਦੀ ਪੈੜ' ਹੀ ਐਸੀ ਤਾਂਘ ਤੇ ਤੜਪ ਪੈਦਾ ਕਰਦੀ ਹੈ ਕਿ ੭੫ ਬਸੰਤ ਬਹਾਰਾਂ ਮਾਣ ਕੇ ਵੀ 'ਕਿਸਾਨ' ਹੱਦਾਂ, ਸਰਹੱਦਾਂ ਦੀਆਂ ਲੀਕਾਂ ਟੱਪਦਾ ਹੋਇਆ ਆਪਣੇ ਪਿੰਡ ਹਿੰਦੂ ਚੱਕ ਦਾ ਹੱਜ ਕਰਦਾ ਹੈ।

"ਕੋਈ ਕੁਝਰਾਂ ਵਾਲਿਓਂ ਵੀ ਆਇਆ ਐ ? " (ਸਫ਼ਾ ੬੪) ਅੰਦਰਲੇ ਦੱਸ ਅੱਖਰਾਂ ਅਤੇ ਗਿਆਰਾਂ ਲਗਾਂ ਮਾਤਰਾਂ ਵਾਲਾ ਇਕੋ ਸਵਾਲ, ਇਕ ਹਾੜ੍ਹਾ, ਇਕ ਹੂਕ ਤਾਂ ਬਹੁਤ ਮਨਾਂ ਵਿਚ ਹੁੰਦੀ ਹੈ, ਪਰ ਪਰਗਟ ਕੋਈ-ਕੋਈ ਹੀ ਕਰਦਾ ਹੈ। 'ਮਿਲ ਮੇਰੇ ਪ੍ਰੀਤਮਾ ਜੀਓ ਤੁਧ ਬਿਨ ਖਰੀ ਨਿਮਾਣੀ" ਦਾ ਗੁਰਵਾਕ ਵਿਚਾਰਣ ਉਚਾਰਣ ਬਾਅਦ ਹੀ ਅਤੇ ਬ੍ਰਿਹਾ ਵਿਛੋੜੇ ਦੀ ਪੀੜ ਹੰਢਾਉਣ ਬਾਅਦ ਹੀ ਬੜੀ ਮੁਸ਼ਕਲ ਨਾਲ 'ਜ਼ਾਹਿਦ ਮੁਮਤਾਜ਼' ਜਹੇ ਰਹਿਬਰ ਮਿਲਦੇ ਹਨ, ਜੋ ਕਿਸੇ ਨੂੰ ਨਜ਼ੀਰ-ਬਸ਼ੀਰ ਰਹਿਮਤ, ਦਾਰੋ ਅਤੇ ਆਇਸ਼ਾ ਨੂੰ ਮਿਲਾਉਣ ਦਾ ਸਾਧਨ ਬਣਦੇ ਹਨ। ਭਾਵੇਂ ਮੇਲ ਹੋਵੇ ਜਾਂ ਨਾ ਹੋਵੇ।

ਇਸ ਕਿਤਾਬ ਅੰਦਰ ਆਏ ਪਾਤਰਾਂ ਦੇ ਮਿਲਣ, ਵਾਰਤਾ

ਲਾਪ ਤੇ ਚੌਗਿਰਦੇ ਦਾ ਵਰਣਨ ਕਰਨ ਲਗੇ ਕਿਸਾਨ ਜੀ ਨੇ ਫਿਲਮੀ ਜਗਤ ਦੇ ਪੱਟ-ਕਥਾ ਲੇਖਕਾਂ ਨੂੰ ਮਾਤ ਪਾਈ ਹੈ। ਜਿਵੇਂ ਕਿ ਮਾਸਟਰ ਅਮਰੀਕ ਸਿੰਘ ਜੀ ਕਿਸਾਨ ਨਾਲ ਜਦੋਂ ਪਾਕਿਸਤਾਨ ਗਏ ਤਾਂ ਆਪਣੇ ਪੁਰਾਣੇ ਤੇ ਪਹਿਲੇ ਸਕੂਲ ਦੀਆਂ ਦਰੋ ਦੀਵਾਰਾਂ ਨੂੰ ਮਾਸਟਰ ਜੀ ਵਲੋਂ ਚੁੰਮਣਾ, ਪਲੋਸਣਾ, ਸੁਭਕਨਾ, ਤ੍ਰਿੱਪਤ ਹੋ ਜਾਣਾ ਤੇ ਫੇਰ ਕੁਝ ਨਾ ਬੋਲ ਸਕਣ ਦਾ ਨਜ਼ਾਰਾ (ਸਫ਼ਾ ੭੫) ਕਿਸੇ ਕਿਸੇ ਨੂੰ ਵੇਖਣਾ ਨਸੀਬ ਹੁੰਦਾ ਹੈ ਅਤੇ ਕੋਈ ਹੀ ਏਸ ਨੂੰ 'ਬਾਤਾਂ ਪਾਉਂਦੇ ਹੋਏ' ਆਪਣੇ ਪਾਠਕਾਂ ਨੂੰ ਦਸਦਾ ਹੈ।

ਕਿਸਾਨ ਜੀ ਨੇ ਜਦੋਂ ਕੁਝ ਵਿਸ਼ੇਸ਼ ਪੂਜਣਯੋਗ ਹਸਤੀਆਂ ਅਤੇ ਜਾਂ ਫਿਰ ਕੁਝ ਸਧਾਰਨ ਪਰ ਨਿੱਜੀ ਯਾਰਾਂ ਮਿੱਤਰਾਂ ਦੇ ਸਰੀਰਕ ਚਿਤ੍ਰਣ ਕਰਨ ਲਗੇ ਨਵੇਂ ਬਿੰਬ ਦੇ ਕੇ ਰਚਨਾ ਨੂੰ ਰੋਚਕ ਭਰਪੂਰ ਬਣਾਇਆ ਹੈ ਜਿਵੇਂ ਕਿ "ਚੜ੍ਹਦੀ ਜਵਾਨੀ, ੬ ਫੁੱਟ ਤੋਂ ਉਚਾ ਕੱਦ, ਕੱਸਿਆ ਭਰਵਾਂ ਸਰੀਰ, ਕਸ਼ਮੀਰੀ ਸਿਉ ਵਰਗਾ ਲਾਲ ਗੋਰਾ ਰੰਗ, ਤਾਜ਼ਾ ਖਿੜੇ ਗੁਲਾਬ ਜੈਸਾ ਮੁਖ ਮੰਡਲ, ਵਿਸ਼ਾਲ ਮਸਤਕ, ਭੂਰੇ ਨੇਤਰ, ਸੱਸੀ ਕੱਕੀ ਦਾਹੜੀ, ਸੁਤੇ ਸਿੱਧ ਸੰਭਾਲੇ ਮੁਛੈਹਰੇ ਲੰਮੀ ਗਰਦਨ, ਲੋਕਾਈ ਦੇ ਮੋਹ ਨਾਲ ਭਰੀ ਚੌੜੀ ਛਾਤੀ (ਮਾਂਹ ਮਾਨਵ ਗੁਰੂ ਨਾਨਕ ਬਾਰੇ)

ਇੰਜ ਹੀ ਸਫ਼ਾ ੧੭ ਉਪਰ ਇਕ ਨਵੇਕਲੇ ਅੰਦਾਜ਼ ਵਿਚ ਇਕ ਹੋਰ ਜਾਣ-ਪਛਾਣ ਕਰਵਾਉਣੀ, ਪੰਜ ਪੋਤੀਆਂ, ਚਾਰ ਪੋਤਿਆਂ, ਅਨੇਕਾਂ ਪੜੋਤੇ-ਪੜੋਤੀਆਂ ਵਾਲੇ, ੧੮ ਸਾਲ ਕੁਆਰ, ੨੬ ਸਾਲ ਸੁਹਾਗ ੫੮ ਸਾਲ ਬਿਹਾਗ ਹੰਢਾਣ ਵਾਲੇ ਸਾਡੇ ਦਾਦੀ ਜੀ।

ਹੋਰ ਸੁਣੋ ਬਿਨਾਂ ਨਾਂ ਲਿਖੇ ੧੭-੧੮ ਦੋਸਤਾਂ (ਸਫ਼ਾ-੧੦੬) ਦੀ ਤਸਵੀਰ ਖਿੱਚ ਦੇਣਾ ਕਿਸਾਨ ਜੀ ਦੀ ਕਲਮ ਦੀ ਵਿਦਵਤਾ ਦਾ ਉੱਤਮ ਨਮੂਨਾ ਹੈ।

ਇਸ ਕਿਤਾਬ ਅੰਦਰ ੩੦ ਸਿਰਲੇਖਾਂ ਅਧੀਨ ਪੰਜਾਬੀ, ਫਾਰਸੀ, ਉਰਦੂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ, ਲਿਖਤਾਂ ਨੂੰ ਰਵਾਨਗੀ ਪ੍ਰਦਾਨ ਕਰਦੀ ਹੈ। ਨਵੀਂ ਪੀੜ੍ਹੀ ਦੇ 'ਡਿਗਰੀ ਧਾਰਕ ਪੜ੍ਹਾਕੂਆਂ' ਨੂੰ ਭੁਲ ਵਿਸਰ ਰਹੇ ਮਾਂ ਬੋਲੀ ਦੇ ਅਨੇਕਾਂ ਸ਼ਬਦਾਂ ਨਾਲ ਮੁੜ ਜਾਣ ਪਹਿਚਾਣ ਕਰਵਾਉਣੀ ਅਤੇ ਉਨ੍ਹਾਂ ਸ਼ਬਦਾਂ ਦੇ ਅਗਲੇ ਅਤੇ ਪਿਛਲੇ ਬਰਤਾਂਤ ਬਿਨਾਂ ਕਿਸੇ ਉਸਤਾਦ ਦੇ ਵੀ ਅਰਥ ਸਮਝਾ ਜਾਣ ਦੀ ਤਾਕਤ ਰੱਖਦੇ ਹਨ। ਇਹੋ ਹੀ ਕਿਸਾਨ ਦੀ ਲੇਖਣੀ ਦਾ ਕਮਾਲ ਹੈ।

ਸਾਧੂ ਸਿੰਘ ਕਿਸਾਨ ਭਾਵੇਂ ਆਪਣੇ ਸਤਿਗੁਰੂ ਦਾ ਸੱਚਾ ਉਪਾਸ਼ਕ ਅਤੇ ਅਨੁਯਾਈ ਹੈ, ਸ਼ਰਧਾ ਭਾਵ ਅਤੇ ਸ਼ੁਕਰਾਨਾ ਭਰਪੂਰ ਸ਼ਬਦਾਵਲੀ ਇਹ ਦਸਦੀ ਹੈ ਕਿ ਲੇਖਕ ਪੂਰੀ ਤਰ੍ਹਾਂ ਆਸਤਕ ਹੈ ਪਰ ਫਿਰ ਵੀ ਬੁੱਧੀ ਹਰ ਵੇਲੇ ਤਰਕ ਨਾਲ ਕੰਮ ਕਰਦੀ ਹੈ ਭਾਵ ਇਹ ਹੈ ਕਿ ਤਰਕਵਾਦੀ ਹੋਣਾ ਕੇਵਲ ਨਾਸਤਿਕਤਾ ਮੰਨਣ ਵਾਲਿਆਂ ਦੀ ਜ਼ਰ ਖਰੀਦ ਨਹੀਂ।

ਇਤਿਹਾਸਕ ਘਟਨਾਵਾਂ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਵਲੋਂ ਚੂਹੜਕਾਣੇ ਦੀ ਮੰਡੀ "ਸੱਚਾ ਸੌਦਾ" ਵਿਹਾਜਣਾ, ਗੁਰੂ ਅਰਜਨ ਦੇਵ ਦੀ ਸ਼ਹਾਦਤ, ਦੇਸ਼ ਦਾ ਬਟਵਾਰਾ, ਪੰਜਾਬ ਹਰਿਆਣੇ ਦੇ ਪਾਣੀ ਦੇ ਮਸਲੇ ਆਦਿ ਵਰਤਾਰਿਆਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਣਾ ਨਵੇਂ ਅਰਥ ਭਰਪੂਰ ਸਵਾਲ ਤੇ ਜੁਆਬ ਦਿਤੇ ਹਨ।

"ਚੇਤੇ ਦੀ ਪੈੜ" ਭਾਵੇਂ ਕਿ ਕੇਵਲ ੧੩੦ ਛਪੇ ਪੰਨਿਆਂ ਦੀ ਕ੍ਰਿਤ ਹੈ ਪਰ ਨਿੱਕੇ ਜਹੇ ਕੁੱਜੇ ਵਿਚ ਸਾਗਰ ਭਰਨ ਦਾ ਯਤਨ ਕੀਤਾ ਗਿਆ ਹੈ। 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ' ਨੂੰ, ਨਾ ਮੰਨਦੇ ਹੋਏ ਕਿਸਾਨ ਜੀ ਨੇ ਆਪਣੇ ਸੰਪਰਕ ਵਿਚ ਆਏ ਅਨੇਕਾਂ ਵਿਅਕਤੀਆਂ ਦੇ ਵਿਅਕਤੀਤਵ ਨੂੰ ਸਮਝ ਕੇ ਸੰਖੇਪ ਰੂਪ ਵਿਚ ਥੋੜ੍ਹੇ ਸ਼ਬਦਾਂ ਰਾਹੀਂ ਲਿਖਣ ਤੇ ਇਹ ਵੀ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਮਨ ਸਮੁੰਦਰ ਦੇ ਪਾਣੀਆਂ ਵਿਚ ਡੁੱਬਕੀ ਲਾਉਣਾ ਵੀ ਜਾਣਦਾ ਹੈ।

ਇਸ ਕਿਤਾਬ ਨੂੰ ਪੰਜਾਬੀ ਸਾਹਿਤ ਦੀ ਕਿਸੇ ਵੰਨਗੀ ਵਿਚ ਰੱਖਣਾ ਕਠਿਨ ਹੈ। ਇਹ ਵਾਰਤਕ ਹੁੰਦੇ ਹੋਏ ਵੀ ਕਾਵਿ ਸੱਤਰਾਂ, ਕਾਵਿਕ ਮੁਹਾਵਰਿਆਂ ਵਾਲੀ ਖੁੱਲੀ ਕਵਿਤਾ' ਦਾ ਵਿਸਤਰਤ ਰੂਪ ਵੀ ਹੈ। ਨਿੱਕੀਆਂ ਨਿੱਕੀਆਂ ਕਹਾਣੀਆਂ ਅਤੇ ਬਾਤਾਂ ਨਾਲ ਭਰਪੂਰ ਹੈ ਪਰ ਕਹਾਣੀ ਸੰਗ੍ਰਹਿ ਵੀ ਹੈ। ਦ੍ਰਿਸ਼ ਪਾਤਰਾਂ, ਵਾਰਤਾਲਾਪ, ਸੰਵਾਦ ਬੋਲਦੇ ਕਿਰਦਾਰਾਂ ਦੀ ਪਟਕਥਾ ਹੁੰਦੇ ਹੋਏ ਵੀ ਇਸ ਨੂੰ ਨਾਵਲ ਨਹੀਂ ਕਿਹਾ ਜਾ ਸਕਦਾ। ਹਾਂ ਜੇ ਸਭ ਤੋਂ ਵੱਧ ਢੁਕਵੀਂ ਵੰਨਗੀ ਵਿਚ ਰਖਣਾ ਹੋਵੇ ਤਾਂ ਉਹ ਹੈ "ਸਫ਼ਰਨਾਮਾ"— ਜਿਸ ਅੰਦਰ ਕਿਸਾਨ ਜੀ ਨੇ ਜੀਵਨ ਸਫ਼ਰਨਾਮੇ ਦਾ ਹਾਲ-ਹਵਾਲ ਲਿਖਿਆ ਹੈ ਜਿਸ ਵਿਚ ਚੌਹ ਤਰਫ਼ਾ ਦ੍ਰਿਸ਼ਾਂ ਦਾ ਵਰਣਨ ਹੈ। ਅਲੋਚਨਾਂ ਦੀ ਟੀਕਾ ਟਿੱਪਣੀਆਂ ਤੇ ਵਿਸ਼ਲੇਸ਼ਣ ਭਰਪੂਰ ਸਮਗਰੀ ਹੁੰਦੇ ਹੋਏ ਵੀ ਇਹ ਨਿਰੋਲ 'ਅਲੋਚਨਾਤਮਿਕ ਸਾਹਿਤ' ਨਹੀਂ। ਕਿਸਾਨ ਜੀ ਦੀ ਇਹ ਭਾਵੇਂ ਦੂਜੀ ਲਿਖਤ ਹੈ ਪਰ ਲਗਦਾ ਨਹੀਂ ਕਿਸੇ ਅਨਾੜੀ ਨੇ ਕਲਮ ਚਲਾਈ ਹੋਵੇ। ਇਥੇ ਮੈਨੂੰ ਰੂਸੀ ਅਵਾਰ ਲੇਖਕ ਰਸੂਲ ਹਮਜ਼ਾਤੋਵ ਦੀ ਕਿਤਾਬ "ਮੇਰਾ ਦਾਗਿਸਤਾਨ" ਵਿਚੋਂ ਕੁਝ ਸਤਰਾਂ ਚੇਤੇ ਆ ਗਈਆਂ ਹਨ ਕਿ "ਬੰਦੇ ਨੂੰ ਬੋਲਣਾ ਸਿਖਣ ਲਈ ੨ ਸਾਲ ਦਾ ਸਮਾਂ ਲਗਦਾ ਹੈ ਪਰ ਉਸ ਨੂੰ ਜ਼ੁਬਾਨ ਸੰਭਾਲਣੀ ਸਿਖਣ ਲਈ ੬੦ ਸਾਲ ਲਗ ਜਾਂਦੇ ਹਨ। "ਇੰਝ ਸਾਧੂ ਸਿੰਘ ਕਿਸਾਨ ਨੇ ਆਪਣੇ ਬਚਪਣ ਦੇ ਸਿੱਖੇ, ਲਹਿੰਦੇ ਪੰਜਾਬ ਦੀ ਧਰਤੀ ਦੀਆਂ ਯਾਦਾਂ ਨੂੰ ਚੜ੍ਹਦੇ ਪੰਜਾਬ ਦੀ ਧਰਤੀ ਉਪਰ ੬੦ ਸਾਲ ਤੀਕ ਆਪਣੀ ਅਲਫ਼ਾਜ਼ੀ ਨੂੰ ਸ਼ਿੰਗਾਰਿਆ, ਸੰਵਾਰਿਆ ਅਤੇ ਹੁਣ "ਚੇਤੇ ਦੀ ਪੈੜ" ਰਾਹੀਂ ਪ੍ਰਗਟ ਕਰ ਆਪਣੀ ਪ੍ਰਪਕਤਾ ਨੂੰ ਦਰਸਾਇਆ ਹੈ।

ਗੁਰਦੀਸ਼ ਕੌਰ ਗਰੇਵਾਲ ਦਾ ਪਲੇਠਾ ਕਾਵਿ-ਸੰਗ੍ਰਹਿ 'ਹਰਫ਼ ਯਾਦਾਂ ਦੇ' ਲੋਕ ਅਰਪਣ

ਪੰਜਾਬੀ ਗ਼ਜ਼ਲ ਮੰਚ ਪੰਜਾਬ (ਰਜਿ.) ਵਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਗੁਰਦੀਸ਼ ਕੌਰ ਗਰੇਵਾਲ ਦਾ ਪਲੇਠਾ ਕਾਵਿ-ਸੰਗ੍ਰਹਿ 'ਹਰਫ਼ ਯਾਦਾਂ ਦੇ' ਪੰਜਾਬੀ ਭਵਨ ਲੁਧਿਆਣਾ ਵਿਖੇ ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਗਿੱਲ, ਪ੍ਰੋ. ਰਵਿੰਦਰ ਭੱਠਲ, ਗ਼ਜ਼ਲ ਮੰਚ ਦੇ ਪ੍ਰਧਾਨ ਸਰਦਾਰ ਪੰਛੀ, ਸ. ਗੁਰਦਿੱਤ ਸਿੰਘ ਕੰਗ ਅਤੇ ਸ਼੍ਰੀਮਤੀ ਮਮਤਾ ਆਸ਼ੂ ਕੌਂਸਲਰ ਸੁਸ਼ੋਭਤ ਹੋਏ।

ਸ੍ਰੀਮਤੀ ਅਮਰਜੀਤ ਕੌਰ ਨੂਰੀ ਨੇ ਇਸ ਪੁਸਤਕ ਵਿਚੋਂ 'ਕੁੱਖ ਦੇ ਵਿਚ ਨਾ ਮਾਰ ਅੰਮੜੀਏ' ਗੀਤ ਗਾ ਕੇ ਪ੍ਰੋਗਰਾਮ ਦੀ ਅਰੰਭਤਾ ਕੀਤੀ। ਪ੍ਰੋ. ਮਹਿੰਦਰਦੀਪ ਗਰੇਵਾਲ ਨੇ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕਵਿਤ੍ਰੀ ਨੇ ਇਸ ਕਾਵਿ-ਸੰਗ੍ਰਹਿ ਰਾਹੀਂ ਨਾਰੀ ਸੰਵੇਦਨਾ ਅਤੇ ਸਮਾਜਿਕ ਸਰੋਕਾਰਾਂ ਦੀ ਸਾਰਥਿਕ ਤਰਜਮਾਨੀ ਕੀਤੀ ਹੈ। ਸ. ਜੋਗਿੰਦਰ ਸਿੰਘ ਕੰਗ ਨੇ ਕਿਹਾ ਕਿ ਇਸ ਕਾਵਿ-ਸੰਗ੍ਰਹਿ ਰਾਹੀਂ ਸ਼ਾਇਰਾ ਨੇ ਨਜ਼ਮ, ਗਜ਼ਲ ਤੇ ਗੀਤ ਤਿੰਨਾਂ ਹੀ ਕਾਵਿ ਰੂਪਾਂ ਨੂੰ ਬਾਖ਼ੂਬੀ ਰੂਪਾਂਤਰਿਤ ਕੀਤਾ ਹੈ ਅਤੇ ਉਹਨਾਂ ਇਹ ਵੀ ਕਿਹਾ ਕਿ ਇਸ ਵਿਚੋਂ ਸ਼ਾਇਰਾ ਦਾ ਵਿਸ਼ਾਲ ਗਿਆਨ, ਡੂੰਘਾ ਅਨੁਭਵ ਅਤੇ ਯਥਾਰਥ ਦਾ ਸੁਹਿਰਦ ਪ੍ਰਗਟਾਵਾ ਦ੍ਰਿਸ਼ਟੀਗੋਚਰ ਹੁੰਦਾ ਹੈ। ਪ੍ਰਿੰ. ਪ੍ਰੇਮ ਸਿੰਘ ਬਜਾਜ ਨੇ ਇਸ ਕਾਵਿ-ਸੰਗ੍ਰਹਿ ਦੀਆਂ ਰਚਨਾਵਾਂ ਵਿਚਲੇ ਰਾਜਨੀਤਕ ਵਿਅੰਗ ਦੀ ਸ਼ਲਾਘਾ ਕੀਤੀ। ਸਿਰਜਣਧਾਰਾ ਦੇ ਪ੍ਰਧਾਨ ਸ. ਕਰਮਜੀਤ ਸਿੰਘ ਔਜਲਾ ਨੇ ਕਿਹਾ ਕਿ ਇਸ ਕਾਵਿ-ਪੁਸਤਕ ਦੀਆਂ ਸਰਲ ਤੇ ਮਾਨਵੀ ਸਰੋਕਾਰਾਂ ਵਾਲੀਆਂ ਰਚਨਾਵਾਂ ਜੀਵਨ ਦੇ ਰਾਹਾਂ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ।

'ਸਰਬਰੋਗ ਕਾ ਅਉਖਦੁ ਨਾਮੁ ਮਿਸ਼ਨ' ਦੇ ਸਰਗਰਮ ਮੈਂਬਰ ਮਾਸਟਰ ਤ੍ਰਲੋਚਨ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਜਿਥੇ ਵੱਖ-ਵੱਖ ਵਿਸ਼ਿਆਂ ਦਾ ਪ੍ਰਗਟਾਅ ਹੈ ਉਥੇ ਇਸ ਵਿਚੋਂ ਮੌਲਿਕਤਾ ਤੇ ਨਵੀਨਤਾ ਦੀ ਝਲਕ ਵੀ ਦਿਖਾਈ ਦਿੰਦੀ ਹੈ। ਐਡਵੋਕੇਟ ਕ੍ਰਿਪਾਲ ਸਿੰਘ ਕਾਲੜਾ ਨੇ ਕਾਵਿ-ਸੰਗ੍ਰਹਿ ਵਿਚੋਂ ਉਦਾਹਰਣਾਂ ਦੇ ਕੇ ਸਿੱਧ ਕੀਤਾ ਕਿ ਇਹ ਕਾਵਿ-ਰਚਨਾ ਵਰਤਮਾਨ ਸਮਾਜ ਦਾ ਪ੍ਰਤਬਿੰਬ ਹੈ ਅਤੇ ਇਹ ਸ਼ਾਇਰਾ ਦੀ ਸਫਲ ਕਲਾ-ਕ੍ਰਿਤ ਹੈ। ਪ੍ਰੋ. ਬਲਵਿੰਦਰਪਾਲ ਸਿੰਘ ਨੇ ਕਿਹਾ ਕਿ ਸ਼ਾਇਰਾ ਨੇ ਇਸ ਵਿਚ ਵਿਭਿੰਨ ਵਿਸ਼ਿਆਂ ਨੂੰ ਰੂਪਮਾਨ ਕਰਕੇ ਮਾਂ-ਬੋਲੀ ਦੀ ਮਹਾਨ ਸੇਵਾ ਕੀਤੀ ਹੈ।

ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਗੁਰਭਜਨ ਗਿੱਲ ਨੇ ਕਿਹਾ ਕਿ ਸ਼ਾਇਰਾ ਗਰੇਵਾਲ ਇਸ ਵਿਚ ਇਕ ਨਰੋਏ, ਖੁਸ਼ਹਾਲ ਅਤੇ ਸੇਹਤਮੰਦ ਸਮਾਜ ਦਾ ਸੁਪਨਾ ਸਿਰਜਦੀ ਹੈ ਅਤੇ ਇਹ ਪੁਸਤਕ ਹਰੇਕ ਲਾਇਬ੍ਰੇਰੀ ਦਾ ਸ਼ਿੰਗਾਰ ਬਨਣ ਦੇ ਯੋਗ ਹੈ। ਪ੍ਰੋ. ਰਵਿੰਦਰ ਭੱਠਲ ਨੇ ਕਿਹਾ ਕਿ ਸ਼ਾਇਰਾ ਕੇਵਲ ਸਮਾਜਿਕ ਬੁਰਾਈਆਂ ਵਲ ਸੰਕੇਤ ਹੀ ਨਹੀਂ ਕਰਦੀ ਸਗੋਂ ਸੁਚੇਤ ਵੀ ਕਰਦੀ ਹੈ। ਸਰਦਾਰ ਪੰਛੀ ਨੇ ਵੀ ਇਸ ਪਲੇਠੇ ਤੇ ਵਿਲੱਖਣ ਕਾਵਿ-ਸੰਗ੍ਰਹਿ ਦੀ ਸ਼ਾਇਰਾ ਨੂੰ ਵਧਾਈ ਦਿੱਤੀ। ਸ਼੍ਰੀਮਤੀ ਮਮਤਾ ਆਸ਼ੂ ਕੌਂਸਲਰ ਨੇ ਇਸ ਮੌਕੇ ਕਵਿਤ੍ਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ 'ਹਰਫ਼ ਯਾਦਾਂ ਦੇ' ਕੇਵਲ ਕਾਗਜ਼ ਤੇ ਹੀ ਨਹੀਂ ਸਗੋਂ ਅਸਮਾਨ ਦੀ ਹਿੱਕ ਤੇ ਉੱਕਰੇ ਹਰਫ਼ ਹਨ ਜੋ ਸਮਾਜ ਨੂੰ ਬੁਲੰਦੀਆਂ ਤੇ ਲਿਜਾਣ ਦੇ ਸਮਰੱਥ ਹਨ।

ਇਸ ਮੌਕੇ ਸ਼੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਨੇ ਵੀ ਆਪਣੀਆਂ ਤਿੰਨ ਚੋਣਵੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਹਨਾਂ ਦੀ ਬੇਟੀ ਪ੍ਰੋ. ਕਿਰਨਜੋਤ ਨੇ ਆਪਣੇ ਵੱਡੇ ਵੀਰ ਡਾ. ਸੱਤਪ੍ਰੀਤ ਸਿੰਘ ਗਰੇਵਾਲ ਵਲੋਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਮਾਂ-ਬੋਲੀ ਦੀ ਗੁੜ੍ਹਤੀ ਹੇਠ ਪੈਦਾ ਹੋਈਆਂ ਇਹ ਰਚਨਾਵਾਂ ਜਿਸ ਵੀ ਵਿਹੜੇ ਵਿਚ ਆਪਣੇ ਕਦਮ ਧਰਨਗੀਆਂ ਉਸ ਨੂੰ ਆਪਣੇ ਹਰਫ਼ਾਂ ਦੇ ਜੁਗਨੂੰਆਂ ਨਾਲ ਰੁਸ਼ਨਾ ਦੇਣਗੀਆਂ। ਤ੍ਰੈਲੋਚਨ ਲੋਚੀ ਨੇ ਵੀ ਆਪਣੀ ਸੁਰੀਲੀ ਆਵਾਜ਼ ਵਿਚ ਕਾਵਿ-ਸੰਗ੍ਰਹਿ ਦੀ ਇਕ ਗਜ਼ਲ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਦਲਵੀਰ ਲੁਧਿਆਣਵੀ ਨੇ ਵੀ ਇਸ ਪੁਸਤਕ ਦੇ ਲੋਕ ਅਰਪਣ ਹੋਣ ਤੇ ਵਧਾਈ ਦਿੱਤੀ। ਪ੍ਰਿੰਸੀਪਲ ਅਮਰਜੀਤ ਕੌਰ ਨਾਜ਼ ਨੇ ਮੰਚ ਦਾ ਬਾਖ਼ੂਬੀ ਸੰਚਾਲਨ ਕਰਦਿਆਂ ਕਿਹਾ ਕਿ ਸ਼੍ਰੀਮਤੀ ਗਰੇਵਾਲ ਦੀਆਂ ਰਚਨਾਵਾਂ ਵਿਚੋਂ ਸਚਾਈ ਅਤੇ ਸੁੱਚਮਤਾ ਦੀ ਝਲਕ ਸਹਿਜੇ ਹੀ ਵੇਖੀ ਜਾ ਸਕਦੀ ਹੈ।

ਗ਼ਜ਼ਲ ਮੰਚ ਵਲੋਂ ਸ਼੍ਰੀਮਤੀ ਗਰੇਵਾਲ ਨੂੰ ਮਾਣ-ਪੱਤਰ ਨਾਲ ਸਨਮਾਨਿਤ ਵੀ ਕੀਤਾ ਗਿਆ।

—ਜੋਗਿੰਦਰ ਸਿੰਘ ਕੰਗ

ਮੋ-98785-03673

ਲਾਹੌਰ ਵਿਚ ਸਮਾਗਮ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਕਿਤਾਬ ਦੀ ਘੁੰਡ ਚੁਕਾਈ

ਮੁਹੱਬਤਾਂ ਵੰਡਣ ਵਾਲੇ ਅਤੇ ਜ਼ਿੰਦਾ ਦਿਲਾਂ ਦੇ ਸ਼ਹਿਰ ਲਾਹੌਰ ਦੇ ਨਾਸਰ ਬਾਗ ਵਿੱਚ ਪੰਜਾਬੀ ਰਾਈਟਰ ਕਲੱਬ ਚੌਪਾਲ ਵਿਖੇ ਚਾਰ ਮਾਰਚ ੨੦੧੧ ਨੂੰ ਸ਼ਾਮ ਦੇ ੬ ਵਜੇ ਪੰਜਾਬੀ ਅਦਬੀ ਸੰਗਤ ਲਾਹੌਰ ਵਲੋਂ ਕੈਨੇਡਾ ਦੇ ਨਾਮਵਰ ਲਿਖਾਰੀ ਪੱਤਰਕਾਰ ਤੇ ਫੋਟੋ ਕਲਾਕਾਰ ਜਨਾਬ ਜੈਤੇਗ ਸਿੰਘ ਅਨੰਤ ਦੀ ਸ਼ਾਹਮੁਖੀ ਵਿਚ ਕਿਤਾਬ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਦੀ ਮੁੱਖ ਵਖਾਲੀ ਦਾ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪਾਕਿਸਤਾਨ ਦੇ ਪ੍ਰਮੁੱਖ ਅੰਗਰੇਜ਼ੀ ਅਖਬਾਰ ਡਾਨ ਦੇ ਕਾਲਮ ਨਿਗਾਰ ਜਨਾਬ ਸ਼ਫਕਤ ਤਨਵੀਰ ਮਿਰਜ਼ਾ, ਪੰਜਾਬੀ ਅਦਬੀ ਸੰਗਤ ਕੈਨੇਡਾ ਦੇ ਸਦਰ ਸ. ਜੈਤੇਗ ਸਿੰਘ ਅਨੰਤ, ਲਹਿੰਦੇ ਪੰਜਾਬ ਦੇ ਸਭ ਤੋਂ ਪੁਰਾਣੇ ਤੇ ਮਕਬੂਲ ਰਸਾਲੇ 'ਲਹਿਰਾਂ' ਦੇ ਚੀਫ ਐਡੀਟਰ ਡਾ. ਸਯੱਦ ਅਖਤਰ ਹੁਸੈਨ ਅੱਖਤਰ ਨਾਰੋਵਾਲ (ਸਿਆਲਕੋਟ) ਤੋਂ ਪੁੱਜੇ ਮਜਲਿਸ ਹਾਸ਼ਮ ਸ਼ਾਹ ਦੇ ਸਦਰ ਇਹਸਾਨ ਬਾਜਵਾ ਨੂੰ ਬਠਾਇਆ ਗਿਆ।

ਇਸ ਸਮਾਗਮ ਵਿੱਚ ਰਲਤ ਕਰਨ ਲਈ ਲਾਹੌਰ, ਸ਼ੇਖੂਪੁਰਾ, ਨਨਕਾਣਾ ਸਾਹਿਬ, ਉਕਾਰਾ, ਕਸੂਰ, ਸ਼ਾਹਦਰਾ, ਗੁਜਰਾਂਵਾਲਾ, ਨੌਸ਼ਿਹਰਾ, ਗੁਜਰਾਤ, ਜਿਹਲਮ, ਫੈਸਲਾਬਾਦ, ਸਰਗੋਧਾ, ਨਾਰੋਵਾਲ, ਚੂਨੀਆਂ, ਛਾਂਗਮਾਂਗਾ, ਰਾਵਲਪਿੰਡੀ, ਚੱਕ ਨੰਬਰ ੧੬ ਤੋਂ ਪੁੱਜੇ ਅਦੀਬ, ਲਿਖਾਰੀ, ਸ਼ਾਇਰ, ਸਹਾਫੀ ਤੇ ਦਾਨਸ਼ਵਰ ਆਏ ਸਨ। ਵਿੰਹਦਿਆਂ ਵਿੰਹਦਿਆਂ ਨਿੱਕੇ ਜਿਹੇ ਹਾਲ ਵਿੱਚ ਲੱਗੀਆਂ ੧੦੦ ਤੋਂ ਵੱਧ ਕੁਰਸੀਆਂ ਮੱਲੀਆਂ ਗਈਆਂ ਅਤੇ ਤੀਹ ਚਾਲੀ ਬੰਦੇ ਖਲੋ ਕੇ ਸਾਰੀ ਕਾਰਵਾਈ ਤੱਕਦੇ ਰਹੇ। ਜਨਾਬ ਸਨਾਵਰ ਚਧੱੜ ਸਟੇਜ ਦੀ ਕਾਰਵਾਈ ਨੂੰ ਬੜੇ ਸ਼ਾਨਦਾਰ ਢੰਗ ਨਾਲ ਚਲਾ ਰਿਹਾ ਸੀ ਤੇ ਹਰ ਆਉਣ ਵਾਲੇ ਬੁਲਾਰੇ ਦਾ ਸਵਾਗਤ ਬੜੇ ਭਰਵੇਂ ਤੇ ਸੋਹਣੇ ਢੰਗ ਨਾਲ ਕਰ ਰਿਹਾ ਸੀ।

ਸਮਾਗਮ ਦੀ ਕਾਰਵਾਈ ਮੁੱਢ ਡਾ. ਸਯੱਦ ਅੱਖਤਰ ਹੁਸੈਨ ਨੇ ਸ. ਜੈਤੇਗ ਸਿੰਘ ਅਨੰਤ ਹੁਰਾਂ ਦਾ ਭਰਵਾਂ ਤੁਆਰਫ ਕਰਵਾਉਂਦੇ ਹੋਏ ਬੰਨਿਆ। ਉਨ੍ਹਾਂ ਕਿਹਾ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਇਕ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿੱਚ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਨਾਮਵਰ ਅਦੀਬ ਸ਼ਾਮਲ ਹਨ। ਇਸ ਤੋਂ ਇਲਾਵਾ ਬਰਤਾਨੀਆਂ, ਅਮਰੀਕਾ ਤੇ ਕੈਨੇਡਾ ਦੇ ਪੰਜਾਬੀ ਲਿਖਾਰੀਆਂ ਦੀ ਰਲਤ ਨੇ ਇਸ ਨੂੰ ਚਾਰ ਚੰਨ ਲਾ ਦਿੱਤੇ ਹਨ। ਉਹਨਾਂ ਕਿਹਾ ਇਹ ਚੜ੍ਹਦੇ ਪੰਜਾਬ ਦੇ ਅਨੰਤ ਸਾਹਿਬ ਇਕ ਪਹਿਲੇ ਲੇਖਕ ਤੇ ਐਡੀਟਰ ਹਨ ਜਿਨਾਂ ਦੇ ਨਸਰ (ਵਾਰਤਕ) ਵਿੱਚ ਆਲਮੀ ਜਗਤ ਨੂੰ ਉਸਤਾਦ ਦਾਮਨ ਪ੍ਰਤੀ ਸੱਚੀ ਤੇ ਸੁੱਚੀ ਪ੍ਰੀਤ ਜੱਗ ਜ਼ਾਹਰ ਕੀਤੀ ਹੈ। ਡਾ. ਯੂਨਸ ਆਹਕਰ, ਪ੍ਰੋ. ਆਸ਼ਿਕ ਰਹੀਲ ਸਦਰ ਗੁਲਸ਼ਨੇ ਅਦਬ ਪਾਕਿਸਤਾਨ ਨੇ ਤੇ ਪ੍ਰੋ. ਅਰਸ਼ਦ ਇਕਬਾਲ ਅਰਸ਼ਦ, ਮੁੱਖ ਸੰਪਾਦਕ, ਲਿਖਾਰੀ ਨੇ ਪੁਸਤਕ ਉਤੇ ਆਪਣੇ ਖੋਜ ਭਰਪੂਰ ਪਰਚੇ ਪੜੇ। ਉਨਾਂ ਕਿਹਾ ਇਹ ਕਿਤਾਬ ਆਉਣ ਵਾਲੀ ਨਸਲ ਲਈ ਇਕ ਪ੍ਰੇਰਨਾ ਸਰੋਤ ਹੋਵੇਗੀ। ਜਨਾਬ ਇਕਬਾਲ ਰਾਹੀ ਜਨਾਬ ਅਦਲ ਮਿਨਹਾਸ ਲਾਹੌਰੀ, ਜਨਾਬ ਫਕੀਰ ਅਨਸਾਰੀ ਨੇ ਸ. ਜੈਤੇਗ ਸਿੰਘ ਅਨੰਦ ਹੋਰਾਂ ਨੂੰ ਪੰਜਾਬ ਦੀ ਪੱਗ ਪੇਸ਼ ਕੀਤੀ ਅਤੇ ਉਨ੍ਹਾਂ ਦੀ ਸ਼ਾਨ ਵਿੱਚ ਕੁਝ ਸ਼ੇਅਰ ਪੜ੍ਹੇ।

'ਬੇਨਿਆਜ਼ ਹਸਤੀ ਉਸਤਾਦ ਦਾਮਨ' ਦੀ ਘੁੰਡ ਚੁਕਾਈ ਤੇ ਮੁੱਖ ਵਖਾਈ ਦੀ ਰਸਮ ਨਾਮਵਰ ਲਿਖਾਰੀ ਪ੍ਰੋ. ਆਸ਼ਿਕ ਰਹੀਲ ਨੇ ਨਿਭਾਈ। ਪ੍ਰੋ. ਰਹੀਲ ਨੇ ਹੀ ਪੁਸਤਕ ਦਾ ਗੁਰਮੁੱਖੀ ਤੋਂ ਸ਼ਾਹਮੁੱਖੀ ਵਿੱਚ ਲਿਪੀ-ਅੰਤਰ ਕੀਤਾ। ਸ. ਜੈਤੇਗ ਸਿੰਘ ਅਨੰਤ ਨੇ ਕਿਤਾਬ ਦੀਆਂ ਪੰਜ ਕਾਪੀਆਂ, ਪੰਜਾਬੀ ਅਦਬੀ ਸੰਗਤ ਲਾਹੌਰ, ਲਹਿਰਾਂ, ਅਦਬੀ ਬੋਰਡ ਲਾਹੌਰ, ਪੰਜਾਬੀ ਸੱਥ ਲਾਂਬੜਾ, ਮਸਊਦ ਖਦਰਪੋਸ਼ ਟਰੱਸਟ ਲਾਹੌਰ ਤੇ ਗੁਲਸ਼ਨੇ ਅਦਬ ਪਾਕਿਸਤਾਨ ਨੂੰ ਭੇਟ ਕੀਤੀਆਂ ਕਿਉਂਕਿ ਇਹ ਕਿਤਾਬ ਇਨ੍ਹਾਂ ਤਨਜ਼ੀਮਾਂ ਨੂੰ ਸਮਰਪਨ ਕੀਤੀ ਗਈ ਸੀ ਜਿਹੜੀਆਂ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਅਦਬ ਦੀ ਤਰੱਕੀ ਲਈ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਅਰਪਨ ਕਰ ਰਹੀਆਂ ਹਨ।

ਪੰਜਾਬੀ ਅਦਬੀ ਕੈਨੇਡਾ ਵੱਲੋਂ ਜਨਾਬ ਫਰਜ਼ੰਦ ਅਲੀ ਤੇ ਜਨਾਬ ਤਨਵੀਰ ਜ਼ਾਹੂਰ ਨੂੰ ਉਸਤਾਦ ਦਾਮਨ ਯਾਦਗਾਰੀ ਐਵਾਰਡ, ਪ੍ਰੋ. ਆਸ਼ਿਕ ਰਹੀਲ ਤੇ ਜਨਾਬ ਮਸੂਦ ਚੌਧਰੀ ਨੂੰ ਪੰਜਾਬੀ ਜ਼ੁਬਾਨ ਤੇ ਪੰਜਾਬੀ ਅਦੱਬ ਤੇ ਜਨਾਬ ਦਿਲ ਮੁਹੰਮਦ ਤੇ ਜਨਾਬ ਅਸਗਰ ਭੱਟੀ ਨੂੰ ਪੰਜਾਬੀ ਮਾਂ ਬੋਲੀ ਦੇ ਖਿਦਮਤਗਾਰ ਦੀ ਅਹਿਮੀਅਤ ਵਿੱਚ ਯਾਦਗਾਰੀ ਐਵਾਰਡਾਂ ਨਾਲ ਨਿਵਾਜਿਆ ਗਿਆ ਜਿਸ ਵਿਚ ਸ਼ਾਲ, ਯਾਦਗਾਰੀ ਚਿੰਨ੍ਹ (ਪਲੈਕ) ਸ਼ਾਮਲ ਸਨ।

ਐਵਾਰਡ ਸਮਾਰੋਹ ਤੋਂ ਬਾਅਦ ਸਮੂੰਹ ਐਵਾਰਡ ਪ੍ਰਾਪਤ ਕਰਤਾਵਾਂ ਨੇ ਪੰਜਾਬੀ ਸੰਗਤ ਕੈਨੇਡਾ ਦੇ ਇਸ ਸ਼ਾਨਦਾਰ ਕਾਰਜ ਤੇ ਵਧਾਈ ਪੇਸ਼ ਕੀਤੀ। ਸਾਰਿਆਂ ਨੇ ਸਿਫਤ ਸਾਲਾਹੀ ਸ਼ਬਦਾਂ ਵਿੱਚ ਅਨੰਤ ਹੁਰਾਂ ਬਾਰੇ ਤਾਰੀਫ ਕਰਦਿਆਂ ਕਿਹਾ ਕਿ ਪੰਜ ਦੇਸ਼ਾਂ ਦੇ ਐਨੀ ਵੱਧ ਗਿਣਤੀ ਵਿੱਚ ਉਸਤਾਦ ਦਾਮਨ ਤੇ ਲੇਖ ਲਿਖਵਾ ਕੇ ਸਾਡੀ ਜਾਚੇ ਜੈਤੇਗ ਸਿੰਘ ਅਨੰਤ ਹੁਰਾਂ ਐਨੇ ਘੱਟ ਵੇਲੇ ਵਿੱਚ ਇਹ ਕੰਮ ਸਿਰੇ ਚਾੜ੍ਹ

ਕਿ ਜਾਦੂ ਦੀ ਖੇਡ ਵਿਖਾ ਦਿੱਤੀ ਹੈ। ਇਹਦੇ ਨਾਲ-ਨਾਲ ਉਹਨਾਂ ਇਹ ਗੱਲ ਸਾਬਤ ਕਰ ਦਿੱਤੀ ਹੈ ਪਈ ਅਦੀਬ ਕਿਸੇ ਵੀ ਜ਼ੁਬਾਨ ਦੇ ਵਾਰਸਾਂ ਦੀ ਵਿਰਾਸਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਮੁਲਕੀ ਹੱਦਾਂ ਜਾਂ ਧਰਮਾਂ ਦੀਆਂ ਵਲਗਣਾਂ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ। ਇਸ ਕਿਤਾਬ ਨੂੰ ਪਾਕਿਸਤਾਨ ਅਤੇ ਭਾਰਤ ਵਿੱਚਕਾਰ ਮੁਹੱਬਤਾਂ ਦਾ ਪੁਲ ਕਰਾਰ ਦਿੱਤਾ ਗਿਆ।

ਜਨਾਬ ਜੈਤੇਗ ਸਿੰਘ ਅਨੰਤ ਨੇ ਲਹਿੰਦੇ ਪੰਜਾਬ ਦੇ ਉਨ੍ਹਾਂ ਅਦੀਬਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਕਿਤਾਬ ਵਿੱਚ ਆਪਣਾ ਕਲਮੀ ਸਹਿਯੋਗ ਦਿੱਤਾ ਹੈ। ਉਨ੍ਹਾਂ ਪੰਜਾਬੀ ਅਦਬੀ ਸੰਗਤ ਕੈਨੇਡਾ ਵਲੋਂ ੩ ਸੰਤਬਰ ੨੦੧੧ ਨੂੰ ਵੱਡੇ ਪੱਧਰ ਤੇ ਉਸਤਾਦ ਦਾਮਨ ਦਾ ਦਿਨ ਮਨਾਉਣ ਹਿੱਤ ਲਹਿੰਦੇ ਪੰਜਾਬ ਦੇ ਅਦੀਬਾਂ ਨੂੰ ਸੱਦਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਗੁਰਮੁੱਖੀ ਵਿੱਚ ਇਹ ਪੁਸਤਕ ਛੇਤੀ ਹੀ ਚੜ੍ਹਦੇ ਪੰਜਾਬ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਜਾਵੇਗੀ।

ਸਮਾਗਮ ਵਿੱਚ ਪੰਚ ਨਦ ਅਕੈਡਮੀ ਲਾਹੌਰ ਦੇ ਸਦਰ ਰਿਆਜ਼ ਰਾਜ਼ੀ, ਸਾਂਗਲਾ ਹਿੱਲ ਤੋਂ ਆਏ ਜਾਣੇ ਪਛਾਣੇ ਸ਼ਾਇਰ ਅਰਸ਼ਦ ਮਨਜ਼ੂਰ, ਹਜ਼ਰਤ ਬੁਲ੍ਹੇ ਸ਼ਾਹ ਦੇ ਪਿੰਡ ਪਾਂਡੋਕੀ ਤੋਂ ਮਸ਼ਹੂਰ ਪੰਜਾਬੀ ਕਾਰਜ ਦੇ ਉਦਮੀ ਅੱਲਾ ਦਿੱਤਾ ਸਾਬਿਰ ਹੋਰਾਂ, ਸਰਗੋਧਾ ਤੋਂ ਇਖਲਾਕ ਆਤਿਫ, ਝੰਗ ਤੋਂ ਮੁਮਤਾਜ਼ ਬਲੋਚ, ਸ. ਤਾਹਿਰ ਸ਼ੈਰਾਜ਼ੀ, ਗਜ਼ੱਨਫਰ ਸ਼ਾਦ ਸਾਹੀਵਾਲ ਤੋਂ ਗੁਲਾਮ ਫਰੀਦ ਸ਼ੌਕਤ, ਗੁਜਰਾਤ ਤੋਂ ਅਜ਼ਹਰ ਮਹਿਮੂਦ ਚੌਧਰੀ, ਵਸੀਮ ਗਰਦੇਜ਼ੀ, ਜੇਹਲਮ ਤੋਂ ਨਸੀਰ ਅਸਰੀ, ਗੁਰਜਰਾਂਵਾਲੇ ਤੋਂ ਮੁਨੀਰ ਅਸਰੀ, ਮੁਸ਼ਤਾਕ ਕਸ਼ਫੀ, ਫੈਸਲਾਬਾਦ ਤੋਂ ਅਮੀਨ ਰਾਹੀ, ਅਤੇ ਹੋਰ ਬਹੁਤ ਸਾਰੇ ਸਾਥਿਆਂ ਨੇ ਉਚੇਚੀ ਰਲਤ ਕੀਤੀ। ਸਮਾਗਮ ਦੇ ਸਮਾਪਤ ਹੋਣ ਪਿੱਛੋਂ ਬਾਹਰ ਢੋਲਾਂ ਦੀ ਗੜਗੱ ਸੁਣਦੇ ਸਾਰ, ਸਾਰੇ ਲਿਖਾਰੀ ਢੋਲ ਦੀ ਥਾਪ ਤੇ ਭੰਗੜਾ ਪਾ ਕੇ ਆਪਣੇ ਆਪਣੇ ਘਰੀਂ ਚਲੇ ਗਏ। ਲਾਹੌਰ ਦੇ ਇਤਿਹਾਸ ਵਿੱਚ ਇਹ ਆਪਣੀ ਕਿਸਮ ਦਾ ਪਹਿਲਾਂ ਸਮਾਗਮ ਸੀ ਜਿਹੜਾ ਪਿਆਰ, ਮੁਹੱਬਤ ਤੇ ਮਹਿਕਾਂ ਖਲਾਰਦਾ ਖਤਮ ਹੋਇਆ।

— ਅਸਗਰ ਭੱਟੀ ਲਾਹੌਰ

ਪੰਜਾਬੀ ਸੱਥ ਲਾਂਬੜਾ ਦਾ ਸਨਮਾਨ ਸਮਾਰੋਹ

ਪੰਜਾਬੀ ਸੱਥ ਲਾਂਬੜਾ ਦਾ ੨੧ਵਾਂ ਸਨਮਾਨ ਸਮਾਰੋਹ ਖਾਲਸਾ ਸਕੂਲ ਲਾਂਬੜਾ ਦੇ ਹਾਲ 'ਚ ਹੋਇਆ ਜਿਸ ਦੀ ਪ੍ਰਧਾਨਗੀ ਡਾਕਟਰ ਕੁਲਵੰਤ ਕੌਰ ਪਟਿਆਲਾ ਤੇ ਸਵਰਨ ਸਿੰਘ ਪਰਵਾਨਾ ਡੇਨਮਾਰਕ ਨੇ ਸਾਂਝੇ ਰੂਪ 'ਚ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਖਾਲਸਾ ਸਕੂਲ ਲਾਂਬੜਾ ਦੇ ਬੱਚਿਆਂ ਵੱਲੋਂ ਗੁਰਬਾਣੀ ਦੇ ਸ਼ਬਦ ਉਚਾਰਨ ਨਾਲ ਹੋਈ। ਉਪਰੰਤ ਹਿੰਦਪਾਲ ਸਿੰਘ ਚਿੱਟੀ ਹੁਰਾਂ ਨੇ ਆਈਆਂ ਸ਼ਖੀਅਤਾਂ ਨੂੰ ਜੀ ਆਇਆਂ ਕਿਹਾ। ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਪਹੁੰਚ ਕੇ ਮਾਂ ਬੋਲੀ ਪ੍ਰਤੀ ਕੀਤੇ ਜਾ ਰਹੇ ਸੱਥ ਦੇ ਕੰਮਾਂ ਦੀ ਪ੍ਰੋੜਤਾ ਵੀ ਕੀਤੀ। ਉਨ੍ਹਾਂ ਸੱਥ ਵੱਲੋਂ ਸਨਮਾਨਿਤ ਹਸਤੀਆਂ ਦੇ ਜ ੀਵਨ ਦੀ ਝਲਕ ਪੇਸ਼ ਕਰਦਾ ਕਿਤਾਬਚਾ ਵੀ ਰਿਲੀਜ਼ ਕੀਤਾ। ਸੱਥ ਵੱਲੋਂ 'ਸ਼ਹਿਰ, ਜ਼ਹਿਰ, ਕਹਿਰ', ਬਲਬੀਰ ਸਿਕੰਦ ਦੀ ਪੁਸਤਕ 'ਦਰਵੇਸ਼ ਬੀਬੀਆਂ', ਡਾ. ਕੁਲਵੰਤ ਕੌਰ ਦੀ ਪੁਸਤਕ ਸ਼ਤਾਬਦੀਆਂ ਦਾ ਸੁਨੇਹਾ 'ਤੇ ਹਰਿੰਦਰ ਸਾਹਨੀ ਦੀ ਪੁਸਤਕ 'ਸਾਡੇ ਦੁੱਖਾਂ ਸੁੱਖਾਂ ਦੇ ਸਾਥੀ' ਵੀ ਪ੍ਰਧਾਨਗੀ ਮੰਡਲ ਵੱਲੋਂ ਪਾਠਕਾਂ ਦੇ ਸਨਮੁੱਖ ਕੀਤੀਆਂ। ਇਸ ਮੌਕੇ ਕਿਸਾਨ ਵਿਰਾਸਤੀ ਮਿਸ਼ਨ ਜੈਤੋਂ ਦੇ ਮੁਖੀ ਸ੍ਰੀਉਮੇਂਦਰ ਦੱਤ, ਹਾਸ ਵਿਅੰਗ ਅਕਾਦਮੀ ਮੋਗਾ ਦੇ ਕੇ ਐੱਲ ਗਰਗ ਦੀ ਧਰਮ ਪਤਨੀ ਸ੍ਰੀਮਤੀ ਜਾਨਕੀ ਗਰਗ, ਨਾਰੀ ਚੇਤਨਾ ਮੰਚ ਅੰਮ੍ਰਿਤਸਰ ਦੀ ਮੋਢੀ ਡਾ. ਇਕਬਾਲ ਕੌਰ, ਮਲਵਈ ਗਿੱਧਾ ਟੋਲੀ ਚੱਠੇ ਸੇਖਵਾਂ ਦੇ ਦਿਲਾਵਰ ਸਿੰਘ, ਹਰਿਆਣਾ ਦੇ ਵਿਦਵਾਨ ਸਾਹਿਤਕਾਰ ਸਵਰਨ ਸਿੰਘ ਵਿਰਕ, ਬਜ਼ੁਰਗ ਪੱਤਰਕਾਰ ਬਚਨ ਸਿੰਘ ਸਰਲ ਤੇ ਲਹਿੰਦੇ ਪੰਜਾਬ ਤੋਂ ਚੌਧਰੀ ਦਿਲ ਮੁਹੰਮਦ ਚੂਨੀਆਂ ਦਾ ਸਨਮਾਨ ਕਰਨ ਦੀ ਰਸਮ ਸਵਰਨ ਸਿੰਘ ਪਰਵਾਨਾ, ਡਾ. ਕੁਲਵੰਤ ਕੌਰ ਤੇ ਬਾਬਾ ਪਿਆਰਾ ਸਿੰਘ ਨੇ ਅਦਾ ਕੀਤੀ। ਦਿਲ ਮਹੁੰਮਦ ਤੱਕ ਸਨਮਾਨ ਪਹੁੰਚਾਉਣ ਦੀ ਜ਼ਿੰਮੇਵਾਰੀ ਮਨਜੀਤ ਸਿੰਘ ਰਾਜਪੁਰਾ ਨੂੰ ਸੌਂਪੀ ਗਈ। ਹਰ ਸਨਮਾਨਿਤ ਹਸਤੀ ਨੂੰ ੧੧੦੦੦ ਨਗਦੀ, ਸਨਮਾਨ ਚਿੰਨ੍ਹ ਦਸਤਾਰ ਤੇ ਸੱਥ ਵੱਲੋਂ ਛਾਪੀਆਂ ਪੁਸਤਕਾਂ ਦੇ ਸੈੱਟ ਭੇਟ ਕੀਤੇ ਗਏ। ਲਾਂਬੜਾ ਸੱਥ ਦੇ ਬਾਬਾ ਬੋਹਸ ਪਿਆਰਾ ਸਿੰਘ ਦਾ 'ਲਾਂਬੜੇ ਦੀ ਪੱਗ' ਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਡਾ. ਨਿਰਮਲ ਸਿੰਘ ਲਾਂਬੜਾ ਨੇ ਸੱਥ ਵੱਲੋਂ ਕੀਤੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਸਟੇਜ ਦਾ ਸੰਚਾਲਨ ਬਹਾਦਰ ਸਿੰਘ ਸੰਧੂ ਨੇ ਕੀਤਾ। ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਖਾਲਸਾ ਸਕੂਲ ਦੇ ਪ੍ਰਿੰਸੀਪਲ ਅਜੀਤ ਸਿੰਘ ਸੈਣੀ, ਚਰਨਜੀਤ ਸਿੰਘ ਤੇ ਸਮੂਹ ਸਟਾਫ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਮਾਗਮ 'ਚ ਜਗਦੀਸ਼ ਸਿੰਘ ਵਰਿਆਮ, ਡਾ. ਬਲਬੀਰ ਸਿੰਘ ਭੌਰਾ, ਡਾ. ਸਵਰਾਜ ਸਿੰਘ, ਡਾ. ਰਾਮ ਮੂਰਤੀ, ਬਲਦੇਵ ਸਿੰਘ ਲਾਂਬੜੀ, ਸੁਖਦੇਵ ਸਿੰਘ ਅਠਵਾਲ, ਸਤੀਸ਼ ਮੋਹਨ ਸਰਪੰਚ ਲਾਂਬੜਾ, ਚਰਨ ਸੀਚੇਵਾਲਵੀ, ਡੇਣੀ ਸਾਹਿਬ ਤੋਂ ਹਰਪਾਲ ਸਿੰਘ ਸੇਵਕ, ਡਾ. ਇਕਬਾਲ ਸਿੰਘ, ਗੁਰਮੁਖ ਸਿੰਘ ਪਰਮਜੀਤ ਸਿੰਘ

ਲੁਹਾਰਾਂ, ਜਲੰਧਰ ਤੋਂ ਸੰਤ ਸੁਰਜੀਤ ਸਿੰਘ ਪ੍ਰਧਾਨ, ਸੰਤ ਜਤਿੰਦਰਪਾਲ ਸਿੰਘ ਚਿੰਕਾ ਤੇ ਹੋਰ ਬੁੱਧੀਜੀਵੀ ਆਦਿ ਵੀ ਹਾਜ਼ਰ ਸਨ।

ਮਾਸਟਰ ਅਮਰੀਕ ਸਿੰਘ ਨੂੰ ਮਿਲਿਆ ਹਰਿਆਣਾ ਗੌਰਵ ਪੁਰਸਕਾਰ



ਹਰਿਆਣਾ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪਾਸਾਰ ਲਈ ਵਚਨਬੱਧ ਹੈ ਕਿਉਂਕਿ ਇਸ ਭਾਸ਼ਾ ਨੂੰ ਰਾਜ ਵਿਚ ਆਪਣੀ ਥਾਂ ਬਣਾਉਣ ਲਈ ਬਹੁਤ ਸਾਰੀਆਂ ਔਕੜਾਂ ਸਹਿਣੀਆਂ ਪਈਆਂ ਹਨ। ਇਹ ਗੱਲ ਹਰਿਆਣਾ ਦੇ ਸਹਿਕਾਰਤਾ ਤੇ ਖੁਰਾਕ ਸਪਲਾਈ ਮੰਤਰੀ ਮੁਹਿੰਦਰ ਸਿੰਘ ਚੱਠਾ ਨੇ ਹਰਿਆਣਾ ਨਿਵਾਸ ਵਿੱਚ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਇਕ ਸਾਲਾਨਾ ਸਾਹਿਤਕਾਰ ਪੁਰਸਕਾਰ ਸਮਾਰੋਹ ਵਿਚ ਕਹੀ। ਉਨ੍ਹਾਂ ਕਿਹਾ ਕਿ ਉਹਨਾਂ ਨੇ ਪੰਜਾਬੀ ਭਾਸ਼ਾ ਪ੍ਰਤੀ ਹਮੇਸ਼ਾ ਬਣਦਾ ਯੋਗਦਾਨ ਪਾਇਆ ਹੈ। ਹਰਿਆਣਾ ਦੇ ਸਪੀਕਰ ਵਜੋਂ ਉਨ੍ਹਾਂ ਨੇ ਹੀ ਸਿਰਫ ਪੰਜਾਬੀ ਵਿਚ ਸਹੁੰ ਚੁੱਕੀ ਸੀ। ਉਨ੍ਹਾਂ ਰਾਜ ਦੇ ਪੰਜਾਬੀ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਰਚਨਾਵਾਂ ਵਿਚ ਸਰਲ ਭਾਸ਼ਾ ਵਰਤਣ ਤਾਂ ਕਿ ਇਹ ਆਮ ਲੋਕਾਂ ਦੀ ਸਮਝ ਵਿਚ ਆ ਸਕਣ। ਸ੍ਰੀ ਚੱਠਾ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪਾਸਾਰ ਲਈ ਸੰਜੀਦਾ ਹਨ। ਇਸ ਸਦਕਾ ਹੀ ਪੰਜਾਬੀ ਅਕਾਦਮੀ ਦਾ ਬਜਟ ਵਧ ਸਕਿਆ ਹੈ।

ਇਸ ਮੌਕੇ ਸ੍ਰੀ ਚੱਠਾ ਨੇ ਮਾਸਟਰ ਅਮਰੀਕ ਸਿੰਘ ਐਲਨਾਬਾਦ, ਸਿਰਸਾ ਨੂੰ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ, ਸ੍ਰੀਮਤੀ ਅਰਕਮਲ ਕੌਰ ਫਰੀਦਾਬਾਦ ਨੂੰ ਮਹਾਂਕਵੀ ਭਾਈ ਸੰਤੋਖ ਸਿੰਘ ਪੁਰਸਕਾਰ, ਡਾ. ਜੀਵਨ ਬਖਸ਼ੀ ਕੁਰੂਕਸ਼ੇਤਰ ਨੂੰ ਬਾਬਾ ਸ਼ੇਖ ਫਰੀਦ ਪੁਰਸਕਾਰ, ਗੁਰਬਖਸ਼ ਸਿੰਘ ਸੈਣੀ ਪੰਚਕੂਲਾ ਨੂੰ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ, ਰੇਸ਼ਮ ਸਿੰਘ ਅਨਮੋਲ ਅੰਬਾਲਾ ਨੂੰ ਲੋਕ ਗਾਇਕ ਪੁਰਸਕਾਰ, ਸਵ. ਡਾ. ਅਮਰਜੀਤ ਸਿੰਘ ਕਾਂਗ ਨੂੰ ਵਿਸ਼ੇਸ਼ ਪੁਰਸਕਾਰ (ਇਹ ਪੁਰਸਕਾਰ ਡਾ. ਕਾਂਗ ਦੀ ਪਤਨੀ ਡਾ. ਜਸਪਾਲ ਕੌਰ ਨੇ ਲਿਆ), ਡਾ. ਦਰਸ਼ਨ ਸਿੰਘ ਸਿਰਸਾ, ਸ੍ਰੀਮਤੀ ਇੰਦੂ ਗੁਪਤਾ, ਫਰੀਦਾਬਾਦ, ਸ੍ਰੀ ਗੋਬਿੰਦ ਸਿੰਘ ਸਢੌਰਾ ਯਮੁਨਾਨਗਰ, ਸ੍ਰੀਮਤੀ ਕੰਵਲਜੀਤ ਕੌਰ ਜੁਨੇਜਾ ਰੋਹਤਕ, ਸ੍ਰੀਮਤੀ ਜੋਗਿੰਦਰ ਕੌਰ ਅਗਨੀਹੋਤਰੀ ਸਿਰਸਾ, ਨਾਇਬ ਸਿੰਘ ਮੰਡੇਰ ਰਤੀਆਂ, ਫਤਿਆਬਾਦ, ਡਾ. ਮੁਖਤਿਆਰ ਸਿੰਘ ਅੰਬਾਲਾ ਤੇ ਵੀਰ ਸਿੰਘ ਥਿੰਦ ਫਤਿਆਬਾਦ ਨੂੰ ਪੁਸਤਕ ਪੁਰਸਕਾਰ ਦਿੱਤਾ ਗਿਆ। ਇਸੇ ਤਰ੍ਹਾਂ ਕਹਾਣੀ ਪੁਰਸਕਾਰ ਸ੍ਰੀਮਤੀ ਮਨਜੀਤ ਕੌਰ ਅੰਬਾਲਵੀ ਨੂੰ ਮਿਲਿਆ ਜੋ ਉਨ੍ਹਾਂ ਦੀ ਨੂੰਹ ਨੇ ਹਾਸਲ ਕੀਤਾ। ਇਕਬਾਲ ਸਿੰਘ ਫਤਿਆਬਾਦ ਤੇ ਸ੍ਰੀ ਪ੍ਰੇਮ ਸਿੰਘ ਬਰਨਾਲਵੀ, ਅੰਬਾਲਾ ਨੂੰ ਕਹਾਣੀ ਪੁਰਸਕਾਰ ਨਾਲ ਨਿਵਾਜਿਆ ਗਿਆ।

ਸਮਾਗਮ ਦੌਰਾਨ ਮੁੱਖ ਮੰਤਰੀ ਹਰਿਆਣਾ ਦੇ ਵਧੀਕ ਸਕੱਤਰ ਸ਼ਿਵ ਰਮਨ ਗੌੜ ਨੇ ਕਿਹਾ ਕਿ ਰਾਜ ਸਰਕਾਰ ਭਾਸ਼ਾਵਾਂ ਦੇ ਵਿਕਾਸ ਲਈ ਯਤਨਸ਼ੀਲ ਹੈ। ਇਸ ਕਾਰਨ ਹੀ ਰਾਜ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ 'ਹਰਿਆਣਾ ਸੰਵਾਦ' ਰਸਾਲੇ ਦੀ ਪ੍ਰਕਾਸ਼ਨਾ ਪੰਜਾਬੀ ਵਿਚ ਸ਼ੁਰੂ ਕੀਤੀ ਗਈ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਤੇ ਵਿੱਤ ਕਮਿਸ਼ਨਰ ਡਾ. ਕੇ.ਕੇ. ਖੰਡੇਲਵਾਲ ਨੇ ਪੰਜਾਬੀ ਵਿਚ ਭਾਸ਼ਣ ਦਿੰਦਿਆ ਕਿਹਾ ਕਿ ਹਰਿਆਣਾ ਸਰਕਾਰ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਪ੍ਰਤੀ ਬੇਹੱਦ ਸੁਹਿਰਦ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਪੀਰਾਂ ਫਕੀਰਾਂ ਦੀ ਭਾਸ਼ਾ ਹੈ। ਇਸ ਦਾ ਵਿਰਸਾ ਅਮੀਰ ਹੈ। ਸਰਕਾਰ ਪੰਜਾਬੀ ਲੇਖਕਾਂ ਦਾ ਮਾਣ ਸਨਮਾਨ ਵਧਾਉਣ ਲਈ ਵਚਨਬੱਧ ਹੈ। ਉਨ੍ਹਾਂ ਸਨਮਾਨਤ ਲੇਖਕਾਂ ਨੂੰ ਪੁਰਸਕਾਰ ਮਿਲਣ 'ਤੇ ਵਧਾਈ ਦਿੱਤੀ।

ਸਮਾਗਮ ਦੌਰਾਨ ਡਾ. ਹਰਬੰਸ ਕੌਰ ਦੀ 'ਬਾਤਾਂ ਤੇਰੀਆਂ ਮੇਰੀਆਂ', ਡਾ. ਦਰਸ਼ਨ ਸਿੰਘ ਦੀ 'ਮਹਿਕ ਸਰਸਵਤੀ ਦੀ', ਸ੍ਰੀਮਤੀ ਜੋਗਿੰਦਰ ਕੌਰ ਅਗਨੀਹੋਤਰੀ ਦੀ 'ਸਾਗਰ ਦੀਆਂ ਛੱਲਾਂ', ਕੇਸਰਾ ਰਾਮ ਦੀ 'ਹਿੰਦੀ ਸਵਰਾਜ', ਪੂਰਨ ਸਿੰਘ ਨਿਰਾਲਾ ਦੀ 'ਗਿਲਾ ਮਾਹੀ ਨਾਲ', ਰਾਮ ਨਿਵਾਸ ਮਾਨਵ ਦੀ 'ਵਹਾਅ ਦੇ ਅੱਗੇ', ਇੰਦੂ ਗੁਪਤਾ ਦੀ 'ਸਮੁੰਦਰ ਤੋਂ ਪਾਰ' ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਇਸ ਤੋਂ ਬਾਅਦ ਰੇਸ਼ਮ ਅਨਮੋਲ ਤੇ ਡੌਲੀ ਗੁਲੇਰੀਆਂ ਵੱਲੋਂ ਪੰਜਾਬੀ ਦੇ ਪਿਆਰ ਪ੍ਰਤੀ ਇਕ ਇਕ ਗੀਤ ਪੇਸ਼ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਗੁਰਪ੍ਰੀਤ ਨੇ ਕੀਤਾ। ਅਖੀਰ ਵਿਚ ਹਰਿਆਣਾ ਪੰਜਾਬੀ ਅਕਾਦਮੀ ਦੇ ਡਾਇਰੈਕਟਰ ਛੋਟੂ ਰਾਮ ਮੋਦਗਿਲ ਨੇ ਅਕਾਦਮੀ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਅਕਾਦਮੀ ਵੱਲੋਂ ਸ੍ਰੀ ਚੱਠਾ, ਸ਼ਿਵ ਰਮਨ ਗੌੜ ਤੇ ਡਾ. ਕੇ.ਕੇ. ਖੰਡੇਲਵਾਲ ਦਾ ਸਨਮਾਨ ਕੀਤਾ ਗਿਆ।

ਸਮਾਗਮ ਵਿਚ ਪ੍ਰਿੰਸੀਪਲ ਜੋਗਿੰਦਰ ਸਿੰਘ, ਡਾ. ਐਮ. ਐਸ. ਰਤਨ, ਮਨਮੋਹਨ ਸਿੰਘ ਦਾਊਂ, ਡਾ. ਸੁਦਰਸ਼ਨ ਗਾਸੋ, ਡਾ. ਲਾਭ ਸਿੰਘ ਖੀਵਾ, ਸੁਖਚੈਨ ਸਿੰਘ ਭੰਡਾਰੀ, ਜਗਜੀਤ ਪੁਰੀ, ਕੇਦਾਰ ਨਾਥ ਕੇਦਾਰ, ਬਾਬੂ ਰਾਮ ਦੀਵਾਨਾ, ਮਨਜੀਤ

ਇੰਦਰਾ, ਗੁਰਮੇਲ ਮਡਾਹੜ, ਲੱਖ ਕਰਨਾਲਵੀ ਤੇ ਹੋਰ ਲੇਖਕ ਤੇ ਵਿਦਵਾਨ ਹਾਜ਼ਰ ਸਨ।

ਸ. ਇਕਬਾਲ ਸਿੰਘ ਝੱਬਰ ਨਮਿਤ ਸ਼ਰਧਾਂਜਲੀ ਸਮਾਗਮ

ਸ੍ਰੀ ਜੀਵਨ ਨਗਰ (ਸਿਰਸਾ)- ੮ ਮਾਰਚ ੨੦੧੧ ਇਲਾਕਾ ਜੀਵਨ ਨਗਰ ਦੇ ਪ੍ਰਸਿੱਧ ਪਿੰਡ ਕਰੀਵਾਲਾ ਵਿਖੇ ਬਾਦ ਦੋਪਹਿਰ ਸ. ਇਕਬਾਲ ਸਿੰਘ ਝੱਬਰ (੮੧) ਨਮਿਤ ਪਾਏ ਗੁਰਬਾਣੀ ਪਾਠ ਦੇ ਭੋਗ ਸਮੇਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪੂਜ ਮਾਤਾ ਚੰਦ ਕੌਰ ਜੀ ਨੇ ਦਰਸ਼ਨ ਦੇ ਕੇ ਸੋਗੀ ਪਰਿਵਾਰ ਨੂੰ ਧੀਰਜ ਬੰਨਾਈ। ਇਸ ਮੌਕੇ ਤੇ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਆਏ ਨਾਮਧਾਰੀ ਪੰਥ ਦੇ ਸਰਬੋਤਮ ਜਥੇਦਾਰਾਂ ਵਿੱਚੋਂ ਇਕ ਜਥੇਦਾਰ ਇਕਬਾਲ ਸਿੰਘ ਜੀ ਨੇ ਨਾਮਧਾਰੀ ਕੀਰਤਨ ਪਰੰਪਰਾ ਅਨੁਸਾਰ ਲਗਾਤਾਰ ਦੋ ਘੰਟੇ ਹੱਲੇ ਦਾ ਦੀਵਾਨ ਸਜਾ ਕੇ ਸੰਗਤਾਂ ਨੂੰ ਇਲਾਹੀ ਹੁਕਮ ਨਾਲ ਜੋੜਿਆ। ਗੁਰਬਾਣੀ ਪ੍ਰਸਿੱਧ ਗ੍ਰੰਥਾਂ ਗੁਰ ਇਤਿਹਾਸ ਦੀਆਂ ਮਿਸਾਲਾਂ ਦੇ ਦੇ ਕੇ ਸੰਸਾਰ ਦੀ ਨਾਸ਼ਮਾਨਤਾ ਸਬੰਧੀ ਆਪਣੇ ਵਿਸ਼ੇ ਦਾ ਨਿਰੂਪਣ ਕੀਤਾ ਅਤੇ ਮਨੁੱਖਾ ਜੀਵਨ ਦੇ ਅਸਲ ਮੰਤਵ ਸੇਵਾ ਸਿਮਰਨ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਵਾਲਿਆਂ ਦੀ ਲੜੀ ਵਿਚ ਸੰਤ ਇਕਬਾਲ ਸਿੰਘ ਝੱਬਰ ਹੋਰਾਂ ਨੂੰ ਰੱਖਿਆ। ਜਥੇਦਾਰ ਜੀ ਨੇ ਪਰਿਵਾਰ ਦੇ ਇਤਿਹਾਸਕ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਇਹ ਝੱਬਰ (ਸ਼ੇਖੂਪੁਰਾ) ਪਿੰਡ ਹੀ ਸੀ ਜਿਸ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਜਥੇਦਾਰ ਗੁਰਮੁਖ ਸਿੰਘ ਝੱਬਰ, ਸੰਤ ਕਿਰਪਾਲ ਸਿੰਘ ਸੋਧੀ ਅਤੇ ਸ. ਅਵਤਾਰ ਸਿੰਘ ਝੱਬਰ ਆਦਿਕ ਪੈਦਾ ਕੀਤੇ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਸੰਤ ਇਕਬਾਲ ਸਿੰਘ ਝੱਬਰ ਆਪਣੀ ਸਫਲ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਨਗਰ ਨਿਵਾਸੀ ਕਰਨੈਲ ਸਿੰਘ ਅਸਪਾਲ ਨੇ ਵੀ ਕੁਝ ਸਮਾਂ ਪਹਿਲਾਂ ਦੀਵਾਨ ਸਜਾਇਆ ਅਤੇ ਅੰਤਿਮ ਅਰਦਾਸ ਸੰਤ ਮਹਿੰਦਰ ਸਿੰਘ ਜੀ ਪੂਰਬਾ ਨੇ ਕੀਤੀ। ਇਸ ਮੌਕੇ ਕਾ. ਸੁਵਰਨ ਸਿੰਘ ਵਿਰਕ ਦੇ ਮੰਚ ਸੰਚਾਲਨ ਹੇਠ ਇਕ ਸ਼ਰਧਾਂਜਲੀ ਸਮਾਗਮ ਵੀ ਹੋਇਆ ਜਿਸ ਵਿਚ ਸਰਦਾਰ ਜੀ ਦੇ ਵੱਡੇ ਬਹਿਨੋਈ ਸ. ਸਾਧੂ ਸਿੰਘ ਕਿਸਾਨ ਨੇ ਪਰਿਵਾਰਕ ਸਬੰਧਾਂ ਅਤੇ ਇਕਬਾਲ ਸਿੰਘ ਹੋਰਾਂ ਦੇ ਗੁਣਾਂ ਨੂੰ ਵਿਜੋਗੀ ਮਨ ਨਾਲ ਯਾਦ ਕੀਤਾ। ਹਰਿਆਣਾ ਯੋਜਨਾ ਬੋਰਡ ਦੇ ਸਾਬਕਾ ਉਪ-ਪ੍ਰਧਾਨ ਚੌ. ਰਣਜੀਤ ਸਿੰਘ ਸਾਬਕਾ ਸੰਸਦ ਮੈਂਬਰ ਤੇ ਮੰਤਰੀ ਹਰਿਆਣਾ ਸਰਕਾਰ ਨੇ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹੁੰਦਿਆਂ ਵਿੱਛੜੇ ਸੱਜਣ ਨੂੰ ਢਧੀਆ ਸ਼ਬਦਾਂ ਵਿਚ ਯਾਦ ਕੀਤਾ। ਹਰਿਆਣਾ ਦੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਅਤੇ ਜਾਣ ਵਾਲੇ ਤੇ ਭਤੀਜੇ ਸ. ਗੁਰਦੇਵ ਸਿੰਘ ਵਿਰਕ ਨੇ ਭਾਰੀ ਸੰਖਿਆ ਵਿਚ ਪੁੱਜੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਜਿਲ੍ਹਾ ਕਾਂਗਰਸ ਪ੍ਰਧਾਨ ਸ. ਮਲਕੀਤ ਸਿੰਘ ਖੋਸਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮਾਸਟਰ ਸੰਪੂਰਨ ਸਿੰਘ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਜਗਦੇਵ ਸਿੰਘ ਮੱਟ ਦਾਦੂ, ਦਿੱਲੀ ਦੇ ਪਬਲਿਕ ਪ੍ਰਾਸੀਕਿਊਟਰ ਸ. ਗੁਰਭੇਜ ਸਿੰਘ ਗੋਰਾਇਆ, ਲੋਕ ਪੰਚਾਇਤ ਦੇ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਜੋਸ਼, ਕਾਂਗਰਸ ਆਗੂ ਓਮ ਪ੍ਰਕਾਸ਼ ਕੇਹਰਵਾਲਾ, ਕਰਨੈਲ ਸਿੰਘ ਐਲਨਾਬਾਦ, ਇਨੈਲੋ ਆਗੂ ਕਸ਼ਮੀਰ ਸਿੰਘ, ਹਰਿਆਣਾ ਗੁਰ. ਪ੍ਰਬੰ. ਕਮੇਟੀ ਦੇ ਜਨਰਲ ਸਕੱਤਰ ਡਾ. ਗੁਰਚਰਨ ਸਿੰਘ ਸੰਧੂ ਸਹਾਇਕ ਐਕਸੀਅਨ ਬਿਜਲੀ ਨਿਗਮ ਪੰਜਾਬ, ਸ. ਰਣਜੀਤ ਸਿੰਘ ਮੰਨਨ, ਕਾਨੂੰਗੋ ਸਭਾ ਪੰਜਾਬ ਦੇ ਸਰਪ੍ਰਸਤ ਗੁਰਦੀਪ ਸਿੰਘ ਕੱਕੜ ਅਤੇ ਬਹੁਤ ਸਾਰੇ ਪਤਵੰਤੇ ਸੱਜਣ ਸਮੇਤ ਸੁਰਗਵਾਸੀ ਸ. ਗੁਰਮੇਲ ਸਿੰਘ ਚੀਮਾ ਮੰਤਰੀ ਪੰਜਾਬ ਦੇ ਦੋਵੇਂ ਸਪੁੱਤਰ ਹਾਜ਼ਰ ਸਨ।

ਸ. ਇਕਬਾਲ ਸਿੰਘ ਕੁਝ ਸਮਾਂ ਬੀਮਾਰ ਰਹਿਣ ਬਾਅਦ ੩੦ ਮਾਰਚ ਨੂੰ ਚੱਲ ਵੱਸੇ ਸਨ। ਉਹ ਸ. ਅਵਤਾਰ ਸਿੰਘ 'ਝੱਬਰ ਦੇ ਵੱਡੇ ਭਰਾਤਾ ਸ. ਰਜਵੰਤ ਸਿੰਘ ਦੇ ਛੋਆਂ ਵਿਚੋਂ ਵੱਡੇ ਸਪੁੱਤਰ ਸਨ। ਉਹਨਾਂ ਨੇ ਸੈਣੀ ਬਾਰ ਹਾਈ ਸਕੂਲ (ਨਜ਼ਦੀਕ ਬਾਰਬਟਨ-ਸ਼ੇਖੂਪੁਰਾ) ਤੋਂ ੧੯੪੭ ਵਿਚ ਮੈਟਰਿਕ ਕੀਤੀ ਸੀ। ਵੰਡ ਤੋਂ ਬਾਦ ਕਰੀਵਾਲਾ ਗਰਾਮ ਪੰਚਾਇਤ ਅਤੇ ਰਾਣੀਆਂ ਪੰਚਾਇਤ ਸੰਮਤੀ ਦੇ ਮੈਂਬਰ ਅਤੇ ਬੈਂਕਾਂ ਆਦਿਕ ਅਦਾਰਿਆਂ ਦੀਆਂ ਕਈ ਜ਼ਿੰਮੇਵਾਰੀਆਂ ਤੇ ਰਹੇ। ਉਹ ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਸਨ ਅਤੇ ਉਚੇਰਾ ਦਰਸ਼ਨਾਂ ਲਈ ਸਮਾਂ ਕੱਢ ਕੇ ਪਰਿਵਾਰ ਸਮੇਤ ਜਾਂਦੇ। ਉਹ ਆਪਣੇ ਪਿੱਛੇ ਇਕ ਲੜਕਾ ਲਖਬੀਰ ਸਿੰਘ ਅਤੇ ਪੰਜ ਪੁਤਰੀਆਂ ਛੱਡ ਗਏ ਹਨ। ਉਹਨਾਂ ਦੇ ਘਰੋਂ ਬੀਬੀ ਗੁਰਚਰਨ ਕੌਰ, ਢੋਟੀਆਂ ਪਰਿਵਾਰ ਦੇ ਸ੍ਰ. ਉਤਮ ਸਿੰਘ ਦੀ ਪੁੱਤਰੀ ਹੈ। ਇਸ ਭੋਗ ਦੇ ਮੌਕੇ ਤੇ ਸ. ਇਕਬਾਲ ਸਿੰਘ ਹੋਰਾਂ ਦੀਆਂ ਨਾਮਧਾਰੀ ਭਾਈਚਾਰੇ ਪ੍ਰਤੀ ਘਾਲੀਆਂ ਲੰਮੀਆਂ ਘਾਲਣਾਵਾਂ ਨੂੰ ਮੁੱਖ ਰੱਖਦਿਆਂ, ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ (ਪੂਰਵ ਸੰਸਦ ਮੈਂਬਰ ਅਤੇ ਮੌਜੂਦਾ ਮੈਂਬਰ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ) ਨੇ ਉਹਨਾਂ ਨੂੰ ਸ਼ਰਧਾ ਪੁਸ਼ਪ ਭੇਟ ਕਰਦਾ ਇਕ ਸ਼ੋਕ ਸੰਦੇਸ਼ ਪਰਿਵਾਰ ਅਤੇ ਸੰਗਤ ਨੂੰ ਭੇਜਿਆ ਅਤੇ ਨਾ ਟਾਲੇ ਜਾ ਸੱਕਣ ਵਾਲੇ ਰੁਝੇਵੇਂ ਕਾਰਨ ਨਿਜੀ ਤੌਰ ਤੇ ਹਾਜ਼ਰ ਨਾ ਹੋ ਸੱਕਣ ਲਈ

ਖਿਮਾ ਯਾਚਨਾ ਕੀਤੀ। ਸ਼ਰਧਾਂਜਲੀ ਸਮਾਗਮ ਵਿਚ ਪਰਜਾਪਤੀ ਬ੍ਰਹਮ ਕੁਮਾਰੀ ਮਿਸ਼ਨ ਦੀ ਆਗੂ ਸੁਭਾਸ਼ ਭੈਣ ਜੀ ਨੇ ਵੀ ਪਰਵਚਨ ਦਿਤੇ।

ਯਾਦ ਰਹੇ ਕਿ ਝੱਬਰ ਪਰਿਵਾਰ ਵਿਚ ਸਿਖੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਹੈ। ਹਰ ਸਾਲ ਨਨਕਾਣਾ ਸਾਹਿਬ ਦੇ ਕੱਤਕ ਪੁੰਨਿਆ ਦੇ ਮੇਲੇ ਦੇ ਭੋਗ ਬਾਅਦ ਆਪਣੇ ਲਹਿੰਦੇ ਪੰਜਾਬ ਦੇ ਦੌਰੇ ਦਾ ਪਹਿਲਾ ਪੜਾਅ ਸਤਿਗੁਰੂ ਪਰਤਾਪ ਸਿੰਘ ਪਰਿਵਾਰ ਦੇ ਵੱਡੇ, ਜੈਮਲ ਸਿੰਘ ਜੀ ਪਾਸ, ੯ ਚੱਕ ਝੱਬਰ ਵਿਚ ਕਰਦੇ ਸਨ।

ਮੁੰਬਈ ਵਿਖੇ ਰਾਜਿੰਦਰ ਪਰਦੇਸੀ ਦੀਆਂ ਦੋ ਪੁਸਤਕਾਂ 'ਲੋਕ ਪੰਜਾਬ' ਵਲੋਂ ਰਿਲੀਜ਼

–ਪਰਮਜੀਤ ਸਿੰਘ ਠੁਕਰਾਲ

ਮੁੰਬਈ-ਮੰਨੇ-ਪ੍ਰਮੰਨੇ ਸ਼ਾਇਰ ਰਾਜਿੰਦਰ ਪਰਦੇਸੀ ਦੀਆਂ ਦੋ ਪੁਸਤਕਾਂ-'ਗੀਤ ਕਰਨ ਅਰਜ਼ੋਈ' ਗੀਤ ਸੰਗ੍ਰਹਿ ਅਤੇ 'ਵਿੱਥ' ਕਵਿਤਾ/ਨਜ਼ਮ ਸੰਗ੍ਰਹਿ ਇੱਥੇ 'ਲੋਕ ਪੰਜਾਬ' ਪੰਜਾਬੀ ਸਮਾਚਾਰ-ਪੱਤਰ ਵੱਲੋਂ ਸਾਂਤਾਕਰੂਜ਼ ਇਲਾਕੇ ਸਥਿਤ ਨਜਮਾ ਹੈਪਤੁੱਲਾ ਹਾਲ ਵਿਖੇ ਰਿਲੀਜ਼ ਕੀਤੀਆਂ ਗਈਆਂ। 'ਲੋਕ ਪੰਜਾਬ' ਵਲੋਂ ਇਸ ਮੌਕੇ 'ਤੇ ਜਨਾਬ ਰਾਜਿੰਦਰ ਪਰਦੇਸੀ ਦਾ ਫੁੱਲਾਂ ਦਾ ਗੁਲਦਸਤਾ ਤੇ ਦੁਸ਼ਾਲਾ ਭੇਟ ਕਰਕੇ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ

ਮੁੰਬਈ ਦੀ ਬਹੁਚਰਚਿਤ ਸ਼ਖ਼ਸੀਅਤ ਸਨਅਤਕਾਰ ਤੇ ਸ਼ਾਇਰ ਸ. ਤਰਲੋਕ ਸਿੰਘ ਭੁਰਜੀ ਉਰਫ਼ ਕੋਮਲ ਸਮਾਗਮ ਦੇ ਮੁੱਖ ਮਹਿਮਾਨ ਸਨ। ਸੁਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਸ੍ਰੀ ਸੁਰਿੰਦਰ ਕੋਹਲੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿਚ ਪੰਜਾਬੀ ਕਲਚਰਲ ਐਂਡ ਵੈਲਫੇਅਰ ਐਸੋਸੀਏਸ਼ਨ (ਰਜਿ.) ਨਵੀਂ ਮੁੰਬਈ ਦੇ ਚੇਅਰਮੈਨ (ਰਿਟਾ.) ਲੈਫ਼ਟੀਨੈਂਟ ਕਮਾਂਡਰ ਗੁਰਬਖ਼ਸ਼ ਸਿੰਘ, ਜਲੰਧਰ ਤੋਂ ਉਚੇਚੇ ਆਏ ਸ਼ਾਇਰ ਜਨਾਬ ਡੀ ਆਰ ਧਵਨ ਅਤੇ ਜਨਾਬ ਰਾਜਿੰਦਰ ਪਰਦੇਸੀ ਸ਼ਾਮਿਲ ਸਨ।

ਮਿਊਜ਼ਿਕ ਡਾਇਰੈਕਟਰ ਸ੍ਰੀ ਵਿਜੈ ਬਟਾਲਵੀ ਨੇ ਪੁਸਤਕਾਂ ਰਿਲੀਜ਼ ਹੋਣ ਉਪਰੰਤ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜਨਾਬ ਪਰਦੇਸੀ ਨੂੰ ਗੀਤ, ਨਜ਼ਮ ਅਤੇ ਗ਼ਜ਼ਲ ਲਿਖਣ ਵਿਚ ਇਕੋ ਜਿਹੀ ਮੁਹਾਰਤਾ ਹਾਸਿਲ ਹੈ ਤੇ ਪਰਦੇਸੀ ਹੁਰਾਂ ਦਾ ਇਕ ਸ਼ੇਅਰ-

ਮੰਨਿਆ ਕਿ ਸ਼ੌਕ ਤੇਰਾ ਦੀਵੇ ਜਗਾਉਣ ਦਾ ਹੈ
ਇਹ ਮੋਮ ਦਾ ਹੈ ਕਮਰਾ ਏਥੇ ਨਾ ਬਾਲ ਦੀਵੇ

ਦਾ ਜ਼ਿਕਰ ਕਰਦਿਆਂ ਕਿਹਾ ਕਿ ਆਧੁਨਿਕਤਾ ਦੀ ਹਲਕੀ ਹਲਕੀ ਪੁਠ ਦੇ ਨਾਲ-ਨਾਲ ਪਰਦੇਸੀ ਦੀ ਰਚਨਾ ਆਮ ਆਦਮੀ ਦੇ ਦਿਲ ਤੱਕ ਲਹਿ ਜਾਂਦੀ ਹੈ।

ਸਟੇਜ ਸੰਚਾਲਕ ਪ੍ਰਸਿੱਧ ਰੰਗਕਰਮੀ ਸ. ਬੀ. ਪੀ. ਸਿੰਘ ਨੇ ਰਾਜਿੰਦਰ ਪਰਦੇਸੀ ਨੂੰ ਸਟੇਜ 'ਤੇ ਆਉਣ ਦੀ ਦਾਅਵਤ ਦੇਣ ਤੋਂ ਪਹਿਲਾਂ 'ਵਿੱਥ' ਪੁਸਤਕ ਵਿਚੋਂ ਉਦਾਸ ਨਗ਼ਮਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਪੜ੍ਹਨ ਉਪਰੰਤ ਪ੍ਰਤੱਖ ਮਹਿਸੂਸ ਹੁੰਦਾ ਹੈ ਕਿ ਇਹ ਨਜ਼ਮ ਸਿੱਧੀ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਸੰਬੋਧਨ ਕੀਤੀ ਗਈ ਹੈ। ਰਾਜਿੰਦਰ ਪਰਦੇਸੀ ਨੇ 'ਗੀਤ ਕਰਨ ਅਰਜ਼ੋਈ' 'ਉਠ ਨੀ ਜਿੰਦੇ ਬਾਲ ਦੀਵਾ' ਅਤੇ ਇਕ ਗ਼ਜ਼ਲ ਸੁਣਾ ਕੇ ਸ੍ਰੋਤਿਆਂ ਦੀ ਭਰਪੂਰ ਦਾਦ ਖੱਟੀ।

ਇਸ ਮੌਕੇ 'ਤੇ ਜਨਾਬ ਡੀ ਆਰ ਧਵਨ, ਸ. ਤਰਲੋਕ ਸਿੰਘ ਕੋਮਲ, ਸ. ਹਰਭਜਨ ਸਿੰਘ ਜੋਗੀ, ਉਰਦੂ ਸ਼ਾਇਰ ਜਨਾਬ ਹਸਤੀ ਮਲ ਹਸਤੀ, ਸ੍ਰੀਮਤੀ ਬੰਸੀ ਸਿੰਘ, ਸੁਰਿੰਦਰ ਸਾਗਰ, ਦਰਸ਼ਨ ਮਿਤਵਾ, ਦਰਸ਼ਨ ਰਾਹੀ, ਇਕਬਾਲ ਸਿੰਘ ਚੰਦਨ, ਨੰਦ ਲਾਲ ਥਾਪਰ, ਕੁਲਦੀਪ ਸਿੰਘ ਦੀਪ, ਤਰਲੋਚਨ ਸਿੰਘ ਅਰੋੜਾ, ਪ੍ਰਸਿੱਧ ਪੱਤਰਕਾਰ ਤੇ ਸ਼ਾਇਰ ਸ੍ਰੀ ਅਮਰ ਤ੍ਰਿਪਾਠੀ ਨੇ ਆਪਣੀ ਰਚਨਾਵਾਂ ਸੁਣਾ ਕੇ ਕਵੀ ਦਰਬਾਰ ਦਾ ਖ਼ੂਬ ਰੰਗ ਬੰਨ੍ਹਿਆ।

ਇਸ ਸਮਾਗਮ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਰਾਮਗੜ੍ਹੀਆ ਬੁੰਗਾ ਕਮੇਟੀ ਨਾਂਦੇੜ ਦੇ ਚੇਅਰਮੈਨ ਸ. ਅਜੀਤ ਸਿੰਘ ਖੋਖਰ, ਸਾਬਕਾ ਪ੍ਰਧਾਨ ਗੁਰਦੁਆਰਾ ਗੁਰੂ ਨਾਨਕ ਪੰਜਾਬੀ ਸਭਾ, ਅੰਧੇਰੀ ਸ. ਗੁਰਨਾਮ ਸਿੰਘ ਹੋਤੀ, ਕਾਂਗਰਸ ਆਗੂ ਸ੍ਰੀ ਸ਼ਿਵਜੀ ਸਿੰਘ, ਫ਼ੈਸ਼ਨ ਫੋਟੋਗ੍ਰਾਫਰ ਸ. ਅੰਗਦ ਸਿੰਘ, ਸ. ਦੇਸ਼ਬੀਰ ਸਿੰਘ, ਸ. ਹਰਜਿੰਦਰ ਸਿੰਘ ਗੁਲਾਟੀ, ਜਯੋਤੀ ਪ੍ਰਕਾਸ਼ ਭਗਤ ਦੇ ਨਾਂ ਜ਼ਿਕਰਯੋਗ ਹਨ।

ਦਿੱਲੀ ਯੂਨੀਵਰਸਿਟੀ ਪੰਜਾਬੀ ਵਿਭਾਗ ਵਲੋਂ ਸੈਮੀਨਾਰ

ਦਿੱਲੀ – ਦਿੱਲੀ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਆਪਣੀਆਂ ਅਕਾਦਮਕ ਸਰਗਰਮੀਆਂ ਦੇ ਨਾਲ ਨਾਲ, ਪੰਜਾਬੀ ਮਾਂ-ਬੋਲੀ ਤੇ ਸਭਿਆਚਾਰ ਦੇ ਬਹੁ-ਪੱਖੀ ਪ੍ਰਚਾਰ ਤੇ ਪ੍ਰਸਾਰ ਲਈ ਹਮੇਸ਼ਾਂ ਉੱਦਮਸ਼ੀਲ ਰਿਹਾ ਹੈ। ਸ਼ਾਇਦ ਇਸੇ ਕਰਕੇ, ਇਸ ਦਾ ਨਾਂ 'ਦਿੱਲੀ ਸਕੂਲ ਆਫ਼ ਪੰਜਾਬੀ ਕ੍ਰਿਟੀਸਿਜ਼ਮ' ਵੀ ਪਿਆ। ਇਸ ਵਿਭਾਗ ਵਲੋਂ ਪੰਜਾਬੀ ਅਕਾਦਮੀ, ਦਿੱਲੀ ਦੀ ਮਦਦ ਨਾਲ 'ਪੰਜਾਬੀ ਸਭਿਆਚਾਰ ਅਤੇ ਮੀਡੀਆ-ਅੰਤਰ-ਸੰਵਾਦ' ਵਿਸ਼ੇ 'ਤੇ ਆਯੋਜਿਤ ਕੀਤਾ ਗਿਆ ਰਾਸ਼ਟਰੀ ਪੱਧਰ ਦਾ ਦੋ-ਰੋਜ਼ਾ ਸੈਮੀਨਾਰ, ਇਨ੍ਹਾਂ ਸਰਗਰਮੀਆਂ ਵਿਚ ਇਕ ਨਵਾਂ ਆਯਾਮ ਜੋੜ ਗਿਆ। ਜਿਸ ਸਲੀਕੇ ਤੇ ਅਨੁਸ਼ਾਸਨ ਨਾਲ ਇਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਉਸਦੀ ਹਰ ਤਰਫ਼ ਪ੍ਰਸ਼ੰਸਾ ਹੋ ਰਹੀ ਹੈ।

ਵਿਦਿਆਰਥੀਆਂ, ਅਧਿਆਪਕਾਂ ਤੇ ਲੇਖਕਾਂ ਵਲੋਂ ਇਸ ਸੈਮੀਨਾਰ ਨੂੰ ਭਰਵਾਂ ਹੁੰਗਾਰਾ ਮਿਲਿਆ। ਸੈਮੀਨਾਰ ਦਾ ਆਗਾਜ਼ ਡੀਨ ਆਰਟਸ ਪ੍ਰੋ. ਐੱਚ. ਐੱਸ ਪ੍ਰਸਾਦ ਦੇ ਚਿੰਤਨਸ਼ੀਲ ਭਾਸ਼ਣ ਨਾਲ ਹੋਇਆ ਅਤੇ ਮਗਰੋਂ, ਪੰਜਾਬੀ ਅਕਾਦਮੀ, ਦਿੱਲੀ ਦੇ ਸਕੱਤਰ ਡਾ. ਰਵੇਲ ਸਿੰਘ ਨੇ 'ਮੀਡੀਆ ਅਤੇ ਚੁਣੌਤੀਆਂ' ਵਿਸ਼ੇ ਉਪਰ ਆਪਣਾ ਬਹੁਤ ਹੀ ਅਰਥ ਭਰਪੂਰ ਅਤੇ ਚੇਤਨਾ ਨੂੰ ਉਤੇਜਿਤ ਕਰਨ ਵਾਲਾ ਕੁੰਜੀਵਤ ਭਾਸ਼ਣ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਅਖ਼ਬਾਰ, ਟੀ. ਵੀ. ਚੈੱਨਲ, ਰੇਡੀਓ, ਇੰਟਰਨੈੱਟ, ਸੋਸ਼ਲ ਨੈੱਟਵਰਕਿੰਗ, ਬਲੌਗਿੰਗ ਆਦਿ ਨੇ ਮੀਡੀਆ ਨੂੰ ਨਵੇਂ ਆਯਾਮ ਦਿੱਤੇ ਹਨ। ਮੀਡੀਏ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਸਵੀਕਾਰ ਕਰਦਿਆਂ ਡਾ. ਰਵੇਲ ਸਿੰਘ ਨੇ, ਸਮੇਂ ਸਮੇਂ ਇਸ ਖੇਤਰ ਵਿਚ ਆਏ ਉਤਾਰ-ਚੜ੍ਹਾਵਾਂ ਅਤੇ ਦਰਪੇਸ਼ ਚੁਣੌਤੀਆਂ ਉਪਰ ਸੰਕਲਪਸ਼ੀਲ ਟਿੱਪਣੀਆਂ ਪੇਸ਼ ਕੀਤੀਆਂ। ਸੈਮੀਨਾਰ ਦੀ ਅਗਲੀ ਬੈਠਕ ਦੀ ਪ੍ਰਧਾਨਗੀ 'ਜੱਗ ਬਾਣੀ' ਦੇ ਸੰਪਾਦਕ ਡਾ. ਕੁਲਦੀਪ ਸਿੰਘ ਬੇਦੀ ਨੇ ਕੀਤੀ ਅਤੇ 'ਪੰਜਾਬੀ ਮੀਡੀਆ ਅਤੇ ਸਭਿਆਚਾਰਕ ਰੂਪਾਂਤਰਣ' ਵਿਸ਼ੇ ਉਪਰ ਆਪਣਾ ਖੋਜ ਭਰਪੂਰ ਪੇਪਰ ਵੀ ਪੇਸ਼ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ. ਭੀਮ ਇੰਦਰ ਸਿੰਘ ਨੇ 'ਵਿਸ਼ਵੀਕਰਨ ਅਤੇ ਪੰਜਾਬੀ ਮੀਡੀਆ' ਵਿਸ਼ੇ ਉੱਪਰ ਬੋਲਦਿਆਂ, ਕਈ ਮਹੱਤਵਪੂਰਨ ਵਿਚਾਰਾਂ ਨੂੰ ਉਤੇਜਿਤ ਕਰਨ ਵਾਲੇ ਨੁਕਤੇ ਉਭਾਰੇ। ਯੂ. ਐੱਨ. ਆਈ. ਦੇ ਸਾਬਕਾ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ "ਪੰਜਾਬੀ ਮੀਡੀਆ - ਖਪਤਕਾਰੀ ਸਭਿਆਚਾਰ' ਵਿਸ਼ੇ ਉਪਰ ਚਰਚਾ ਕਰਦਿਆਂ ਦੱਸਿਆ ਕਿ ਕਿਵੇਂ ਮੀਡੀਆ ਖਪਤਕਾਰੀ-ਸਭਿਆਚਾਰ ਦਾ ਨਿਰਮਾਣ ਕਰ ਰਿਹੇ ਅਤੇ ਲੋਕਤੰਤਰ ਦੇ ਥੰਮ੍ਹਾਂ ਨੂੰ ਪ੍ਰਭਾਵਿਤ ਕਰ ਰਿਹੇ। ਇਨ੍ਹਾਂ ਪਰਚਿਆਂ ਉਪਰ ਹੋਈ ਬਹਿਸ ਵਿਚ ਦੇਸ ਰਾਜ ਕਾਲੀ, ਹਰਵਿੰਦਰ ਸਿੰਘ, ਮਨੀਸ਼ ਕੁਮਾਰ, ਤਰਵਿੰਦਰ ਕੌਰ, ਦੀਪਾ ਕੁਮਾਰ, ਡਾ. ਜ਼ੋਰਵਿੰਦਰ ਕੌਰ (ਯੂ.ਕੇ.) ਆਦਿ ਨੇ ਭਾਗ ਲਿਆ।

ਸੈਮੀਨਾਰ ਦਾ ਆਰੰਭ ਡਾ. ਮਨਜੀਤ ਸਿੰਘ (ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀ.) ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਵਿਭਾਗ ਦੀਆਂ ਅਕਾਦਮਕ ਗਤੀਵਿਧੀਆਂ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੱਸਿਆ ਕਿ ਵਿਭਾਗ ਜਲਦੀ ਹੀ ਪੰਜਾਬੀ ਮੀਡੀਆ ਨਾਲ ਸੰਬੰਧਤ (ਡਿਪਲੋਮਾ ਤੇ ਐਡਵਾਂਸ ਡਿਪਲੋਮਾ) ਦੇ ਨਵੇਂ ਕੋਰਸ ਸ਼ੁਰੂ ਕਰਨ ਜਾ ਰਿਹਾ ਹੈ। ਇਸੇ ਦੌਰਾਨ, ਪੰਜਾਬੀ ਵਿਭਾਗ ਦੇ ਪ੍ਰਸ਼ਾਸਨੀ ਅਮਲੇ ਦੀ ਸਾਬਕਾ ਇੰਚਾਰਜ ਸ੍ਰੀਮਤੀ ਬਿਮਲਾ ਗੁਰੁੰਗ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ।

ਸੈਮੀਨਾਰ ਦੀ ਅਗਲੀ ਬੈਠਕ ਦੀ ਪ੍ਰਧਾਨਗੀ ਜ਼ੀ-ਪੰਜਾਬੀ ਚੈੱਨਲ ਦੇ ਮੁੱਖ-ਸੰਪਾਦਕ ਸ਼੍ਰੀ ਸੰਜੇ ਵੋਹਰਾ ਨੇ ਕੀਤੀ ਅਤੇ ਇਸ ਬੈਠਕ ਵਿਚ ਦੂਰਦਰਸ਼ਨ ਦੇ ਅਸਿਸਟੈਂਟ ਸਟੇਸ਼ਨ ਡਾਇਰੈਕਟਰ ਤੇ 'ਪੰਜਾਬੀ ਦਰਪਣ' ਪ੍ਰੋਗਰਾਮ ਦੇ ਇੰਚਾਰਜ ਸ੍ਰੀ ਰਣਬੀਰ ਸਾਰੰਗ ਨੇ 'ਟੈਲੀਵਿਜ਼ਨ-ਸਾਰਥਕਤਾ ਦੇ ਬਦਲਦੇ ਪਰਿਪੇਖ' ਵਿਸ਼ੇ ਉਪਰ ਬੋਲਦਿਆਂ, ਟੈਲੀਵਿਜ਼ਨ ਦੇ ਇਤਿਹਾਸ, ਤਕਨੀਕੀ ਪੱਖਾਂ ਅਤੇ ਇਸ ਦੀ ਅਜੋਕੀ ਸਾਰਥਕਤਾ ਉਪਰ ਕਈ ਅਹਿਮ ਨੁਕਤੇ ਸਾਂਝੇ ਕੀਤੇ। ਜ਼ੀ-ਪੰਜਾਬੀ ਦੇ 'ਏਕੰਕਾਰ' ਪ੍ਰੋਗਰਾਮ ਦੇ ਇੰਚਾਰਜ ਤੇ ਕਲਾਕਾਰ ਸ. ਗੁਰਪ੍ਰੀਤ ਸਿੰਘ ਨੇ 'ਮਲਟੀ-ਮੀਡੀਆ ਅਤੇ ਧਰਮ' ਵਿਸ਼ੇ ਉਪਰ ਕਈ ਅਹਿਮ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ। ਇਸੇ ਬੈਠਕ ਦੇ ਦੌਰਾਨ 'ਭਾਸਕਰ ਟਾਈਮਜ਼' ਰੋਜ਼ਾਨਾ ਅਖ਼ਬਾਰ (ਜਲੰਧਰ) ਨਾਲ ਸੰਬੰਧਤ ਲੇਖਕ ਤੇ ਪੱਤਰਕਾਰ ਸ੍ਰੀ ਦੇਸ ਰਾਜ ਕਾਲੀ ਨੇ 'ਮੀਡੀਆ ਦੇ ਪੰਜਾਬੀ ਸਭਿਆਚਾਰ ਤੇ ਭਾਸ਼ਾ ਉਪਰ ਪ੍ਰਭਾਵ' ਵਿਸ਼ੇ ਉਪਰ ਬੋਲਦਿਆਂ ਇਹ ਆਵਾਜ਼ ਬੁਲੰਦ ਕੀਤੀ ਕਿ ਮੀਡੀਏ ਦਾ ਵਪਾਰੀਕਰਨ ਨਾ ਰੋਕਿਆ ਗਿਆ ਤਾਂ ਭਵਿਖ ਵਿਚ ਇਸ ਦੇ ਮਾੜੇ ਨਤੀਜੇ ਨਿਕਲਣਗੇ। ਇਨ੍ਹਾਂ ਪਰਚਿਆਂ ਉਪਰ ਵੀ ਨਿੱਠ ਕੇ ਚਰਚਾ ਹੋਈ।

ਦੂਸਰੇ ਦਿਨ ਦੀ ਪਹਿਲੀ ਬੈਠਕ ਦੀ ਪ੍ਰਧਾਨਗੀ ਚੰਡੀਗੜ੍ਹ ਤੋਂ ਆਏ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸ੍ਰੀ ਵਰਿੰਦਰ ਸਿੰਘ 'ਵਾਲੀਆ' ਨੇ ਕੀਤੀ ਅਤੇ ਇਸ ਬੈਠਕ ਵਿਚ, ਆਲ ਇੰਡੀਆ ਰੇਡੀਉ (ਚੰਡੀਗੜ੍ਹ) ਦੇ ਪੱਤਰਕਾਰ ਸ੍ਰੀ ਅਮਰਜੀਤ ਸਿੰਘ. ਵੜੈਚ ਨੇ 'ਪੰਜਾਬੀ ਮੀਡੀਆ ਦੇ ਸਭਿਆਚਾਰਕ ਸਰੋਕਾਰਾਂ', ਹਿੰਦੁਸਤਾਨ ਟਾਈਮਜ਼ (ਚੰਡੀਗੜ੍ਹ) ਦੇ ਬਿਊਰੋ ਮੁਖੀ ਸ੍ਰੀ ਮਨਪ੍ਰੀਤ ਰੰਧਾਵਾ ਨੇ 'ਲੋਕਤੰਤਰ ਨੂੰ ਸ਼ਕਤੀਸ਼ਾਲੀ ਬਣਾਉਣ ਵਿਚ ਮੀਡੀਆ ਦੀ ਭੂਮਿਕਾ', ਅੰਮ੍ਰਿਤਸਰ ਪੋਸਟ ਦੇ ਮੁੱਖ ਸੰਪਾਦਕ ਡਾ. ਚਰਨਜੀਤ ਸਿੰਘ ਗੁਮਟਾਲਾ (ਯੂ. ਐੱਸ. ਏ.) ਨੇ 'ਮੀਡੀਆ ਅਤੇ ਇੰਟਰਨੈੱਟ' ਵਿਸ਼ੇ ਉਪਰ ਖੋਜ-ਪੱਤਰ ਪੇਸ਼ ਕੀਤੇ। ਇਨ੍ਹਾਂ ਖੋਜ-ਪੱਤਰਾਂ ਉਪਰ ਨਿੱਠ ਕੇ ਚਰਚਾ ਹੋਈ ਜਿਸ ਵਿਚ ਡਾ. ਜਗਬੀਰ ਸਿੰਘ, ਪ੍ਰੋ. ਕੁਲਜੀਤ ਸ਼ੈਲੀ, ਰਮਨਦੀਪ ਕੌਰ, ਡਾ. ਮਨਜੀਤ ਸਿੰਘ, ਲਖਵੀਰ ਸਿੰਘ, ਡਾ. ਅਸ਼ਮਿਤਾ ਮਿਸ਼ਰਾ, ਗੁਰਦੀਪ ਕੌਰ ਆਦਿ ਨੇ ਭਾਗ ਲਿਆ।

ਸੈਮੀਨਾਰ ਦੀ ਆਖਰੀ ਬੈਠਕ ਦੀ ਪ੍ਰਧਾਨਗੀ 'ਪੰਜਾਬੀ-ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਕੀਤੀ ਅਤੇ ਇਸ ਬੈਠਕ ਵਿਚ ਮੁੰਬਈ ਤੋਂ ਆਏ ਫ਼ਿਲਮਕਾਰ ਤੇ ਸਕਰਿਪਟ ਰਾਈਟਰ ਸ੍ਰੀ ਅਮਰੀਕ ਗਿੱਲ ਨੇ ਮਲਟੀਮੀਡੀਆ ਸ਼ੋਅ ਦੇ ਤਕਨੀਕੀ ਪੱਖਾਂ ਉਪਰ ਪੂਰੇ ਵਿਸਥਾਰ ਨਾਲ ਚਰਚਾ ਕੀਤੀ।

-ਡਾ. ਕੁਲਵੀਰ













ਰਾਜਿੰਦਰ ਪਰਦੇਸੀ ਦੀਆਂ ਪੁਸਤਕਾਂ ਰਿਲੀਜ਼ ਕਰਦੇ ਹੋਏ ਲੈਫਟੀਨੈਂਟ ਕਮਾਂਡਰ ਗੁਰਬਖਸ਼ ਸਿੰਘ, ਅਜੀਤ ਸਿੰਘ ਖੋਖਰ, ਵਿਜੈ ਬਟਾਲਵੀ, ਰਾਜਿੰਦਰ ਪਰਦੇਸੀ, ਸੁਰਿੰਦਰ ਕੋਹਲੀ, ਹਰਭਜਨ ਸਿੰਘ ਜੋਗੀ, ਤਰਲੋਕ ਸਿੰਘ ਭੁਰਜੀ, ਡੀ. ਆਰ ਧਵਨ, ਪਰਮਜੀਤ ਸਿੰਘ ਠੁਕਰਾਲ ਅਤੇ ਬੀ. ਪੀ. ਸਿੰਘ।



ਦਿੱਲੀ ਵਿਚ 'ਸੁੱਚੇ ਮੋਤੀ' ਪੁਸਤਕ ਦੇ ਪ੍ਰਕਾਸ਼ਮਾਨ ਦਾ ਇਕ ਦ੍ਰਿਸ਼। ਤਸਵੀਰ 'ਚ ਪ੍ਰੋ. ਐੱਚ. ਐੱਸ. ਪ੍ਰਸਾਦ, ਡਾ. ਮਨਜੀਤ ਸਿੰਘ, ਪ੍ਰੋ. ਕੁਲਜੀਤ ਸ਼ੈਲੀ, ਡਾ. ਹਰਮੀਤ ਸਿੰਘ, ਡਾ. ਕੁਲਦੀਪ ਸਿੰਘ ਬੇਦੀ, ਸ. ਕਰਮਜੀਤ ਸਿੰਘ, ਡਾ. ਜਸਪਾਲ ਕੌਰ ਤੇ ਡਾ. ਕੁਲਵੀਰ ਆਦਿ ਵਿਖਾਈ ਦੇ ਰਹੇ ਹਨ।

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
May 2011

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289